
ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ



# ਜੀਵਨੀ

## ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ

ਮਹਾਰਾਜ ਤਰਲੋਚਨ ਦਰਸ਼ਨ ਦਾਸ ਜੀ

ਧੰਨ ਦਰਸ਼ਨ

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ

# ਜੀਵਨੀ

## ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ

ਪ੍ਰਕਾਸ਼ਨ ਅਤੇ ਜਾਰੀ ਕਰਤਾ:

**ਸੱਚਖੰਡ ਨਾਨਕ ਧਾਮ**

ਇੰਦਰਾ ਪੂਰੀ, ਲੋਨੀ

ਜ਼ਿਲ੍ਹਾ ਗਾਜ਼ੀਆਬਾਦ, ਉਤਰ ਪ੍ਰਦੇਸ਼

ਸਭ ਹੱਕ ਕਰਤਾ ਦੇ ਰਾਖਵੇਂ ਹਨ।

ਸੰਪਾਦਕ :
ਦਾਸ ਪਰਮਜੀਤ

ਸੰਪਾਦਕੀ ਮੰਡਲ :
ਦਾਸ ਸ਼ਿਵ ਦੇਵ
ਦਾਸ ਗੁਲਾਮ ਅਲੀ

ਪਹਿਲਾ ਪ੍ਰਕਾਸ਼ਨ - 2007
ਦੂਜਾ ਪ੍ਰਕਾਸ਼ਨ - 2008

# ਤਤਕਰਾ


ਭੂਮਿਕਾ

ਭਾਗ–1

ਜੀਵਨੀ : ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ 8

ਭਾਗ–2

ਰਹਿਮਤਾਂ ਦੇ ਸਾਗਰ ਚੋਂ–

1. ਖੂਹ ਵਿੱਚ ਡਿੱਗੀ ਮੱਝ ਨੂੰ ਕੱਢਣਾ 54
2. ਪਰੀ ਨੂੰ ਮਾਤ ਲੋਕ ਤੋਂ ਮੁਕਤੀ 55
3. ਅਨਾਜ ਦੇ ਭੜੋਲੇ ਨੂੰ ਵਰਦਾਨ ਦੇਣਾ 58
4. ਟੈਂਕੀ 'ਚ ਫੂਕ ਮਾਰ ਕੇ ਮੋਟਰ–ਸਾਈਕਲ ਚਲਾਣਾ 60
5. ਸਹੁਰੇ ਘਰ ਵਿਚ ਸੇਵਕਾਂ ਨੂੰ ਖਾਣਾ ਖਿਲਾਣਾ 62
6. ਸਰਬਜੀਤ ਦੀ ਥਾਂ ਆਪ ਜਾ ਕੇ ਹਾਜ਼ਰੀ ਭਰਨਾ 64
7. ਰੂਹ ਦਾ ਪਲਟਾਣਾ 67
8. ਮੁਰਦੇ ਨੂੰ ਜੀਵਨ ਦਾਨ 69
9. ਜਨਮ ਮਰਣ ਤੋਂ ਮੁਕਤੀ 72
10. ਬੌਬ ਨੂੰ ਅਪਾਹਿਜ ਹੋਣ ਤੋਂ ਬਚਾਉਣਾ 75
11. ਜੌਰਜ ਬਾਬਾ ਜੀ ਦਾ ਦੁੱਖ ਕੱਟਣਾ 77
12. ਪੂਰਣ ਮਹਾਪੁਰਖ ਦੇ ਰੂਪ ਵਿਚ ਮਿਲਣਾ 79
13. ਪਾਣੀ ਨਾਲ ਗੱਡੀ ਚਲਾਣਾ 82
14. ਉਂਗਲੀ ਦੇ ਇਸ਼ਾਰੇ ਨਾਲ ਪੈਟ੍ਰੋਲ ਪਾਣਾ 84
15. ਪਰਤੱਖ ਪ੍ਰਮਾਣ 85
16. ਅੰਤਰਯਾਮੀ 87
17. ਮਾਰਗ–ਦਰਸ਼ਕ 92

18. ਅਨਾਥਾਂ ਦੇ ਨਾਥ 98
19. ਅੰਦਰਲੀ ਅਵਾਜ਼ ਨੂੰ ਸੁਣਨ ਵਾਲੇ 100
20. ਅਕਾਸ਼ ਮੰਡਲ ਤੋਂ ਪ੍ਰਸਾਦ ਦਾ ਮਿਲਣਾ 102
21. ਪਰੀਖਿਆ ਤੋਂ ਇਕ ਦਿਨ ਪਹਿਲਾਂ ਪ੍ਰਸ਼ਨ-ਪੱਤਰ ਦਾ ਦਿਖਾਣਾ 104
22. ਸਟੋਵ ਦੇ ਬਹਾਨੇ ਦੁੱਖ ਦੂਰ ਕਰਨਾ 108
23. ਔਲਾਦ ਦਾ ਸੁੱਖ ਮਿਲਿਆ 112
24. ਸੇਵਾ ਨਾਲ ਸਾਡੀ ਤਕਦੀਰ ਬਦਲੀ 115
25. ਮੁਸ਼ਕਿਲ ਸਮੇਂ ਵਿਚ ਆਰਥਿਕ ਮਦਦ ਕਰਨਾ 122
26. ਝੂਠ ਬੋਲਣ ਦੀ ਸਜ਼ਾ 126
27. ਰੁਮਾਲ ਨਾਲ ਡੈਡੀ ਦਾ ਦਰਦ ਠੀਕ ਕੀਤਾ 128
28. ਘਰ ਦਾ ਸਮਾਨ ਗਿਣ ਕੇ ਦੱਸ ਦੇਣਾ 131
29. ਆਪਣੀ ਪ੍ਰਸਿੱਧੀ ਤੋਂ ਗੁਰੇਜ਼ ਕਰਨਾ 142

# ਭੂਮਿਕਾ

ਲੰਬੇ ਅਰਸੇ ਤੋਂ ਸੰਗਤ ਵਲੋਂ ਇਹ ਮੰਗ ਕੀਤੀ ਜਾ ਰਹੀਂ ਸੀ, ਇਕ ਅਜਿਹੀ ਕਿਤਾਬ ਤਿਆਰ ਕੀਤੀ ਜਾਵੇ ਜਿਸ ਵਿਚ ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ ਦੇ ਜੀਵਨ ਦਾ ਵਰਣਨ ਕੀਤਾ ਗਿਆ ਹੋਵੇ ਅਤੇ ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ ਨੇ ਆਪਣੇ ਜੀਵਨ ਵਿਚ ਜੋ ਬੇਅੰਤ ਲੀਲਾਵਾਂ ਖੇਡੀਆਂ, ਉਹਨਾਂ ਨੂੰ ਲਿਖਿਤ ਰੂਪ ਵਿਚ ਪੇਸ਼ ਕੀਤਾ ਜਾਵੇ। ਇਸ ਮੰਗ ਨੂੰ ਮੁੱਖ ਰਖਦਿਆਂ ਹਜ਼ੂਰ ਮਹਾਰਾਜ ਤਰਲੋਚਨ ਦਰਸ਼ਨ ਦਾਸ ਜੀ ਨੇ ਉਪਰਾਲਾ ਕੀਤਾ, ਜਿਸ ਦੇ ਫਲਸਰੂਪ ''ਜੀਵਨੀ : ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ'' ਨਾਂ ਦੀ ਇਹ ਕਿਤਾਬ ਸੰਗਤ ਨੂੰ ਭੇਟ ਹੈ।

ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ ਦੀ ਇਹ ਜੀਵਨੀ ਸਿਰਫ ਉਹਨਾਂ ਦੇ ਜਨਮ ਤੋਂ ਲੈ ਕੇ ਅਖੀਰਲੇ ਸਮੇਂ ਤਕ ਦਾ ਵੇਰਵਾ ਨਹੀਂ ਹੈ, ਸਗੋਂ ਇਹ ਉਹਨਾਂ ਦੀ 34 ਵਰ੍ਹਿਆਂ ਦੀ ਜਿੰਦਗੀ ਦੀਆਂ ਘੜੀਆਂ ਹਨ, ਜੋ ਉਹਨਾਂ ਦੇ ਲੋਕ ਭਲਾਈ ਤੇ ਸਰਬਤ ਦੇ ਭਲੇ ਨੂੰ ਸਮਰਪਿਤ ਕੀਤੀਆਂ ਤੇ ਆਪਣੀ ਜਿਦੰਗੀ ਦੇ ਇੱਕ ਇੱਕ ਪਲ ਦਾ ਤਿਆਗ ਕੀਤਾ।

ਇਸ ਪੁਸਤਕ ਦੇ ਪਹਿਲੇ ਭਾਗ ਵਿੱਚ ਹਜ਼ੂਰ ਮਹਾਰਾਜ ਤਰਲੋਚਨ ਦਰਸ਼ਨ ਦਾਸ ਜੀ ਨੇ ਇਹ ਖੁਲਾਸਾ ਕੀਤਾ ਹੈ ਕਿ ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ ਰੱਬ ਦੇ ਘਰ ਤੋਂ ਆਈ ਤਾਕਤ ਸਨ ਤੇ ਉਹਨਾਂ ਦਾ ਇਸ ਧਰਤੀ ਤੇ ਆਉਣ ਦਾ ਇੱਕ ਖਾਸ ਮਕਸਦ ਸੀ। ਇਸੇ ਮਕਸਦ ਦੇ ਅਧੀਨ ਹੀ ਆਪ ਜੀ ਨੇ ਸੱਚਖੰਡ ਨਾਨਕ ਧਾਮ ਦੀ ਸਥਾਪਨਾ ਕੀਤੀ। ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ ਨੇ 'ਦਾਸ ਧਰਮ' ਸਜਾ ਕੇ ਅਤੇ ''ਯਸ਼ਵੰਤੀ ਨਿਰਾਧਾਰ ਧਾਮ ਪਹਿਲਾ'' ਦੇ ਰੂਪ ਵਿੱਚ ਬਾਣੀ ਦੀ ਰਚਨਾ ਕਰਕੇ ਆਪਣੇ ਮਹਾਪੁਰਖ ਹੋਣ ਦਾ ਪ੍ਰਤੱਖ ਪ੍ਰਮਾਣ ਦਿੱਤਾ ਹੈ।

ਪਰ ਅਜਿਹੇ ਪੂਰਣ ਮਹਾਪੁਰਖਾਂ ਨੂੰ ਪਛਾਣ ਸਕਣਾ ਸਧਾਰਣ ਜੀਵਾਂ ਲਈ ਸੰਭਵ ਨਹੀਂ ਹੈ ਕਿਉਂਕਿ ਆਮ ਜੀਵਾਂ ਦੀ ਬੁੱਧੀ ਤਾਂ ਸਿਰਫ ਦੁਨਿਆਵੀ ਸੋਚਾਂ ਤਕ ਹੀ ਸੀਮਿਤ ਹੁੰਦੀ ਹੈ। ਪੂਰਣ ਮਹਾਪੁਰਖ ਇਸ ਦੁਨਿਆਵੀ ਸੋਚ ਨੂੰ

ਖ਼ਤਮ ਕਰਕੇ ਜੀਵਾਂ ਅੰਦਰ ਰੱਬੀ ਸੋਚ ਪੈਦਾ ਕਰਦੇ ਹਨ ਤੇ ਉਹਨਾਂ ਨੂੰ ਰੱਬ ਦੇ ਰਸਤੇ ਤੇ ਤੋਰਦੇ ਹਨ। ਇਸ ਲਈ ਉਹ ਅਜਿਹੀਆਂ ਲੀਲਾਵਾਂ ਜਾਂ ਕੌਤਕ ਕਰਦੇ ਹਨ ਤਾਂ ਕਿ ਸਾਨੂੰ ਇਹ ਪਤਾ ਲੱਗ ਜਾਵੇ ਕਿ ਉਹ ਰੱਬ ਦਾ ਹੀ ਰੂਪ ਹਨ ਅਤੇ ਵਿਸ਼ੇ ਵਿਕਾਰਾਂ ਵਿਚ ਸੜ ਰਹੀਆਂ ਜੀਵ ਆਤਮਾਵਾਂ ਨੂੰ ਸੁਧਾਰ ਕੇ ਰੱਬ ਦੇ ਰਾਹ ਤੇ ਤੋਰਨ ਦਾ ਮਕਸਦ ਲੈ ਕੇ ਧਰਤੀ ਤੇ ਆਏ ਹਨ। ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ ਨੇ ਆਪਣੀ ਜਿੰਦਗੀ ਦੇ 34 ਵਰ੍ਹਿਆਂ ਵਿੱਚ ਇੰਨੀਆਂ ਲੀਲਾਵਾਂ ਖੇਡੀਆਂ, ਇੰਨੇ ਕੌਤਕ ਕੀਤੇ ਤੇ ਇੰਨੀਆਂ ਰਹਿਮਤਾਂ ਵਰਤਾਈਆਂ ਕਿ ਜੇ ਉਹਨਾਂ ਨੂੰ ਇਕੱਠੇ ਕਰਕੇ ਛਾਪਿਆ ਜਾਵੇ ਤਾਂ ਅਨੇਕ ਗ੍ਰੰਥ ਤਿਆਰ ਹੋ ਸਕਦੇ ਹਨ। ਹਜ਼ੂਰ ਮਹਾਰਾਜ ਤਰਲੋਚਨ ਦਰਸ਼ਨ ਦਾਸ ਜੀ ਨੇ ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ ਦੇ ਇਸ ਰਹਿਮਤਾਂ ਦੇ ਅਥਾਹ ਸਾਗਰ ਵਿੱਚੋਂ ਕੁਝ ਮੋਤੀ ਸਾਖੀਆਂ ਦੇ ਰੂਪ ਵਿੱਚ ਇਕੱਠੇ ਕੀਤੇ ਹਨ। ਇਹ ਸਾਖੀਆਂ ਸੇਵਕਾਂ ਦੀਆ ਹੱਡ ਬੀਤੀਆਂ ਤੇ ਆਪਣੇ ਮੁਰਸ਼ਦ ਦੀਆਂ ਅਭੁੱਲ ਯਾਦਾਂ ਹਨ, ਜੋ ਹੁਣ ਤਕ ਉਹਨਾਂ ਨੇ ਦਿਲ ਵਿਚ ਸਾਂਭ ਕੇ ਰੱਖੀਆਂ ਸਨ, ਉਹ ਪਾਠਕਾਂ ਦੇ ਸਾਹਮਣੇ ਲਿਖਿਤ ਰੂਪ ਵਿੱਚ ਪੇਸ਼ ਹਨ।

ਜਿਹਨਾਂ ਸੇਵਕਾਂ ਨੇ ਆਪਣੀ ਸਾਖੀਆਂ, ਹਜ਼ੂਰ ਮਹਾਰਾਜ ਤਰਲੋਚਨ ਦਰਸ਼ਨ ਦਾਸ ਜੀ ਦੇ ਸਨਮੁੱਖ ਸੁਣਾ ਕੇ ਇਸ ਪੁਸਤਕ ਨੂੰ ਤਿਆਰ ਕਰਨ ਵਿਚ ਸਹਿਯੋਗ ਦਿੱਤਾ, ਅਸੀਂ ਉਹਨਾਂ ਸੇਵਕਾਂ ਦੇ ਬਹੁਤ ਧੰਨਵਾਦੀ ਹਾਂ। ਇਹਨਾਂ ਸਾਖੀਆਂ ਨੂੰ ਬਿਆਨ ਕਰਨ ਵਿਚ ਜੇ ਕਿਤੇ ਕੋਈ ਗਲਤੀ ਹੋ ਗਈ ਹੋਵੇ ਤਾਂ ਅਸੀਂ ਉਹਨਾਂ ਤੋਂ ਮਾਫੀ ਚਾਹੁੰਦੇ ਹਨ।

ਅਖੀਰ ਵਿਚ ਸੰਗਤ ਅੱਗੇ ਬੇਨਤੀ ਹੈ ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ ਦੀ ਕੋਈ ਰਹਿਮਤ ਉਹਨਾਂ ਨੂੰ ਪ੍ਰਾਪਤ ਹੋਈ ਹੋਵੇ ਜਾਂ ਮਹਾਰਾਜ ਜੀ ਦਾ ਕੋਈ ਕੌਤਕ ਵੇਖਣ ਨੂੰ ਮਿਲਿਆ ਹੋਵੇ ਤਾਂ ਉਹ ਸੰਪਾਦਕੀ ਮੰਡਲ ਨਾਲ ਸੰਪਰਕ ਕਰਨ ਤਾਂ ਕਿ ਆਉਣ ਵਾਲੇ ਸਮੇ ਵਿੱਚ ਇਸੇ ਕਿਤਾਬ ਦੇ ਅਗਲੇ ਭਾਗ ਵਿੱਚ ਉਹਨਾਂ ਨੂੰ ਸ਼ਾਮਿਲ ਕੀਤਾ ਜਾ ਸਕੇ।

ਦਾਸ ਪਰਮਜੀਤ

ਸੰਪਾਦਕ, ਸੱਚਖੰਡ ਨਾਨਕ ਧਾਮ

# ਭਾਗ–1

## ਜੀਵਨੀ

### ਸਤਿਗੁਰੂ ਮਹਾਰਾਜ ਦਰਸ਼ਨ ਦਾਸ ਜੀ

ਰੱਬੀ ਤਾਕਤਾਂ ਹਰੇਕ ਜੁਗ ਵਿਚ ਵੱਖ-ਵੱਖ ਰੂਪ ਧਾਰ ਕੇ ਧਰਤੀ ਤੇ ਪ੍ਰਗਟ ਹੋਈਆਂ ਹਨ ਤੇ ਰੱਬੀ ਪੈਗਾਮ ਵੰਡਦੀਆਂ ਰਹੀਆਂ ਹਨ। ਕਲਜੁਗ ਵਿਚ ਵੀ ਇਹ ਤਾਕਤਾਂ ਸੰਤ-ਮਹਾਤਮਾਵਾਂ ਦੇ ਰੂਪ ਵਿਚ ਪ੍ਰਗਟ ਹੋਈਆਂ। ਇਹਨਾਂ ਮਹਾਪੁਰਖਾਂ ਨੇ ਅੱਡ-ਅੱਡ ਮੁਲਕਾਂ ਵਿਚ ਵੱਖਰੇ ਸਮੇਂ ਤੇ ਅਤੇ ਭਿੰਨ-ਭਿੰਨ ਭਾਸ਼ਾਵਾਂ ਵਿਚ ਲੋਕਾਂ ਨੂੰ ਰੱਬੀ ਸੰਦੇਸ਼ ਦਿੱਤਾ। ਇਸੇ ਤਰ੍ਹਾਂ ਪੰਜਾਬ ਦੇ ਬਟਾਲਾ ਸ਼ਹਿਰ ਵਿਚ ਜੱਟ ਬ੍ਰਾਹਮਣ ਪਰਿਵਾਰ ਵਿਚ ਇਕ ਰੱਬੀ ਤਾਕਤ ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਦੇ ਰੂਪ ਵਿਚ ਪ੍ਰਗਟ ਹੋਈ।



ਪੰਡਿਤ ਜਗਨਨਾਥ ਜੀ ਅਤੇ ਮਾਤਾ ਚੰਨਣ ਦੇਈ ਜੀ

ਬਟਾਲਾ ਸ਼ਹਿਰ ਵਿਚ ਸ਼੍ਰੀ ਜਗਨਨਾਥ ਜੀ ਆਪਣੀ ਪਤਨੀ ਚੰਨਣ ਦੇਈ ਜੀ ਨਾਲ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਸਨ। ਦੋਵੇਂ ਹੀ ਜੀਅ ਧਾਰਮਿਕ ਵਿਚਾਰਾਂ ਵਾਲੇ ਸਨ। ਜਿਥੇ ਵੀ ਕਿਤੇ ਕੋਈ ਸਾਧੂ ਜਾਂ ਸੰਤ ਪ੍ਰਵਚਨ ਕਰ ਰਹੇ ਹੁੰਦੇ ਤਾਂ ਸ਼੍ਰੀ ਜਗਨਨਾਥ ਜੀ ਉਥੇ ਜ਼ਰੂਰ ਪਹੁੰਚਦੇ ਤੇ ਕਿਤੇ ਮੌਕਾ ਮਿਲਦਾ ਤਾਂ ਉਹ 'ਸਾਧੂ-ਸੰਤਾਂ' ਨਾਲ ਅਧਿਆਤਮਿਕ ਵਿਸ਼ੇ ਤੇ ਵਿਚਾਰ-ਵਟਾਂਦਰਾ ਵੀ ਕਰਦੇ। ਦੂਜੇ ਪਾਸੇ,

ਪਾਠ-ਪੂਜਾ ਕਰਨਾ, ਮੁਹੱਲੇ ਵਿਚ ਕਿਤੇ ਵੀ ਭਜਨ-ਕੀਰਤਨ ਹੋਣਾ ਤਾਂ ਉਸ ਵਿਚ ਸ਼ਾਮਿਲ ਹੋਣਾ ਅਤੇ ਘਰ ਆਏ ਸਾਧੂਆਂ ਦੀ ਸੇਵਾ ਕਰਨਾ ਚੰਨਣ ਦੇਈ ਜੀ ਦੇ ਜੀਵਨ ਦਾ ਅਹਿਮ ਹਿੱਸਾ ਬਣ ਚੁੱਕਿਆ ਸੀ। ਆਪਣੇ ਪਿਛਲੇ ਜਨਮਾਂ ਦੀ ਭਗਤੀ ਤੋਂ ਅਨਜਾਣ ਦੋਵੇਂ ਜੀਅ ਚੰਗੇ ਕਰਮ ਕਮਾਉਣ ਵਿਚ ਲੱਗੇ ਹੋਏ ਸਨ। ਰੱਬੀ ਤਾਕਤਾਂ ਉਹਨਾਂ ਦੇ ਘਰ ਵਿਚ ਹੀ ਪ੍ਰਗਟ ਹੁੰਦੀਆਂ ਹਨ, ਜਿਹਨਾਂ ਦੇ ਕਰਮ ਬੜੇ ਉੱਚੇ ਹੋਣ।

ਸ਼੍ਰੀ ਜਗਨਨਾਥ ਜੀ ਹਲਵਾਈ ਦਾ ਕੰਮ ਕਰਦੇ ਸਨ। ਇਕ ਵਾਰ ਦੀ ਗੱਲ ਹੈ ਕਿ ਉਹਨਾਂ ਨੂੰ ਰੁਪਇਆਂ ਦੇ ਲੈਣ-ਦੇਣ ਦੇ ਸਿਲਸਿਲੇ ਵਿਚ ਆਗਰਾ ਜਾਣਾ ਪਿਆ। ਜਿਸ ਵੇਲੇ ਉਹ ਆਗਰਾ ਤੋਂ ਵਾਪਿਸ ਆ ਰਹੇ ਸਨ ਤਾਂ ਉਹਨਾਂ ਦੇ ਕੰਨਾਂ ਵਿਚ ਅਵਾਜ਼ ਪਈ, "ਭਗਤ ਜੀ, ਭਗਤ ਜੀ"! ਜਦੋਂ ਆਲੇ-ਦੁਆਲੇ ਨਜ਼ਰ ਮਾਰੀ ਤਾਂ ਵੇਖਿਆ ਕਿ ਸੜਕ ਦੇ ਪਰਲੇ ਪਾਸੇ ਇਕ ਮਹਾਤਮਾ ਬੈਠੇ ਹਨ ਤੇ ਉਹ ਉਹਨਾਂ ਨੂੰ ਇਸ਼ਾਰੇ ਨਾਲ ਆਪਣੇ ਕੋਲ ਬੁਲਾ ਰਹੇ ਹਨ। ਸ਼੍ਰੀ ਜਗਨਨਾਥ ਜੀ ਸੜਕ ਪਾਰ ਕਰਕੇ ਮਹਾਤਮਾ ਜੀ ਪਾਸ ਪਹੁੰਚੇ ਤੇ ਹੱਥ ਜੋੜ ਕੇ ਨਮਸਕਾਰ ਕੀਤੀ ਤੇ ਮਹਾਤਮਾ ਜੀ ਦੇ ਚਰਣਾਂ ਪਾਸ ਬੈਠ ਗਏ। ਮਹਾਤਮਾ ਜੀ ਅਸ਼ੀਰਵਾਦ ਦੇ ਕੇ ਆਖਣ ਲਗੇ ਕਿ ਤੁਹਾਡੇ ਮਸਤਕ ਦੇ ਨੂਰ ਦੇ ਮੁਤਾਬਿਕ ਮੈਂ ਆਪ ਜੀ ਨੂੰ ਆਉਣ ਵਾਲੇ ਸਮੇਂ ਦੀ ਜਾਣਕਾਰੀ ਕਰਵਾਉਣਾ ਚਾਹੁੰਦਾ ਹਾਂ। ਮੇਰੇ ਗਿਆਨ ਦੇ ਮੁਤਾਬਿਕ ਆਪ ਜੀ ਦੇ ਪੂਰਬਲੇ ਉੱਚੇ ਕਰਮਾਂ ਅਤੇ ਵਿਸ਼ਾਲ ਭਗਤੀ ਦੇ ਕਾਰਣ ਆਪ ਜੀ ਦੇ ਘਰ ਕੋਈ ਬਹੁਤ ਵਡਾ ਰੱਬ ਦਾ ਨੂਰ ਪ੍ਰਗਟ ਹੋਣਾ ਹੈ ਅਤੇ ਉਸ ਦੇ ਆਉਣ ਦਾ ਸਮਾਂ ਨੇੜੇ ਆ ਚੁੱਕਿਆ ਹੈ। ਉਹ ਤਾਕਤ ਸਰਬ-ਕਲਾ ਸਮਰੱਥ ਹੋਵੇਗੀ, ਜੋ ਦੁਨੀਆ ਦਾ ਭਲਾ ਕਰੇਗੀ ਤੇ ਚਾਰੋਂ ਪਾਸੇ ਉਸ ਦੀ ਜੈ-ਜੈਕਾਰ ਹੋਵੇਗੀ। ਉਸਨੇ ਤੁਹਾਡਾ ਵੀ ਨਾਂ ਉੱਚਾ ਕਰਨਾ ਹੈ। ਅਗੋਂ ਮਹਾਤਮਾ ਜੀ ਨੇ ਕਿਹਾ ਕਿ ਤੁਸੀਂ ਉਸ ਬੱਚੇ ਨੂੰ ਕਦੀ ਵੀ ਝਿੜ੍ਹਕਨਾ ਅਤੇ ਮਾਰਨਾ ਨਹੀਂ ਤੇ ਆਪਣਾ ਅਤੇ ਕਿਸੇ ਦਾ ਵੀ ਜੂਠਾ ਨਹੀਂ ਖੁਆਨਾ। ਸਾਡੇ ਭਾਗਾਂ ਵਿਚ ਹੋਇਆ ਤਾਂ ਅਸੀਂ ਵੀ ਉਹਨਾਂ ਦੇ ਦਰਸ਼ਨ ਕਰਨ ਵਾਸਤੇ

ਆਪ ਜੀ ਦੇ ਘਰ ਵਿਖੇ ਆਵਾਂਗੇ। ਇੰਨੀ ਗਲ ਸੁਣ ਕੇ ਸ਼੍ਰੀ ਜਗਨਨਾਥ ਜੀ ਨੇ ਆਪਣੀ ਜੇਬ ਵਿਚੋਂ ਆਪਣੀ ਕਿਰਤ ਕਮਾਈ ਦੇ ਪੈਸੇ ਮਹਾਤਮਾ ਜੀ ਦੇ ਚਰਣਾਂ ਵਿਚ ਰੱਖੇ ਤੇ ਨਮਸਕਾਰ ਕੀਤਾ ਅਤੇ ਪਰਿਵਾਰ ਦੀ ਸੁਖ ਸ਼ਾਂਤੀ ਅਤੇ ਚੜ੍ਹਦੀ ਕਲਾ ਲਈ ਬੇਨਤੀ ਕੀਤੀ ਤੇ ਵਾਪਸ ਘਰ ਜਾਣ ਦੀ ਆਗਿਆ ਲਈ ਤੇ ਵਾਪਸ ਘਰ ਵਲ ਤੁਰ ਪਏ।

ਜਦੋਂ ਘਰ ਪਹੁੰਚੇ ਤਾਂ ਆਪਣੀ ਪਤਨੀ ਨੂੰ ਮਹਾਤਮਾ ਜੀ ਦੀਆਂ ਸਾਰੀਆਂ ਗੱਲਾਂ ਦਸੀਆਂ। ਉਹਨਾਂ ਦੀ ਗੱਲ ਮੁੱਕੀ ਤਾਂ ਚੰਨਣ ਦੇਈ ਜੀ ਨੇ ਕਿਹਾ ਕਿ ਉਸ ਮਹਾਤਮਾ ਜੀ ਦੀਆਂ ਗੱਲਾਂ ਵਿਚ ਮੈਨੂੰ ਸੱਚਾਈ ਜਾਪਦੀ ਹੈ ਤੇ ਅਜੀਬ ਗੱਲ ਇਹ ਹੈ ਕਿ ਜਦੋਂ ਦਾ ਮੇਰਾ ਗਰਭ ਠਹਿਰਿਆ ਹੈ, ਉਦੋਂ ਤੋਂ ਮੈਨੂੰ ਆਪਣੇ ਪਲੰਗ ਦੇ ਸਾਹਮਣੇ ਵਾਲੀ ਦੀਵਾਰ ਤੇ ਰੋਜ਼ ਰੱਬੀ ਸ਼ਕਤੀਆਂ ਤੇ ਦੇਵੀ-ਦੇਵਤਿਆਂ ਦੇ ਦਰਸ਼ਨ ਹੁੰਦੇ ਹਨ ਤੇ ਇਹ ਸ਼ਕਤੀਆਂ ਮੈਨੂੰ ਆਖਦੀਆਂ ਹਨ, "ਦੇਵੀ, ਆਪਣੀ ਝੋਲੀ ਅੱਡ, ਅਸੀਂ ਤੈਨੂੰ ਖ਼ੈਰ ਪਾਉਣੀ ਹੈ"। ਦੋਵੇਂ ਜੀਅ ਸੋਚਾਂ ਵਿਚ ਪੈ ਗਏ ਕਿ ਇਹ ਸਾਡੇ ਨਾਲ ਕੀ ਵਾਪਰ ਰਿਹਾ ਹੈ? ਦੋਵੇਂ ਜੀਅ ਨਾਮ ਸਿਮਰਨ ਦੀ ਖ਼ੂਬ ਭਗਤੀ ਕਰਨ ਲਗ ਪਏ।

ਸਮਾਂ ਲੰਘਦਾ ਗਿਆ ਤੇ ਉਹਨਾਂ ਦੇ ਘਰ ਖੁਸ਼ੀਆਂ ਮਿਹਰਬਾਨ ਹੋਈਆਂ ਤੇ 7 ਦਿਸੰਬਰ, 1953 ਵਾਲੇ ਦਿਨ ਮਾਤਾ ਚੰਨਣ ਦੇਈ ਜੀ ਨੇ ਇਕ ਲੜਕੇ ਨੂੰ ਜਨਮ ਦਿੱਤਾ। ਉਹ ਬੱਚਾ ਵੇਖਣ ਵਿਚ ਸਾਧਾਰਣ ਬੱਚਾ ਨਹੀਂ ਸੀ। ਉਸ ਦਾ ਚਿਹਰਾ ਕਿਸੇ ਅਲੌਕਿਕ ਨੂਰ ਨਾਲ ਪ੍ਰਕਾਸ਼ਮਾਨ ਸੀ। ਉਸਦੇ ਸਿਰ ਤੇ ਜਟਾਵਾਂ ਸਨ। ਬੱਚੇ ਦਾ ਇਹ ਅਨੋਖਾ ਰੂਪ ਵੇਖ ਕੇ ਮਾਤਾ-ਪਿਤਾ ਦੇ ਦਿਮਾਗ ਵਿਚ ਮਹਾਤਮਾ ਦੀਆਂ ਆਖੀਆਂ ਗੱਲਾਂ ਗੂੰਜ ਰਹੀਆਂ ਸਨ। ਮਹਾਤਮਾ ਜੀ ਦੇ ਕਹਿਣ ਮੁਤਾਬਿਕ ਬਾਲਕ ਰੱਬ ਦਾ ਨੂਰ ਹੀ ਪ੍ਰਗਟ ਹੋਇਆ ਅਤੇ ਮਾਂ-ਬਾਪ ਨੇ ਉਸ ਬੱਚੇ ਦਾ ਨਾਮ ਦਰਸ਼ਨ ਰੱਖਿਆ। ਦੋਵੇਂ ਜੀਅ ਰੱਬ ਦਾ ਭਾਣਾ ਮੰਨ ਕੇ ਉਸ ਬੱਚੇ ਦੀ ਪਾਲਣਾ ਕਰਨ ਵਿਚ ਲੱਗ ਗਏ। ਬਾਲਕ ਦਰਸ਼ਨ ਤੋਂ ਬਾਅਦ ਉਹਨਾਂ ਦੇ ਘਰ ਦੋ ਲੜਕੀਆਂ ਦਾ

ਜਨਮ ਹੋਇਆ। ਵੱਡੀ ਲੜਕੀ ਦਾ ਨਾਂ ਉਹਨਾਂ ਨੇ ਦਰਸ਼ਨਾ ਰੱਖਿਆ ਤੇ ਛੋਟੀ ਲੜਕੀ ਦਾ ਨਾਂ ਸੱਤਿਆ ਰੱਖਿਆ।

ਸਮਾਂ ਗੁਜ਼ਰਦਾ ਗਿਆ ਤੇ ਬਾਲਕ ਦਰਸ਼ਨ ਪੰਜ ਸਾਲ ਦੇ ਹੋ ਗਏ। ਮਾਤਾ-ਪਿਤਾ ਵੀ ਬੱਚੇ ਦੀ ਦੇਖਭਾਲ ਵਿਚ ਇੰਨੇ ਰੁੱਝ ਗਏ ਕਿ ਮਹਾਤਮਾ ਦੀਆਂ ਗੱਲਾਂ ਉਹਨਾਂ ਤੋਂ ਵਿਸਰ ਗਈਆਂ। ਪਰ ਇਲਾਹੀ ਸ਼ਕਤੀਆਂ ਪਰਦੇ ਵਿਚ ਕਿਵੇਂ ਰਹਿ ਸਕਦੀਆਂ ਹਨ? ਜਦੋਂ ਬਾਲਕ ਦਰਸ਼ਨ ਪੰਜ ਸਾਲ ਦੇ ਹੋਏ ਤਾਂ ਇਕ ਅਜੀਬ ਕੌਤਕ ਵਾਪਰਿਆ। ਉਹ ਆਪਣੇ ਘਰ ਦੇ ਬਾਹਰ ਖੜੇ ਸਨ ਤੇ ਲਾਗੇ ਹੀ ਮਾਤਾ ਜੀ ਬੈਠੇ ਸੀ। ਗਲੀ ਵਿਚੋਂ ਸਾਧੂਆਂ ਦੀ ਇਕ ਟੋਲੀ ਲੰਘ ਰਹੀ ਸੀ ਤੇ ਜਿਸ ਵੇਲੇ ਉਹ ਟੋਲੀ ਬਾਲਕ ਦੇ ਕੋਲ ਪਹੁੰਚੀ ਤਾਂ ਸਾਧੂਆਂ ਨੇ ਆਪ ਜੀ ਦੇ ਪੈਰਾਂ 'ਚ ਮੱਥਾ ਟੇਕਿਆ। ਮਾਤਾ ਜੀ ਇਹ ਵੇਖ ਕੇ ਬੜੇ ਹੈਰਾਨ ਹੋਏ। ਉਹਨਾਂ ਨੇ ਆਪਣੇ ਸੁਭਾਅ ਦੇ ਮੁਤਾਬਿਕ ਸਾਧੂਆਂ ਨੂੰ ਆਟਾ ਜਾਂ ਪੈਸੇ ਦੀ ਭੇਟਾ ਦੇਣੀ ਚਾਹੀ ਤਾਂ ਸਾਧੂ ਕਹਿਣ ਲੱਗੇ, "ਦੇਵੀ, ਅਸੀਂ ਤੇਰੇ ਤੋਂ ਕੁਝ ਨਹੀਂ ਲੈਣਾ। ਅਸੀਂ ਜੋ ਲੈਣ ਆਏ ਸੀ, ਉਹ ਸਾਨੂੰ ਮਿਲ ਗਿਆ ਹੈ।" ਫਿਰ ਉਹਨਾਂ ਆਖਿਆ ਕਿ ਜਿਸਨੇ ਤੇਰੇ ਘਰ ਵਿਚ ਜਨਮ ਲਿੱਤਾ ਹੈ, ਉਹ ਰੱਬ ਦੇ ਘਰੋਂ ਆਈ ਬਹੁਤ ਵਡੀ ਤਾਕਤ ਹੈ, ਇਸਦੀ ਸੰਭਾਲ ਕਰੀਂ ਤੇ ਇਸ ਦੀ ਪਾਲਣਾ ਬੜੇ ਪਿਆਰ ਨਾਲ ਕਰੀਂ। ਮਾਤਾ ਜੀ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਦੇਵਤੇ ਉਹਨਾਂ ਦੇ ਪੁੱਤਰ ਦੀ ਚਰਣ-ਛੋਹ ਲੈਣ ਲਈ ਅਕਾਸ਼-ਮੰਡਲਾਂ ਤੋਂ ਆਏ ਹੋਣ। ਇਸ ਘਟਨਾ ਨੇ ਮਾਤਾ-ਪਿਤਾ ਨੂੰ ਫਿਰ ਸੋਚੀਂ ਪਾ ਦਿੱਤਾ ਕਿ ਇਹ ਸਾਡੇ ਨਾਲ ਕੀ ਵਾਪਰ


ਬਾਲਕ ਦਰਸ਼ਨ

ਰਿਹਾ ਹੈ। ਸਮੇਂ-ਸਮੇਂ ਤੇ ਅਜਿਹੇ ਹੋਰ ਕਈ ਕੌਤਕ ਹੁੰਦੇ ਰਹੇ ਜਿਹਨਾਂ ਨਾਲ ਮਾਤਾ-ਪਿਤਾ ਨੂੰ ਇਹ ਸੰਕੇਤ ਮਿਲਦਾ ਰਿਹਾ ਕਿ ਉਹਨਾਂ ਦਾ ਪੁੱਤਰ ਕੋਈ ਸਾਧਾਰਣ ਬੱਚਾ ਨਹੀਂ ਹੈ। ਬਾਲਕ ਦਰਸ਼ਨ ਦਾ ਸੁਭਾਅ ਵੀ ਆਮ ਬੱਚਿਆਂ ਵਰਗਾ ਨਹੀਂ ਸੀ। ਮਾਤਾ-ਪਿਤਾ ਅੱਗੇ ਕਿਸੇ ਚੀਜ ਲਈ ਕੋਈ ਜ਼ਿਦ ਨਾ ਕਰਨੀ, ਜੋ ਮਾਤਾ ਜੀ ਨੇ ਬਣਾ ਦੇਣਾ ਖਾ ਲੈਣਾ, ਜੋ ਪਹਿਨਣ ਨੂੰ ਦੇਣਾ ਪਾ ਲੈਣਾ। ਜਦੋ ਬਾਲਕ ਦਰਸ਼ਨ ਪੰਜ ਸਾਲ ਦੇ ਹੋਏ ਤਾਂ ਮੁਢਲੀ ਸਿਖਿਆ ਲਈ ਆਪ ਜੀ ਦੇ ਮਾਤਾ-ਪਿਤਾ ਜੀ ਨੇ ਆਪ ਜੀ ਨੂੰ ਘਰ ਦੇ ਸਾਹਮਣੇ ਇੱਕ ਸਰਕਾਰੀ ਸਕੂਲ ਵਿੱਚ ਦਾਖਿਲ ਕਰਵਾ ਦਿੱਤਾ। ਪੜ੍ਹਨ ਵਿੱਚ ਆਪ ਜੀ ਬਹੁਤ ਹੁਸ਼ਿਆਰ ਸੀ। ਇੱਕ ਵਾਰ ਜੋ ਪੜ੍ਹ ਲੈਂਦੇ ਉਸਨੂੰ ਕਦੇ ਭੁਲਦੇ ਨਹੀਂ ਸਨ।

ਇਕ ਦਿਨ ਸਵੇਰ ਦੇ ਵੇਲੇ ਆਪ ਛੱਤ ਤੇ ਪਤੰਗ ਉਡਾ ਰਹੇ ਸੀ ਕਿ ਅਚਾਨਕ ਆਪ ਜੀ ਦੇ ਸਿਰ ਤੇ ਸੱਟ ਲੱਗੀ ਤੇ ਬੜਾ ਗਹਿਰਾ ਜ਼ਖ਼ਮ ਹੋ ਗਿਆ। ਕਾਫ਼ੀ ਖ਼ੂਨ ਨਿਕਲਨ ਲੱਗ ਗਿਆ। ਪਰ ਆਪ ਜੀ ਨੇ ਮਾਤਾ-ਪਿਤਾ ਨੂੰ ਕੁਝ ਨਹੀਂ ਦਸਿਆ ਤੇ ਚੁੱਪਚਾਪ ਦਰਦ ਸਹਿਣ ਕਰ ਗਏ। ਸ਼ਾਮ ਨੂੰ ਜਦੋਂ ਆਪ ਆਪਣੇ ਤਾਇਆ ਜੀ ਦੇ ਘਰ ਪੱਠੇ ਕੁਤਰਣ ਲਈ ਗਏ ਤਾਂ ਉਹਨਾਂ ਨੇ ਆਪ ਜੀ ਦੇ ਸਿਰ ਤੇ ਜ਼ਖ਼ਮ ਵੇਖਿਆ ਤੇ ਆਪ ਨੂੰ ਲਾਗੇ ਹੀ ਅਚਲੀ ਗੇਟ ਕੋਲ ਇਕ ਡਾਕਟਰ ਸੀ, ਉਹਦੇ ਕੋਲ ਲੈ ਗਏ। ਡਾਕਟਰ ਨੇ ਜ਼ਖ਼ਮ ਵੇਖ ਕੇ ਕਿਹਾ, "ਪੁੱਤਰ ਤੂੰ ਇੰਨੀ ਛੋਟੀ ਉਮਰ ਵਿਚ ਇੰਨਾ ਵੱਡਾ ਦਰਦ ਕਿਵੇਂ ਸਹਿਣ ਕਰ ਲਿਆ"? ਆਪ ਨੇ ਬੜੀ ਮਾਸੂਮੀਅਤ ਨਾਲ ਕਿਹਾ ਕਿ ਮੇਰੇ ਮਾਤਾ-ਪਿਤਾ ਗਰੀਬ ਹਨ ਤੇ ਮੈਂ ਨਹੀਂ ਚਾਹੁੰਦਾ ਕਿ ਉਹ ਮੇਰਾ ਇਲਾਜ ਕਰਵਾਉਣ ਲਈ ਪੈਸੇ ਖ਼ਰਚ ਕਰਨ। ਇਹ ਸੱਟ ਮੇਰੀ ਗਲਤੀ ਨਾਲ ਵੱਜੀ ਹੈ ਇਸ ਲਈ ਮੈਨੂੰ ਇਹ ਦਰਦ ਸਹਿਣ ਕਰਨਾ ਪਿਆ ਤੇ ਦੂਜੀ ਗੱਲ, ਡਾਕਟਰ ਸਾਹਿਬ ਇਹ ਦਰਦ ਤਾਂ ਕੁਝ ਵੀ ਨਹੀਂ, ਅੱਗੇ ਚਲ ਕੇ ਪਤਾ ਨਹੀਂ ਮੈਨੂੰ ਦੁਨੀਆ ਦੇ ਕਿੰਨੇ ਵੱਡੇ-ਵੱਡੇ ਦੁੱਖ ਆਪਣੇ ਸਰੀਰ ਤੇ ਸਹਿਣ ਕਰਨੇ ਪੈਣਗੇ। ਆਪ ਜੀ ਦੀਆਂ ਗੱਲਾਂ ਸੁਣ ਕੇ ਡਾਕਟਰ ਨੂੰ

ਇੰਜ ਲੱਗਿਆ ਕਿ ਇਹ ਕੋਈ ਆਮ ਬਾਲਕ ਨਹੀਂ ਹੈ, ਸਗੋਂ ਕੋਈ ਅਦਭੁਤ ਸ਼ਕਤੀ ਹੈ।

ਹੁਣ ਬਾਲਕ ਦਰਸ਼ਨ 14 ਸਾਲ ਦੇ ਹੋ ਗਏ। ਚਿਹਰੇ ਤੇ ਵੱਖਰਾ ਜਲਾਲ ਤੇ ਅੱਖਾਂ ਵਿਚ ਅਜੀਬ ਜਿਹੀ ਕਸ਼ਿਸ਼। ਵੇਖਣ ਵਿਚ ਉਚੇ ਲੰਮੇ ਤੇ ਸਰੀਰ ਇਕ ਦਮ ਫ਼ੌਲਾਦ ਵਰਗਾ। ਪਿਤਾ ਜਗਨਨਾਥ ਜੀ ਨੂੰ ਕੁਸ਼ਤੀ ਦਾ ਬੜਾ ਸ਼ੌਕ ਸੀ ਤੇ ਇਹੋ ਸ਼ੌਂਕ ਉਹਨਾਂ ਨੇ ਬਾਲਕ ਦਰਸ਼ਨ ਵਿਚ ਵੀ ਪੈਦਾ ਕੀਤਾ। ਸਵੇਰੇ ਜਲਦੀ ਉਠਣਾ ਤੇ ਸਰੀਰ ਦੀ ਮਾਲਿਸ਼ ਕਰਕੇ ਕੁਸ਼ਤੀ ਦਾ ਅਭਿਆਸ ਕਰਨਾ। ਫੇਰ ਘਰ ਵਿਚ ਜੋ ਪਸ਼ੂ ਰੱਖੇ ਸਨ, ਉਹਨਾਂ ਦੇ ਚਾਰੇ ਲਈ ਖੇਤਾਂ ਵਿਚੋਂ ਪੱਠੇ ਵੱਢ ਕੇ ਲਿਆਉਣਾ ਤੇ ਤਾਇਆ ਜੀ ਦੇ ਘਰ ਜਾ ਕੇ ਪੱਠੇ ਕੁਤਰਨਾ, ਆਪ ਜੀ ਦੇ ਰੋਜ਼ਾਨਾ ਦੇ ਕੰਮਾਂ ਵਿਚ ਸ਼ਾਮਿਲ ਸੀ। ਇੰਨੀ ਮੁਸ਼ਕੱਤ ਕਰਨ ਨਾਲ ਆਪ ਜੀ ਦਾ ਸਰੀਰ ਕਾਫੀ ਤਕੜਾ ਹੋ ਗਿਆ ਸੀ।

ਇਕ ਦਿਨ ਆਪ ਖੇਤਾਂ ਵਿਚ ਪੱਠੇ ਵੱਢ ਰਹੇ ਸੀ। ਉਸ ਦਿਨ ਪੱਠੇ ਕੁਝ ਵਾਧੂ ਹੋ ਗਏ ਤੇ ਆਪ ਜੀ ਦੀ ਪੱਠਿਆਂ ਵਾਲੀ ਪੰਡ ਕਾਫੀ ਵੱਡੀ ਹੋ ਗਈ। ਜਿਸ ਵੇਲੇ ਆਪ ਪੰਡ ਬੰਨ੍ਹ ਰਹੇ ਸੀ ਤਾਂ ਉਸੇ ਵੇਲੇ ਚਿੱਟੇ ਕਪੜਿਆਂ ਵਿਚ ਘੋੜੇ ਤੇ ਸਵਾਰ ਰੱਬੀ ਤਾਕਤ ਆਪ ਜੀ ਦੇ ਲਾਗੇ ਆ ਕੇ ਖੜੀ ਹੋ ਗਈ। ਆਪ ਨੇ ਨਜ਼ਰ ਉਤਾਂਹ ਚੁੱਕ ਕੇ ਵੀ ਨਹੀਂ ਵੇਖਿਆ ਤੇ ਚੁਪਚਾਪ ਪੰਡ ਚੁੱਕਣ ਲੱਗੇ। ਘੋੜੇ ਤੇ ਬਿਰਾਜਮਾਨ ਉਸ ਤਾਕਤ ਨੇ ਅਵਾਜ਼ ਦਿੱਤੀ, "ਪੁੱਤਰ ਜੀ, ਪੰਡ ਚੁੱਕਣ ਵਿਚ ਅਸੀਂ ਤੁਹਾਡੀ ਕੁਝ ਮਦਦ ਕਰੀਏ?" ਆਪਣੇ ਸ਼ਰਮੀਲੇ ਸੁਭਾਅ ਕਰਕੇ ਆਪ ਕੁੱਝ ਨਹੀਂ ਬੋਲੇ ਤੇ ਪੰਡ ਸਿਰ ਤੇ ਚੁੱਕ ਲਈ। ਥੋੜ੍ਹੀ ਦੂਰ ਰਸਤੇ ਵਿਚ ਕੁੱਝ ਇੱਟਾਂ ਪਈਆਂ ਸਨ, ਉਥੇ ਆਪ ਜੀ ਨੂੰ ਠੋਕਰ ਲੱਗੀ ਤੇ ਆਪ ਡਿੱਗ ਪਏ। ਇਕ ਇੱਟ ਆਪ ਜੀ ਦੀ ਵੱਖੀ ਵਿਚ ਅਜਿਹੀ ਵੱਜੀ ਕਿ ਉਸਦਾ ਦਰਦ ਆਪ ਸਾਰੀ ਉਮਰ ਮਹਿਸੂਸ ਕਰਦੇ ਰਹੇ। ਆਪ ਆਖਦੇ ਸੀ ਕਿ ਇਹ ਰੱਬ ਦਾ ਹੁਕਮ ਨਾ ਮੰਨਣ ਦੀ ਨਿਸ਼ਾਨੀ ਹੈ।

ਫੇਰ ਉਹ ਰੱਬੀ ਤਾਕਤ ਘੋੜੇ ਤੋਂ ਉਤਰ ਕੇ ਆਪ ਕੋਲ ਆਈ ਤੇ ਕਹਿਣ

ਲੱਗੀ, "ਚੱਲ ਪੁੱਤਰ, ਪੰਡ ਚੁੱਕ! ਅਸੀਂ ਤੈਨੂੰ ਪੰਡ ਚੁਕਾਉਂਦੇ ਹਾਂ"। ਤੇ ਉਹਨਾਂ ਨੇ ਹੱਥ ਦੇ ਕੇ ਪੰਡ ਸਿਰ ਤੇ ਰਖਵਾਈ ਤੇ ਨਾਲ ਹੀ ਪਿੱਠ ਤੇ ਸੱਜੇ ਹੱਥ ਨਾਲ ਥਾਪੀ ਦੇ ਕੇ ਕਿਹਾ, "ਪੁੱਤਰ ਤੂੰ ਪੱਠਿਆਂ ਦੀ ਪੰਡ ਚੁਕਵਾਉਣ ਤੋਂ ਝਿਝਕਦਾ ਹੈਂ, ਅਸੀਂ ਤਾਂ ਤੈਨੂੰ ਜਗ ਦੀ ਪੰਡ ਚੁਕਵਾਉਣੀ ਹੈ ਤੇ ਤੂੰ ਦੁਨੀਆ ਵਿਚ ਰੱਬ ਦੇ ਕੰਮ ਕਰਨੇ ਹਨ"। ਇਹ ਵਚਨ ਅਤੇ ਦੋਨੋ ਹੱਥਾਂ ਨਾਲ ਅਸ਼ੀਰਵਾਦ ਦੇ ਕੇ ਉਹ ਤਾਕਤ ਅਲੋਪ ਹੋ ਗਈ।

ਜਦੋਂ ਆਪ ਘਰ ਪਹੁੰਚੇ ਤੇ ਆਪ ਜੀ ਦੇ ਚਿਹਰੇ ਤੇ ਡਰ (ਭਉ) ਦੇ ਰੂਪ ਦੇ ਵਿਚ ਅਜੀਬ ਜਿਹਾ ਬਦਲਾਵ ਸਾਫ ਝਲਕ ਰਿਹਾ ਸੀ। ਜਿਸ ਕਾਰਨ ਆਪ ਨੇ ਪੱਠਿਆਂ ਦੀ ਪੰਡ ਘਰ ਵੜਦਿਆਂ ਹੀ ਵੇੜੇ ਵਿਚ ਸੁੱਟੀ ਤੇ ਆਪ ਜਾ ਕੇ ਪਿਛਲੇ ਕਮਰੇ ਵਿਚ ਜਿੱਥੇ ਤੂੜੀ ਪਈ ਸੀ ਉਥੇ ਜਾ ਕੇ ਲੰਮੇ ਪੈ ਗਏ। ਮਾਤਾ ਜੀ ਘਬਰਾ ਗਏ ਕਿ ਪਤਾ ਨਹੀਂ ਕੀ ਗੱਲ ਹੋ ਗਈ। ਬਗੈਰ ਕੋਈ ਗੱਲ-ਬਾਤ ਕੀਤੇ ਕਮਰੇ 'ਚ ਜਾ ਕੇ ਕਿਉਂ ਲੇਟ ਗਿਆ? ਜਦੋਂ ਮਾਤਾ ਜੀ ਆਪ ਜੀ ਕੋਲ ਆਏ ਤਾਂ ਵੇਖਿਆ ਕਿ ਆਪ ਬੁਖਾਰ ਨਾਲ ਤਪ ਰਹੇ ਸੀ। ਉਹਨਾਂ ਨੇ ਫਟਾਫਟ ਦੁੱਧ-ਘਿਉ ਗਰਮ ਕਰਕੇ ਦਿੱਤਾ। ਆਪ ਪੂਰਾ ਦਿਨ ਉਸ ਕਮਰੇ ਵਿਚ ਲੇਟੇ ਰਹੇ। ਸ਼ਾਮ ਨੂੰ ਪਿਤਾ ਜੀ ਆਏ ਤਾਂ ਮਾਤਾ ਜੀ ਨੇ ਦੱਸਿਆ ਕਿ ਸਵੇਰੇ ਪੰਡ ਲਿਆ ਕੇ ਇਹ ਕਮਰੇ ਵਿਚ ਜਾ ਕੇ ਲੇਟ ਗਿਆ ਹੈ। ਪਤਾ ਨਹੀਂ ਕੀ ਗੱਲ ਹੈ? ਪਹਿਲਾਂ ਤਾਂ ਇੰਜ ਕਦੀ ਨਹੀਂ ਕੀਤਾ। ਪਿਤਾ ਜੀ ਨੇ ਜਦੋਂ ਆਪ ਜੀ ਤੋਂ ਪੁਛਿਆ ਤਾਂ ਆਪ ਕੁਝ ਨਹੀਂ ਬੋਲੇ ਤੇ ਚੁੱਪਚਾਪ ਲੇਟੇ ਰਹੇ। ਦੋ ਦਿਨਾਂ ਬਾਅਦ ਆਪ ਜੀ ਦੀ ਹਾਲਤ ਵਿਚ ਸੁਧਾਰ ਹੋਇਆ, ਪਰ ਉਸ ਘਟਨਾ ਬਾਰੇ ਆਪ ਨੇ ਮਾਤਾ-ਪਿਤਾ ਨੂੰ ਕੁੱਝ ਨਹੀਂ ਦੱਸਿਆ।

ਇਸੇ ਤਰ੍ਹਾਂ ਤਿੰਨ ਸਾਲ ਹੋਰ ਲੰਘ ਗਏ ਤੇ ਆਪ 17 ਸਾਲ ਦੇ ਹੋ ਗਏ। ਆਪ ਨੌਵੀਂ ਜਮਾਤ ਵਿਚ ਪੜ੍ਹ ਰਹੇ ਸੀ। ਪੜ੍ਹਾਈ ਦੇ ਨਾਲ-ਨਾਲ ਆਪ ਜੀ ਨੇ ਇੰਦਰਜੀਤ (ਗਵਾਂਢੀ) ਨਾਂ ਦੇ ਬੰਦੇ ਨਾਲ ਮਿਲ ਕੇ ਆਲੂ ਵੇਚਣ ਦਾ ਕੰਮ ਸ਼ੁਰੂ ਕੀਤਾ। ਜਿਸ ਸਮੇਂ ਆਪ ਆਲੂ ਵੇਚਣ ਗਏ ਤਾਂ ਸਾਰੇ ਆਲੂ ਮੁਫ਼ਤ ਹੀ ਵੰਡ ਦਿੱਤੇ। ਘਰ ਪਹੁੰਚੇ ਤਾਂ ਪਿਤਾ ਜੀ ਨੇ ਪੁੱਛਿਆ ਕਿ ਇੰਨੀ

ਜਲਦੀ ਸਾਰੇ ਆਲੂ ਵੇਚ ਆਏ ਤਾਂ ਆਪ ਨੇ ਬੜੇ ਭੋਲੇ ਭਾਵ ਨਾਲ ਜਵਾਬ ਦਿੱਤਾ ਕਿ ਪਿਤਾ ਜੀ, ਜਦੋਂ ਅਸੀਂ ਆਲੂ ਮੁੱਲ ਵੇਚੇ ਤਾਂ ਕਿਸੇ ਨੇ ਨਹੀਂ ਖ਼ਰੀਦੇ ਤੇ ਜਦੋਂ ਅਸੀਂ ਇਹ ਅਵਾਜ਼ ਦਿੱਤੀ ਕਿ ਮੁਫ਼ਤ ਲੈ ਜਾਉ ਤਾਂ ਸਾਰੇ ਹੀ ਆਲੂ ਫਟਾਫਟ ਵਿਕ ਗਏ।

ਇਕ ਦਿਨ ਆਪ ਪਿਤਾ ਜੀ ਨੂੰ ਕਹਿਣ ਲੱਗੇ, "ਪਿਤਾ ਜੀ, ਮੇਰਾ ਪੜ੍ਹਾਈ ਕਰਨ ਦਾ ਬਿਲਕੁਲ ਮਨ ਨਹੀਂ ਕਰਦਾ ਤੇ ਮੈਂ ਨੌਕਰੀ ਕਰਨਾ ਚਾਹੁੰਦਾ ਹਾਂ।" ਆਪਣੇ ਪੁੱਤਰ ਦਾ ਇਹ ਵਿਚਾਰ ਸੁਣ ਕੇ ਪਿਤਾ ਜੀ ਨੇ ਕਿਹਾ, "ਠੀਕ ਹੈ, ਜੇ ਤੂੰ ਪੜ੍ਹਨਾ ਨਹੀਂ ਚਾਹੁੰਦਾ ਤਾਂ ਇੱਦਾਂ ਕਰ ਕਿ ਸਾਡੀ ਦੁਕਾਨ ਦੇ ਲਾਗੇ ਇਕ ਦੁਕਾਨ ਹੈ, ਅਸੀਂ ਉਹ ਤੇਰੇ ਵਾਸਤੇ ਖ਼ਰੀਦ ਕੇ ਰੱਖੀ ਹੈ ਤੇ ਤੂੰ ਉਥੇ ਆਪਣਾ ਕੋਈ ਕੰਮ ਸ਼ੁਰੂ ਕਰ ਲੈ"। ਪਿਤਾ ਜੀ ਦੀ ਇਹ ਗੱਲ ਸੁਣ ਕੇ ਆਪ ਨੇ ਉਹਨਾਂ ਸਾਹਮਣੇ ਇਹ ਇੱਛਾ ਜ਼ਾਹਿਰ ਕੀਤੀ ਕਿ ਮੈਂ ਦੁਕਾਨ ਤੇ ਕੰਮ ਨਹੀਂ ਕਰਨਾ ਚਾਹੁੰਦਾ ਸਗੋਂ ਜਲੰਧਰ ਆਪਣੀ ਮਾਸੀ ਜੀ ਕੋਲ ਜਾ ਕੇ ਉਥੇ ਕੋਈ ਨੌਕਰੀ ਕਰਨਾ ਚਾਹੁੰਦਾ ਹਾਂ। ਮਾਤਾ-ਪਿਤਾ ਨੇ ਆਪਸ ਵਿਚ ਸਲਾਹ ਕੀਤੀ ਤੇ ਆਪਣੇ ਪੁੱਤਰ ਦੀ ਇੱਛਾ ਨੂੰ ਮੁੱਖ ਰੱਖ ਕੇ ਆਪ ਨੂੰ ਅਤੇ ਭੈਣ ਦਰਸ਼ਨਾ ਨੂੰ ਆਪ ਜੀ ਦੀ ਦੇਖਭਾਲ ਵਾਸਤੇ ਜਲੰਧਰ ਭੇਜ ਦਿੱਤਾ। ਜਲੰਧਰ ਬਸਤੀ ਸ਼ੇਖ਼ ਵਿਚ ਆਪ ਜੀ ਦੇ ਮਾਸੀ ਜੀ ਰਹਿੰਦੇ ਸਨ। ਇੱਥੇ ਆ ਕੇ ਆਪ ਨੌਕਰੀ ਕਰਨ ਲੱਗ ਪਏ। ਪਰ ਸਿਆਣਿਆਂ ਦਾ ਕਥਨ ਹੈ, "ਜਿਸ ਕਾ ਕਾਮ ਉਸੀ ਕੋ ਸਾਜੇ" ਭਾਵ ਜੋ ਜਿਸ ਕੰਮ ਲਈ ਪੈਦਾ ਹੁੰਦਾ ਹੈ ਉਸਨੂੰ ਉਹੀ ਕੰਮ ਸੋਭਦਾ ਹੈ ਤੇ ਜਿਸ ਦਾ ਜਨਮ ਰੱਬ ਦੀ ਨੌਕਰੀ ਕਰਨ ਲਈ ਹੋਇਆ ਸੀ, ਉਹ ਜਗ ਦੀ ਨੌਕਰੀ ਕਿਵੇਂ ਕਰ ਸਕਦਾ ਹੈ?

ਉਹ ਸਮਾਂ ਆ ਗਿਆ ਸੀ ਕਿ ਬਾਲਕ ਦਰਸ਼ਨ ਉਹ ਕੰਮ ਕਰਨ, ਜਿਹੜੇ ਕੰਮ ਕਰਨ ਲਈ ਰੱਬ ਨੇ ਉਹਨਾਂ ਨੂੰ ਧਰਤੀ ਤੇ ਭੇਜਿਆ ਸੀ। ਤੇ ਉਹ ਭਾਗਾਂ ਭਰਿਆ ਸਮਾਂ ਸੀ ਸੰਨ 1971 ਦੀ ਰੱਖੜ ਪੁੰਨਿਆਂ ਦਾ ਪਵਿੱਤਰ ਦਿਹਾੜਾ। ਉਸ ਦਿਨ ਆਪ ਬੜੇ ਹੀ ਖ਼ੁਸ਼ ਸਨ ਤੇ

ਠਹਾਕੇ ਮਾਰ-ਮਾਰ ਕੇ ਹੱਸ ਰਹੇ ਸਨ। ਦਰਸ਼ਨਾ ਭੈਣ ਜੀ ਤੋਂ ਰੱਖੜੀ ਬੰਨ੍ਹਵਾ ਕੇ ਆਪ ਸਾਇਕਲ ਲੈ ਕੇ ਨੌਕਰੀ ਤੇ ਚਲੇ ਗਏ। ਉਥੇ ਆਪ ਜੀ ਨੂੰ ਅਕਾਸ਼ਵਾਣੀ ਹੋਈ, "ਕਿ ਤੁਹਾਨੂੰ ਜਿਸ ਕੰਮ ਵਾਸਤੇ ਭੇਜਿਆ ਗਿਆ ਹੈ, ਤੁਸੀ ਉਹ ਕੰਮ ਕਰੋ"। ਇਸ ਅਕਾਸ਼ਵਾਣੀ ਨੂੰ ਸੁਣ ਕੇ ਆਪ ਜੀ ਦੀ ਅਜਿਹੀ ਕਾਇਆ-ਕਲਪ ਹੋਈ ਕਿ ਆਪ ਪੁੱਠੇ ਪੈਰੀਂ ਘਰ ਆ ਗਏ ਤੇ ਉਪੱਰ ਚੁਬਾਰੇ ਤੇ ਜਾ ਕੇ ਮੰਜੀ ਤੇ ਪੁੱਠੇ ਲੇਟ ਗਏ। ਘਰ ਦੇ ਸਾਰੇ ਹੈਰਾਨ ਹੋ ਗਏ। ਜਦੋਂ ਉਹਨਾਂ ਨੇ ਉਤੇ ਜਾ ਕੇ ਵੇਖਿਆ ਤਾਂ ਆਪ ਜੀ ਦਾ ਰੰਗ ਲਾਲ ਤੇ ਸਰੀਰ ਤੇਜ਼ ਬੁਖਾਰ ਨਾਲ ਭਖ ਰਿਹਾ ਸੀ। ਘਰ ਦੇ ਆਪ ਨੂੰ ਉਠਾਉਣ ਦੀ ਕੋਸ਼ਿਸ਼ ਕਰਨ ਤਾਂ ਮੰਜੀ ਵੀ ਨਾਲ ਹੀ ਚੁੱਕੀ ਜਾਵੇ। ਉਹਨਾਂ ਨੇ ਡਾਕਟਰ ਬੁਲਵਾਇਆ ਪਰ ਉਸਦੀ ਸਮਝ ਵਿਚ ਕੁਝ ਨਹੀਂ ਆਇਆ। ਇਹ ਸੋਚ ਕੇ ਕਿ ਕਿਤੇ ਕੋਈ ਭੂਤ-ਪ੍ਰੇਤ ਦਾ ਚੱਕਰ ਨਾ ਹੋਵੇ, ਉਹਨਾਂ ਨੇ ਸਿਆਣੇ ਬੁਲਵਾ ਲਏ। ਪਰ ਕਿਸੇ ਦਾ ਕੋਈ ਵੀ ਚਾਰਾ ਨਾ ਚੱਲਿਆ। ਲਾਗੇ ਹੀ ਇਕ ਮਾਤਾ ਦਾ ਭਗਤ ਵੀ ਸੀ, ਉਸਨੂੰ ਵੀ ਸੱਦਿਆ ਗਿਆ, ਪਰ ਉਸਦਾ ਵੀ ਕੋਈ ਜ਼ੋਰ ਨਾ ਚੱਲਿਆ। ਫਿਰ ਉਸਨੇ ਮਾਸੀ ਜੀ ਨੂੰ ਕਿਹਾ ਕਿ ਮਾਤਾ ਜੀ ਇਹਨਾਂ ਨੂੰ ਭੂਤ-ਪ੍ਰੇਤ ਦਾ ਕੋਈ ਚੱਕਰ ਨਹੀਂ। ਤੁਸੀਂ ਕਿਸੇ ਵਹਿਮ-ਭਰਮ ਵਿਚ ਨਾ ਪਉ। ਇਹ ਬਿਲਕੁਲ ਠੀਕ ਹਨ। ਇਹਨਾਂ ਦੇ ਮਗਰ ਕੋਈ ਰੱਬੀ ਤਾਕਤ ਹੈ, ਕਿਉਂਕਿ ਜਦੋਂ ਵੀ ਮੈਂ ਇਹਨਾਂ ਵੱਲ ਧਿਆਨ ਦੇਣ ਲਗਦਾ ਹਾਂ ਤਾਂ ਮੈਨੂੰ ਰੱਬੀ ਸ਼ਕਤੀਆਂ ਦਾ ਪਹਿਰਾ ਨਜ਼ਰ ਆਉਂਦਾ ਹੈ। ਮੈਂ ਤਾਂ ਮਾਤਾ ਦਾ ਛੋਟਾ ਜਿਹਾ ਭਗਤ ਹਾਂ ਤੇ ਇਹ ਮੇਰੇ ਅਤੇ ਕਿਸੇ ਹੋਰ ਭਗਤ ਦੇ ਵੀ ਵਸ ਦੀ ਗੱਲ ਨਹੀਂ ਹੈ। ਤੁਸੀਂ ਕਿਸੇ ਨੂੰ ਨਾ ਬੁਲਾਓ। ਇਹਨਾਂ ਨੂੰ ਆਰਾਮ ਕਰ ਲੈਣ ਦਿਉ। ਇਹ ਆਪਣੇ ਆਪ ਉੱਠਣਗੇ ਤੇ ਤੁਹਾਨੂੰ ਸਭ ਕੁਝ ਦੱਸ ਦੇਣਗੇ। ਜਾਂਦੇ ਹੋਏ ਉਹ ਭਗਤ ਮਾਸੀ ਜੀ ਨੂੰ ਇੰਨੀ ਗਲ ਆਖ ਗਿਆ।

ਉਹੀ ਗੱਲ ਹੋਈ ਥੋੜ੍ਹੀ ਦੇਰ ਬਾਅਦ ਆਪ ਉੱਠ ਗਏ। ਉਸ ਸਮੇਂ ਆਪ ਜੀ ਦੀਆਂ ਅੱਖਾਂ ਵਿਚੋਂ ਰੱਬੀ ਜਲਾਲ ਤੇ ਰੱਬੀ ਨੂਰ ਝਲਕ ਰਿਹਾ ਸੀ ਤੇ ਚਿਹਰਾ ਇਕਦਮ ਲਾਲ ਹੋ ਗਿਆ। ਆਪ ਜੀ ਦਾ ਇਹ ਰੂਪ ਵੇਖ ਕੇ ਸਾਰੇ

ਘਬਰਾ ਗਏ ਕਿਉਂਕਿ ਆਪ ਜੀ ਦਾ ਅਜਿਹਾ ਰੂਪ ਉਹਨਾਂ ਨੇ ਕਦੇ ਨਹੀਂ ਸੀ ਵੇਖਿਆ। ਆਪ ਉਥੇ ਮੌਜੂਦ ਲੋਕਾਂ ਨੂੰ ਹੁਕਮ ਦੇਣ ਲਗ ਪਏ। ਕਦੇ ਆਖਦੇ ਕਿ ਸਾਡੇ ਵਾਸਤੇ ਚਾਹ ਬਨਾਓ, ਕਦੇ ਆਖਦੇ ਕਿ ਸਾਡੇ ਲਈ ਕਪੜੇ ਲਿਆਉ। ਇੰਜ ਲੱਗ ਰਿਹਾ ਸੀ ਜਿਵੇਂ ਆਪ ਦੇ ਅੰਦਰੋਂ ਕੋਈ ਸ਼ਕਤੀ ਬੋਲ ਰਹੀ ਹੋਵੇ। ਉਥੇ ਖੜੇ ਲੋਕ ਘਬਰਾ ਕੇ ਆਪ ਦੀਆਂ ਮੰਗਾਂ ਪੂਰੀਆਂ ਕਰਨ ਲੱਗ ਪਏ ਤੇ ਫੇਰ ਆਪ ਇਕ ਦਮ ਬੈਰਾਗ ਵਿਚ ਆ ਗਏ ਤੇ ਅੱਖਾਂ ਵਿਚੋਂ ਹੰਝੂ ਵੱਗ ਪਏ ਤੇ ਆਪ ਕਹਿਣ ਲੱਗੇ, "ਮੈਨੂੰ ਅੰਦਰੋ-ਅੰਦਰ ਕੋਈ ਸ਼ਕਤੀ ਨਜ਼ਰ ਆ ਰਹੀ ਹੈ ਤੇ ਮੈਨੂੰ ਰੱਬੀ ਕੰਮ ਕਰਨ ਦਾ ਹੁਕਮ ਕਰ ਰਹੀ ਹੈ।" ਫੇਰ ਆਪ ਨੇ ਆਪਣੀ ਮਾਸੀ ਜੀ ਤੇ ਭੈਣ ਦਰਸ਼ਨਾ ਨੂੰ ਕਲਾਵੇ ਵਿਚ ਲੈ ਕੇ ਕਿਹਾ ਕਿ ਜਿਹੜਾ ਮਾਲਿਕ ਮੈਨੂੰ ਆਗਿਆ ਕਰ ਰਿਹਾ ਹੈ, ਤੁਸੀਂ ਉਸ ਦਾ ਭਾਣਾ ਮੰਨ ਕੇ ਤੇ ਮੇਰੇ ਨਾਲ ਉਸ ਦੀ ਸੇਵਾ ਵਿਚ ਜੁਟ ਜਾਓ। ਇੱਥੇ ਸੰਗਤਾਂ ਦੇ ਮੇਲੇ ਲਗਣਗੇ ਤੇ ਦੂਰ-ਦਰਾਡਿਓ ਆਈ ਸੰਗਤਾਂ ਦੀ ਸੇਵਾ ਕਰਕੇ ਤੁਸੀਂ ਵੀ ਆਪਣਾ ਜਨਮ ਸਫਲ ਕਰ ਲਉ ਤੇ ਨਾਲ ਹੀ ਆਪ ਉਥੇ ਮੋਜੂਦ ਲੋਕਾਂ ਦੇ ਦਿਲ ਦੀਆਂ ਗੱਲਾਂ ਬਿਆਨ ਕਰਨ ਲੱਗ ਪਏ। ਉਹਨਾਂ ਦੇ ਦਿਲ ਵਿਚ ਜੋ ਵੀ ਵਿਚਾਰ ਜਾਂ ਜੋ ਕੋਈ ਵੀ ਸਵਾਲ ਸਨ, ਆਪ ਜੀ ਨੇ ਸਭ ਦੱਸ ਦਿੱਤੇ। ਉਸ ਤੋਂ ਮਗਰੋਂ ਆਪ ਇੰਨੇ ਅੰਤਰਯਾਮੀ ਹੋ ਗਏ ਕਿ ਜੋ ਵੀ ਆਪ ਜੀ ਦੇ ਕੋਲ ਆਉਂਦਾ ਤਾਂ ਆਪ ਉਸ ਤੋਂ ਇਹ ਨਹੀ ਸੀ ਪੁੱਛਦੇ ਕਿ ਤੂੰ ਕਿਸ ਲਈ ਆਇਆ ਹੈਂ? ਸਗੋਂ ਜਾਣੀ ਜਾਣ ਹੋ ਕੇ ਉਸ ਦੇ ਦਿਲ ਦੀਆਂ ਬੁੱਝ ਲੈਂਦੇ ਤੇ ਉਸਨੂੰ ਕੁਝ ਕਹਿਣ ਦਾ ਮੌਕਾ ਹੀ ਨਾ ਦਿੰਦੇ।


ਹਜ਼ੂਰ ਬਾਬਾ ਦਰਸ਼ਨ ਦਾਸ ਜੀ

ਦੋ ਦਿਨਾਂ ਦੇ ਅੰਦਰ ਹੀ ਬਸਤੀ ਸ਼ੇਖ਼ ਵਿਚ ਮਾਸੀ ਜੀ ਦੇ ਘਰ ਮੇਲੇ ਲਗਣੇ ਸ਼ੁਰੂ ਹੋ ਗਏ। ਦੂਰ-ਦੂਰ ਤੋਂ ਸੰਗਤਾਂ ਆਉਣ ਲਗ ਪਈਆਂ ਤੇ ਮਾਸੀ ਜੀ ਦੇ ਘਰ ਰੱਬੀ ਸੇਵਾ ਤੇ ਸਿਮਰਣ ਦਾ ਮਹੌਲ ਹਰ ਸਮੇਂ ਬਣਿਆ ਰਹਿੰਦਾ। ਆਪ ਖੁਦ ਵੀ ਦਿਨ-ਰਾਤ ਸਿਮਰਨ ਵਿੱਚ ਲੀਨ ਰਹਿੰਦੇ ਅਤੇ ਸੰਗਤਾਂ ਨੂੰ ਵੀ ਨਾਮ ਸ਼ਬਦ ਦੀ ਦਾਤ ਵੰਡਣੀ ਸ਼ੁਰੂ ਕਰ ਦਿੱਤੀ। ਆਪ ਜੀ ਨੇ ਰੱਬ ਦੇ ਪ੍ਰਚਾਰ ਲਈ ਖੋਲ੍ਹ-ਖੋਲ੍ਹ ਕੇ ਰੱਬ ਬਾਰੇ ਦਸਣਾ ਸ਼ੁਰੂ ਕਰ ਦਿੱਤਾ। ਇਥੋਂ ਤੱਕ ਕਿ ਜਿਹੜੀਆਂ ਗੁਪਤ ਤਾਕਤਾਂ ਆਪ ਦੇ ਮਗਰ ਕੰਮ ਕਰ ਰਹੀਆਂ ਸਨ, ਉਹਨਾਂ ਦੇ ਖੁੱਲ੍ਹੇ ਦਰਸ਼ਨ ਲੋਕਾਂ ਨੂੰ ਕਰਵਾ ਦਿੱਤੇ। ਆਪ ਦੇ ਰੱਬੀ ਕੌਤਕਾਂ ਤੇ ਰੱਬੀ ਰਹਿਮਤਾਂ ਦੀ ਚਰਚਾ ਦੂਰ-ਦੂਰ ਤੱਕ ਹੋਣ ਲੱਗ ਪਈ। ਸਾਧ-ਸੰਗਤ ਨੇ ਆਪ ਜੀ ਨੂੰ 'ਹਜ਼ੂਰ ਬਾਬਾ ਜੀ' ਦਾ ਖ਼ਿਤਾਬ ਦੇ ਕੇ ਵਡਿਆਉਣਾ ਸ਼ੁਰੂ ਕਰ ਦਿੱਤਾ।

ਦੂਜੇ ਪਾਸੇ ਮਾਸੀ ਜੀ ਵਲੋਂ ਬਟਾਲਾ ਭੇਜਿਆ ਸੁਨੇਹਾ ਆਪ ਜੀ ਦੇ ਮਾਤਾ-ਪਿਤਾ ਨੂੰ ਮਿਲਿਆ ਕਿ ਉਹਨਾਂ ਦਾ ਪੁੱਤਰ ਹਜ਼ੂਰ ਬਾਬਾ ਜੀ ਬਣ ਕੇ ਲੋਕਾਂ ਦੇ ਦੁੱਖ-ਦਰਦ ਦੂਰ ਕਰਨ ਲਗ ਪਿਆ ਹੈ, ਤਾਂ ਉਹਨਾਂ ਨੂੰ ਬੜੀ ਚਿੰਤਾ ਹੋਈ ਤੇ ਨਾਲ ਹੀ ਉਹ ਸਾਰੀਆਂ ਘਟਨਾਵਾਂ ਜਿਵੇਂ ਮਾਤਾ ਜੀ ਨੂੰ ਸ਼ਕਤੀਆਂ ਦੇ ਦਰਸ਼ਨ ਹੋਣਾ, ਸਾਧੂਆਂ ਦਾ ਬਾਲਕ ਦਰਸ਼ਨ ਨੂੰ ਮੱਥਾ ਟੇਕਣਾ, ਪੁੱਤਰ ਦੇ ਜਨਮ ਤੋਂ ਪਹਿਲਾਂ ਮਹਾਤਮਾ ਜੀ ਦੀ ਕੀਤੀ ਭਵਿੱਖ ਬਾਣੀ, ਸਭ ਕੁੱਝ ਵਾਰੀ-ਵਾਰੀ ਨਾਲ ਇਕ ਫਿਲਮ ਦੀ ਰੀਲ ਵਾਂਗ ਮਾਤਾ-ਪਿਤਾ ਦੀਆਂ ਅੱਖਾਂ ਸਾਹਮਣੇ ਆ ਗਈਆਂ। ਇਹ ਘਟਨਾਵਾਂ ਬਾਰ-ਬਾਰ ਮਾਤਾ-ਪਿਤਾ ਨੂੰ ਇਹਨਾਂ ਦੇ ਪੁੱਤਰ ਦਾ ਕਿਸੇ ਰੱਬੀ ਤਾਕਤ ਨਾਲ ਮੇਲ ਹੋਣ ਦਾ ਸੰਕੇਤ ਦਿੰਦੀਆਂ ਰਹੀਆਂ, ਪਰ ਫੇਰ ਵੀ ਇਨਸਾਨ ਹੋਣ ਦੇ ਨਾਤੇ ਮਾਤਾ-ਪਿਤਾ ਲਈ ਇਸ ਸੱਚ ਨੂੰ ਸਵੀਕਾਰ ਕਰਨਾ ਬੜਾ ਔਖਾ ਸੀ ਤੇ ਇਨਸਾਨੀ ਸੋਚ ਦੇ ਤਹਿਤ ਉਹ ਆਪਣੇ ਪੁੱਤਰ ਨੂੰ ਇਸ ਹਾਲਤ 'ਚੋਂ' ਬਾਹਰ ਕੱਢਣ ਦੇ ਉਪਾਅ ਸੋਚਣ ਲਗ ਪਏ। ਇਸੇ ਸੋਚ ਦੇ ਤਹਿਤ ਮਾਤਾ ਜੀ ਆਪਣੇ ਗੁਰੂ ਆਨੰਦਪੁਰ ਵਾਲਿਆਂ ਦੀ ਚਰਣ-ਧੂੜੀ, ਜੋ ਉਹਨਾਂ ਨੇ

ਘਰ ਵਿਚ ਬਰਕਤ ਤੇ ਖੁਸ਼ਹਾਲੀ ਲਈ ਰੱਖੀ ਹੋਈ ਸੀ, ਆਪਣੇ ਨਾਲ ਲੈ ਕੇ ਜਲੰਧਰ ਵੱਲ ਤੁਰ ਪਏ ਕਿ ਧੂੜ ਨੂੰ ਮੱਥੇ ਤੇ ਲਾਉਣ ਨਾਲ ਜਾਂ ਮੂੰਹ'ਚ ਪਾਉਣ ਨਾਲ ਮੇਰਾ ਪੁੱਤਰ ਠੀਕ ਹੋ ਜਾਏਗਾ। ਪਿਤਾ ਜੀ ਬਟਾਲਾ ਇਸ ਕਰਕੇ ਠਹਿਰ ਗਏ ਕਿ ਉਹ ਕਿਸੇ ਵੱਡੇ ਸਾਧੂ ਨੂੰ ਨਾਲ ਲੈ ਕੇ ਦੂਜੇ ਦਿਨ ਜਲੰਧਰ ਪਹੁੰਚ ਜਾਣਗੇ।

ਉਧੱਰ ਜਲੰਧਰ ਵਿਚ ਹਜ਼ੂਰ ਬਾਬਾ ਜੀ ਸੰਗਤਾਂ ਨਾਲ ਬੈਠੇ ਹੋਏ ਸਨ। ਮਾਤਾ ਜੀ ਦਾ ਬਟਾਲਾ ਤੋਂ ਲੈ ਕੇ ਜਲੰਧਰ ਤੱਕ ਦਾ ਜੋ ਸਫ਼ਰ ਸੀ, ਉਸ ਦਾ ਪੂਰਾ ਬਿਆਨ ਆਪ ਸੰਗਤਾਂ ਨੂੰ ਕਰ ਰਹੇ ਸੀ ਕਿ ਸਾਡੇ ਮਾਤਾ ਜੀ ਬਟਾਲਾ ਤੋਂ ਬਸ ਵਿਚ ਬੈਠ ਗਏ ਹਨ। ਹੁਣ ਉਹ ਜਲੰਧਰ ਪਹੁੰਚ ਗਏ ਹਨ ਤੇ ਘਰ ਵੱਲ ਆ ਰਹੇ ਹਨ। ਉਹ ਗਲੀ ਵਿਚ ਪਹੁੰਚ ਗਏ ਹਨ ਤੇ ਹੁਣ ਉਹ ਘਰ ਦੇ ਬੂਹੇ ਅੱਗੇ ਖਲੋਤੇ ਹਨ। ਆਪ ਜੀ ਨੇ ਬੂਹਾ ਖੋਲ੍ਹਣ ਲਈ ਕਿਹਾ। ਜਦੋਂ ਬੂਹਾ ਖੋਲ੍ਹਿਆ ਤਾਂ ਸਾਹਮਣੇ ਮਾਤਾ ਜੀ ਖੜੇ ਸੀ। ਮਾਤਾ ਜੀ ਨੇ ਵੇਖਿਆ ਕਿ ਥੱਲੇ ਸੰਗਤਾਂ ਬੈਠੀਆਂ ਹੋਈਆ ਹਨ ਤੇ ਸਾਹਮਣੇ ਤਖ਼ਤ ਤੇ ਆਪ ਚੌਂਕੜੀ ਮਾਰ ਕੇ ਬੈਠੇ ਸੀ। ਮਾਤਾ ਜੀ ਲਾਗੇ ਆਏ ਤੇ ਆਪ ਨੂੰ ਕਲਾਵੇ ਵਿਚ ਲੈਣ ਦੀ ਕੋਸ਼ਿਸ਼ ਕੀਤੀ ਤਾਂ ਅੱਗੋਂ ਆਪ ਨੇ ਆਖਿਆ, "ਅੰਮਾ ਜੀ, ਆ ਗਏ ਹੋ। ਜਿਹੜੀ ਚਰਣ-ਧੂੜ ਸਾਡੇ ਵਾਸਤੇ ਲੈ ਕੇ ਆਏ ਹੋ, ਉਹ ਸਾਨੂੰ ਦੇ ਦਿਓ।" ਇਹ ਸੁਣ ਕੇ ਮਾਤਾ ਜੀ ਦੇ ਪੈਰਾਂ ਥੱਲਿਉਂ ਜ਼ਮੀਨ ਖਿਸਕ ਗਈ ਕਿ ਆਪ ਨੂੰ ਕਿਵੇਂ ਪਤਾ ਲਗ ਗਿਆ? ਆਪ ਕਹਿਣ ਲੱਗੇ, "ਅੰਮਾ ਜੀ, ਬਹੁਤ ਸੋਚਣ ਦੀ ਲੋੜ ਨਹੀਂ, ਸਾਨੂੰ ਸਭ ਕੁਝ ਪਤਾ ਹੈ। ਇੱਦਾਂ ਕਰੋ, ਤੁਸੀਂ ਅੰਦਰ ਜਾ ਕੇ ਬੈਠੋ, ਅਸੀਂ ਹੁਣੇ ਆਉਂਦੇ ਹਾਂ।" ਇੰਨੀ ਗੱਲ ਕਰਕੇ ਆਪ ਮੁੜ ਸੰਗਤ ਨੂੰ ਮੁਖ਼ਾਤਬ ਹੋ ਕੇ ਗੱਲਾਂ ਕਰਨ ਲਗ ਪਏ।

ਉਧਰ ਬਟਾਲਾ ਵਿਚ ਪਿਤਾ ਜੀ ਰਾਤ ਨੂੰ ਲੰਮੇ ਪਏ ਤਾਂ ਅਜੇ ਉਹਨਾਂ ਨੂੰ ਨੀਂਦ ਨਹੀਂ ਸੀ ਆਈ ਕਿ ਸਾਹਮਣੇ ਉਹੀ ਰੱਬੀ ਤਾਕਤ ਚਿੱਟੇ ਕਪੜਿਆਂ ਵਿਚ ਘੋੜੇ ਤੇ ਸਵਾਰ ਪ੍ਰਤੱਖ ਰੂਪ ਵਿਚ ਪ੍ਰਗਟ ਹੋਈ। ਹਜ਼ੂਰ ਬਾਬਾ ਦਰਸ਼ਨ ਦਾਸ ਜੀ ਉਹਨਾਂ ਦੇ ਚਰਣਾ ਵਿਚ ਪਏ ਸਨ ਤੇ ਉਸ ਤਾਕਤ ਨੇ

ਉਹਨਾਂ ਦੇ ਸਿਰ ਤੇ ਹੱਥ ਰਖਿਆ ਹੋਇਆ ਸੀ। ਉਸ ਤਾਕਤ ਨੇ ਪਿਤਾ ਜੀ ਨੂੰ ਕਿਹਾ ਕਿ ਤੁਸੀਂ ਇਸ ਬੱਚੇ ਨੂੰ ਸਿਰਫ ਜਨਮ ਦੇਣਾ ਸੀ। ਹੁਣ ਇਹ ਸਾਡਾ ਬਾਲਕ ਹੈ ਤੇ ਇਹ ਸਾਡੇ ਕੰਮ ਕਰੇਗਾ। ਧਰਤੀ ਤੇ ਇਸ ਦਾ ਜਨਮ ਹੀ ਸਾਡੇ ਕੰਮ ਕਰਣ ਲਈ ਹੋਇਆ ਹੈ। ਇੰਨੀ ਗੱਲ ਕਰਕੇ ਉਹ ਤਾਕਤ ਅਲੋਪ ਹੋ ਗਈ। ਪਿਤਾ ਜੀ ਨੂੰ ਅੰਦੇਸ਼ਾ ਹੋ ਗਿਆ ਕਿ ਇਹ ਕੋਈ ਛੋਟੀ ਗੱਲ ਨਹੀਂ ਹੈ, ਸਗੋਂ ਰੱਬ ਵਲੋਂ ਕੋਈ ਇਸ਼ਾਰਾ ਹੋਇਆ ਹੈ। ਦੂਜੇ ਦਿਨ ਸਵੇਰੇ ਰੱਬ ਦੇ ਭਾਣੇ ਨੂੰ ਮੰਨ ਕੇ ਤੇ ਬਿਨਾ ਕਿਸੇ ਸਾਧੂ ਨੂੰ ਨਾਲ ਲਏ ਉਹ ਜਲੰਧਰ ਵਲ ਤੁਰ ਪਏ। ਉਹਨਾਂ ਦੇ ਵੀ ਇਸ ਸਫ਼ਰ ਦਾ ਬਿਆਨ ਹਜ਼ੂਰ ਬਾਬਾ ਜੀ ਕਰਨ ਲਗ ਪਏ। ਜਿਸ ਵੇਲੇ ਪਿਤਾ ਜੀ ਘਰ ਦੇ ਬੂਹੇ ਤੇ ਪੁੱਜੇ ਤਾਂ ਆਪ ਨੇ ਕਿਹਾ, ''ਪਿਤਾ ਜੀ, ਆ ਗਏ ਤੁਸੀਂ, ਵੱਡੇ ਸਾਧੂ ਨੂੰ ਨਾਲ ਲੈ ਕੇ ਨਹੀਂ ਆਏ''। ਪਿਤਾ ਜੀ ਇਕਦੱਮ ਹੈਰਾਨ ਹੋ ਗਏ। ਫੇਰ ਆਪ ਜੀ ਨੇ ਕਿਹਾ, ''ਪਿਤਾ ਜੀ, ਤੁਸੀਂ ਰਾਤ ਜੋ ਕੁਝ ਵੇਖਿਆ ਹੈ, ਉਹੀ ਸੱਚ ਹੈ ਤੇ ਉਸ ਸੱਚ ਤੇ ਯਕੀਨ ਕਰੋ''।


ਉਸ ਤੋ ਮਗਰੋਂ ਮਾਤਾ ਪਿਤਾ ਜੀ ਦੀ ਬਾਬਾ ਦਰਸ਼ਨ ਦੇ ਰੂਪ ਵਿੱਚ ਉਸ ਰੱਬੀ ਤਾਕਤ ਨਾਲ ਗੋਸ਼ਟੀ ਹੋਈ, ਜਿਸ ਵਿੱਚ ਉਸ ਤਾਕਤ ਨੇ ਸਾਰੇ ਰੱਬੀ ਭੇਦ ਉਹਨਾਂ ਨੂੰ ਖੋਲ੍ਹ ਕੇ ਦੱਸੇ ਤੇ ਇਹ ਯਕੀਨ ਦੁਵਾਇਆ ਕਿ ਬਾਲਕ ਦਰਸ਼ਨ ਨੇ ਰੱਬੀ ਹੁਕਮ ਦੇ ਤਹਿਤ ਹੀ ਧਰਤੀ ਤੇ ਜਨਮ ਲਿਆ ਹੈ ਤੇ ਹੁਣ ਉਹ ਰੱਬੀ ਤਾਕਤ ਇਸ ਵਿੱਚ ਪ੍ਰਗਟ ਹੋਕੇ ਆਪਣੇ ਕੰਮ ਕਰੇਗੀ। ਪਿਤਾ ਜਗਨਨਾਥ ਜੀ ਗੂੜ੍ਹ ਗਿਆਨੀ ਸਨ। ਸੰਤਾਂ-ਸਾਧੂਆਂ ਦੀ ਸੰਗਤ ਕਰ-ਕਰ ਕੇ ਉਹਨਾਂ ਨੂੰ ਕਾਫ਼ੀ ਗਿਆਨ ਹੋ ਚੁੱਕਿਆ ਸੀ। ਰੱਬੀ ਤਾਕਤ ਨਾਲ ਗੋਸ਼ਟੀ ਦੌਰਾਨ ਪਿਤਾ ਜੀ ਨੇ ਤਿੰਨ ਵਚਨ ਮੰਗਣ ਦਾ ਵਿਚਾਰ ਪ੍ਰਗਟ ਕੀਤਾ। ਪਹਿਲਾ ਵਚਨ ਇਹ ਕਿ ਬਾਬਾ ਦਰਸ਼ਨ ਭਗਵੇ ਕਪੜੇ ਨਹੀਂ ਪਾਉਣਗੇ। ਹੱਥ ਵਿਚ ਕਮੰਡਲ ਤੇ ਚਿਮਟਾ ਫੜ ਕੇ ਦਰ-ਦਰ ਭਿਖਿਆ ਮੰਗਣ ਵਾਲੇ ਸਾਧੂ ਨਹੀਂ ਹੋਣਗੇ ਬਲਕਿ ਦੁਨੀਆ ਨੂੰ ਵੰਡਣ ਵਾਲੇ ਸੰਤ ਹੋਣਗੇ। ਹਜੂਰ ਬਾਬਾ ਜੀ ਨੇ ਕਿਹਾ ਕਿ ਤੁਸੀਂ ਚਾਹੁੰਦੇ ਹੋ ਕਿ ਇਹ ਇਸੇ ਰੂਪ ਵਿਚ ਕੰਮ

ਕਰਣ ਤਾਂ ਪਿਤਾ ਜੀ ਨੇ ਆਪਣੀ ਸਹਿਮਤੀ ਪ੍ਰਗਟ ਕੀਤੀ ਤੇ ਰੱਬੀ ਤਾਕਤ ਨੇ ਉਹਨਾਂ ਦੀ ਬੇਨਤੀ ਸਵੀਕਾਰ ਕਰ ਲਈ। ਪਿਤਾ ਜੀ ਨੇ ਦੂਜੇ ਵਚਨ ਵਿਚ ਇਹ ਮੰਗਿਆ ਕਿ ਸਾਡਾ ਇਕੋ-ਇਕ ਪੁੱਤਰ ਹੈ ਤੇ ਆਪਣੇ ਵੰਸ਼ ਨੂੰ ਅੱਗੇ ਵਧਾਉਣ ਲਈ ਅਸੀਂ ਚਾਹੁੰਦੇ ਹਾਂ ਕਿ ਆਪ ਮੇਰੇ ਪੁੱਤਰ ਨੂੰ ਗ੍ਰਹਿਸਥੀ ਜੀਵਨ ਜੀਉਣ ਦੀ ਆਗਿਆ ਬਖ਼ਸ਼ੋ। ਇਹ ਬ੍ਰਹਮਚਾਰੀ ਬਣ ਕੇ ਜੋਗੀਆਂ ਵਾਂਗ ਜੰਗਲਾਂ ਵਿਚ ਨਹੀਂ ਭਟਕਣਗੇ, ਸਗੋਂ ਇਕ ਗ੍ਰਹਿਸਥੀ ਜੀਵਨ ਜੀਉਣਗੇ, ਇਹਨਾਂ ਦਾ ਆਪਣਾ ਘਰ-ਪਰਿਵਾਰ ਹੋਵੇਗਾ। ਇਸ ਗੱਲ ਨੂੰ ਲੈ ਕੇ ਦੋਹਾਂ ਵਿਚਕਾਰ ਕਾਫ਼ੀ ਗੋਸ਼ਟੀ ਹੋਈ। ਰੱਬੀ ਤਾਕਤ ਨੇ ਕਿਹਾ ਕਿ ਇਸ ਦੀ ਥਾਂ ਤੁਸੀਂ ਕੋਈ ਹੋਰ ਵਚਨ ਲੈ ਲਉ, ਪਰ ਪਿਤਾ ਜੀ ਨਹੀਂ ਮੰਨੇ। ਅਖੀਰ ਉਸ ਤਾਕਤ ਨੇ ਸਹਿਮਤੀ ਜਤਾਉਂਦੇ ਹੋਏ ਕਿਹਾ ਕਿ ਅਸੀਂ ਤੁਹਾਡਾ ਇਹ ਵਚਨ ਸਵੀਕਾਰ ਕਰਦੇ ਹਾਂ। ਪਰ ਸੰਤ-ਮਹਾਤਮਾਵਾਂ ਨੂੰ ਦੂਨੀਆ ਦੀ ਕੋਈ ਤਾਕਤ ਬੇੜੀਆਂ ਨਹੀਂ ਪਾ ਸਕਦੀ। ਸੰਤ ਵਗਦੇ ਦਰਿਆ ਵਾਂਗ ਦੁਨੀਆ ਦੇ ਲਈ ਥਾਂ-ਥਾਂ ਤੇ ਜਾ ਕੇ ਰੱਬੀ ਰਹਿਮਤਾਂ ਵੰਡਦੇ ਆਏ ਹਨ ਤੇ ਵਰਤਾਂਦੇ ਰਹਿਣਗੇ। ਫੇਰ ਬਾਲਕ ਦਰਸ਼ਨ ਨੂੰ ਸੰਬੋਧਨ ਕਰਕੇ ਕਹਿਣ ਲਗੇ ਕਿ ਇਹਨਾਂ ਦਾ ਜੀਵਨ ਵੀ ਇਹੋ ਜਿਹਾ ਹੋਏਗਾ, ਵੰਸ਼ ਵਧੇਗਾ ਪਰ ਬੇੜੀਆਂ ਨਹੀਂ ਪੈਣਗੀਆਂ। ਪਿਤਾ ਜੀ ਨੇ ਤੀਜਾ ਵਚਨ ਇਹ ਮੰਗਿਆ ਕਿ ਜਿਹੜਾ ਵੀ ਦੁਖੀ, ਲੋੜਵੰਦ ਜਾਂ ਗਰਜ਼ਮੰਦ ਇਹਨਾਂ ਦੇ ਦਰ ਤੇ ਆਵੇ ਤਾਂ ਉਹ ਕਦੇ ਵੀ ਖਾਲੀ ਨਾ ਜਾਵੇ। ਜਿੱਥੇ ਵੀ ਇਹਨਾਂ ਦਾ ਸਥ਼ਾਨ ਹੋਵੇ, ਉਥੇ ਕੋਈ ਵੀ ਲੰਗਰ-ਪ੍ਰਸਾਦਿ ਤੋਂ ਬਗੈਰ ਨਾ ਜਾਵੇ। ਉਸ ਤਾਕਤ ਨੇ ਪਿਤਾ ਜੀ ਦਾ ਤੀਸਰਾ ਵਚਨ ਵੀ ਮੰਜੂਰ ਕਰਕੇ ਕਿਹਾ ਕਿ ਅਸੀਂ ਤੁਹਾਡੇ ਤਿੰਨ ਵਚਨ ਮੰਨ ਲਏ ਹਨ ਤੇ ਹੁਣ ਇਹ ਬਾਲਕ ਸਾਡਾ ਹੋ ਗਿਆ ਹੈ ਤੇ ਹੁਣ ਅਸੀਂ ਇਸ ਤੋਂ ਆਪਣੇ ਕੰਮ ਕਰਵਾਉਣੇ ਹਨ।

ਉਸ ਤੋਂ ਬਾਅਦ ਉਥੇ ਦੂਰੋਂ-ਦੂਰੋਂ ਸੰਗਤਾਂ ਆਉਣ ਲਗ ਪਈਆਂ ਤੇ ਹਜ਼ੂਰ ਬਾਬਾ ਜੀ ਨੇ ਉਹਨਾਂ ਨੂੰ ਰੱਬੀ ਰਹਿਮਤਾਂ ਦੇ ਭੰਡਾਰ ਵਰਤਾਣੇ ਸ਼ੁਰੂ ਕਰ ਦਿੱਤੇ। ਦੂਰ-ਦੂਰ ਤਕ ਆਪ ਜੀ ਦੀ ਪ੍ਰਸ਼ੰਸਾ ਹੋਣ ਲਗ ਪਈ ਕਿ

ਜਲੰਧਰ ਵਿਚ ਇਕ ਬਾਬਾ ਜੀ ਹਨ, ਜਿਹਨਾਂ ਕੋਲ ਕੋਈ ਰੱਬੀ ਤਾਕਤ ਹੈ ਤੇ ਜਿਹੜਾ ਵੀ ਉਹਨਾਂ ਦੇ ਦਰ ਤੇ ਕੋਈ ਆਸ-ਮੁਰਾਦ ਲੈ ਕੇ ਜਾਂਦਾ ਹੈ, ਉਹ ਕਦੇ ਖਾਲੀ ਨਹੀਂ ਮੁੜਦਾ। ਆਪ ਜੀ ਦੀ ਇੰਨੀ ਸੋਭਾ ਸੁਣ ਕੇ ਕਈ ਸਾਧੂ, ਫ਼ਕੀਰ ਤੇ ਸਿਆਣੇ ਆਪ ਜੀ ਦੀ ਪਰਖ ਲੈਣ ਵਾਸਤੇ ਆਉਂਦੇ, ਪਰ ਉਹਨਾਂ ਦਾ ਕੋਈ ਚਾਰਾ ਨਾ ਚਲਦਾ, ਸਗੋਂ ਉਹਨਾਂ ਨੂੰ ਮੂੰਹ ਦੀ ਖਾਣੀ ਪੈਂਦੀ। ਇਕ ਵਾਰ ਦੀ ਗੱਲ ਹੈ ਕਿ ਇਕ ਸਾਧੂ ਭਗਵੇ ਕਪੜੇ ਪਾ ਕੇ ਆਪ ਜੀ ਦੇ ਦਰਬਾਰ ਵਿਚ ਆਇਆ ਤੇ ਸਭ ਤੋਂ ਪਿੱਛੇ ਬੈਠ ਕੇ ਕੁਝ ਮੰਤਰ ਪੜ੍ਹਨ ਲਗ ਪਿਆ। ਆਪ ਗੱਦੀ ਤੇ ਬਿਰਾਜਮਾਨ ਸੀ ਤੇ ਸਭ ਕੁਝ ਜਾਣਦੇ ਸਨ। ਆਪ ਨੇ ਉਸ ਨੂੰ ਆਪਣੇ ਕੋਲ ਸੱਦਿਆ ਤੇ ਸਾਹਮਣੇ ਬਿਠਾ ਕੇ ਕਿਹਾ, ''ਭਾਈ ਲਾ ਲੈ ਜ਼ੋਰ ਜਿੰਨਾ ਲਾਉਣਾ ਹੈ ਤੇ ਝੋਲੇ ਵਿਚ ਜਿਹੜਾ ਹੋਰ ਕੁਝ ਮਾਲਾ-ਮੰਤਰ ਲੈ ਕੇ ਆਇਆ ਹੈਂ, ਉਸ ਨੂੰ ਕੱਢ ਕੇ ਅਜ਼ਮਾ ਲੈ''। ਸਾਧੂ ਨੇ ਝੋਲੇ ਵਿਚੋਂ ਇਕ ਮਾਲਾ ਕੱਢੀ ਤੇ ਉੱਚੀ-ਉੱਚੀ ਮੰਤਰ ਪੜ੍ਹਨ ਲਗ ਪਿਆ। ਆਪ ਨੇ ਆਪਣੀ ਨਿਗਾਹ ਨਾਲ ਇਕ ਟੱਕ ਉਸ ਮਾਲਾ ਨੂੰ ਵੇਖਿਆ ਤੇ ਉਹ ਮਾਲਾ ਟੁੱਟ ਗਈ। ਉਸਦੇ ਮਣਕੇ ਦੂਰ-ਦੂਰ ਤੱਕ ਖਿੰਡ ਗਏ। ਸਾਧੂ ਘਬਰਾ ਕੇ ਆਪ ਦੇ ਚਰਣਾਂ ਵਿਚ ਡਿੱਗ ਪਿਆ। ਆਪ ਜੀ ਨੇ ਕਿਹਾ, ''ਉਸ ਮਾਲਿਕ ਨੇ ਤੈਨੂੰ ਇਹ ਸ਼ਕਤੀਆਂ ਦੁਨੀਆ ਦਾ ਭਲਾ ਕਰਨ ਲਈ ਦਿੱਤੀਆਂ ਸਨ, ਪਰ ਤੂੰ ਇਹਨਾਂ ਦੀ ਵਰਤੋਂ ਗਲਤ ਥਾਂ ਤੇ ਕਰਨ ਲਗ ਪਿਆ ਏਂ। ਇਹਨਾਂ ਨਾਲ ਜ਼ੋਰ-ਅਜ਼ਮਾਇਸ਼ ਕਰ ਰਿਹਾ ਹੈਂ। ਇਸ ਲਈ ਅੱਜ ਤੋਂ ਮਾਲਿਕ ਨੇ ਤੇਰੀਆਂ ਸਭ ਸ਼ਕਤੀਆਂ ਖ਼ਤਮ ਕਰ ਦਿੱਤੀਆਂ ਹਨ''। ਸਾਧੂ ਬੜਾ ਰੋਇਆ ਤੇ ਮਾਫ਼ੀ ਮੰਗਣ ਲੱਗਾ। ਹਜ਼ੂਰ ਬਾਬਾ ਜੀ ਨੇ ਉਸਨੂੰ ਸਮਝਾਉਂਦੇ ਹੋਏ ਕਿਹਾ, ''ਜੇ ਤੂੰ ਅਜੇ ਵੀ ਚੰਗੇ ਕੰਮ ਨਹੀਂ ਕੀਤੇ ਤੇ ਮਾੜੇ ਰਸਤੇ ਤੇ ਹੀ ਚਲਦਾ ਰਿਹਾ ਤਾਂ ਤੂੰ ਭੂਤ-ਪਿਸ਼ਾਚਾਂ ਵਾਲਾ ਜਾਮਾ ਲੈ ਕੇ 84 ਦੇ ਗੇੜ ਵਿਚ ਹੀ ਘੁੰਮਦਾ ਰਹੇਗਾਂ ਤੇ ਜੇ ਇਸ ਤੋਂ ਛੁਟਕਾਰਾ ਚਾਹੁੰਦਾ ਹੈਂ ਤਾਂ ਚੰਗਾ ਰਸਤਾ ਫੜ ਲੈ ਤੇ ਅੱਜ ਤੋਂ ਹੀ ਨੇਕ ਕੰਮ ਕਰਨੇ ਸ਼ੁਰੂ ਕਰ ਦੇ''।

ਤਕਰੀਬਨ ਡੇਢ ਸਾਲ ਜਲੰਧਰ ਵਿਚ ਸੰਗਤਾਂ ਦੀ ਸੇਵਾ ਕਰਕੇ ਹਜ਼ੂਰ ਬਾਬਾ ਜੀ ਬਟਾਲਾ ਆ ਗਏ ਤੇ ਆਪ ਨੇ ਬਟਾਲਾ ਦੀਆਂ ਸੰਗਤਾਂ ਨੂੰ ਨਿਹਾਲ ਕਰਨਾ ਸ਼ੁਰੂ ਕਰ ਦਿੱਤਾ। ਆਪ ਜੀ ਦਾ ਘਰ ਛੋਟਾ ਹੀ ਸੀ ਤੇ ਸੰਗਤਾਂ ਦੀ ਤਦਾਦ ਦਿਨੋਂ ਦਿਨ ਵੱਧ ਰਹੀ ਸੀ। ਸੰਗਤਾਂ ਲਈ ਹੁਣ ਇਕ ਖੁੱਲ੍ਹੀ ਜਗ੍ਹਾ ਦੀ ਲੋੜ ਮਹਿਸੂਸ ਹੋਈ ਤੇ ਆਪ ਜੀ ਨੇ ਪਿਤਾ ਜੀ ਨਾਲ ਸਲਾਹ-ਮਸ਼ਵਰਾ ਕਰਕੇ ਘਰ ਤੋਂ ਥੋੜ੍ਹੀ ਦੂਰ ਖੇਤਾਂ ਵੱਲ ਜ਼ਮੀਨ ਖ਼ਰੀਦ ਕੇ ਆਪਣਾ ਡੇਰਾ ਬਣਾਇਆ। ਇਹ ਉਹੋ ਹੀ ਸਥਾਨ ਸੀ ਜਿਥੇ ਆਪ ਜੀ ਨੂੰ ਪਹਿਲੀ ਵਾਰ ਪੱਠੇ ਵੱਢਦਿਆਂ ਰੱਬੀ ਤਾਕਤ ਦੇ ਘੋੜੇ ਤੇ ਦਰਸ਼ਨ ਹੋਏ ਸਨ ਤੇ ਅੱਜ ਉਥੇ ਸੱਚਖੰਡ ਨਾਨਕ ਧਾਮ ਬਟਾਲਾ ਡੇਰਾ ਬਣਿਆ ਹੋਇਆ ਹੈ।



ਸਚਖੰਡ ਨਾਨਕ ਧਾਮ ਬਟਾਲਾ

ਜਿੱਥੇ-ਜਿੱਥੇ ਹਜ਼ੂਰ ਬਾਬਾ ਜੀ ਦੀ ਸੰਗਤ ਸੀ, ਹਜ਼ੂਰ ਆਪ ਉਥੇ ਜਾ ਕੇ ਉਹਨਾਂ ਨੂੰ ਪਰਮਾਤਮਾ ਨਾਲ ਜੋੜਦੇ। ਇੰਜ ਉਹ ਕਦੇ ਜਲੰਧਰ, ਕਪੂਰਥਲਾ ਜਾਂ ਲੁਧਿਆਣਾ ਆਦਿ ਸ਼ਹਿਰਾਂ ਵਿਚ ਜਾਂਦੇ ਤੇ ਸੇਵਕਾਂ ਦੇ ਘਰ-ਘਰ ਜਾ ਕੇ ਕੀਰਤਨ ਤੇ ਸਤਿਸੰਗ ਕਰਦੇ। ਕਪੂਰਥਲਾ ਵਿਚ ਬਲਦੇਵ ਰਾਜ ਨਾਮ ਦੇ ਸੇਵਕ ਦੇ ਘਰ ਆਪ ਜਾਂਦੇ ਤੇ ਉਥੇ ਦੋ ਦਿਨ

ਠਹਿਰਦੇ। ਦਿਨ-ਰਾਤ ਕੀਰਤਨ-ਸਤਿਸੰਗ ਕਰਦੇ, ਸੰਗਤ ਨੂੰ ਨਿਹਾਲ ਕਰਦੇ ਤੇ ਨਾਲ ਹੀ ਸੰਗਤ ਦੇ ਦੁੱਖ-ਦਰਦ ਸੁਣ ਕੇ ਉਹਨਾਂ ਤੇ ਕਿਰਪਾ-ਰਹਿਮਤ ਕਰਦੇ। ਇਸ ਤਰ੍ਹਾਂ ਕਪੂਰਥਲਾ ਵਿਚ ਸੰਗਤ ਕਾਫ਼ੀ ਹੋ ਗਈ ਸੀ। ਇਕ ਦਿਨ ਆਪ ਦੀ ਸੰਗਤ ਵਿਚ ਸ੍ਰੀ ਅਮਰਨਾਥ ਸੇਠੀ ਜੀ, ਜੋ ਪਟਵਾਰੀ ਸਨ, ਉਹਨਾਂ ਦੀ ਪਤਨੀ ਕਰਤਾਰ ਦੇਈ ਜੀ ਸ਼ਾਮਿਲ ਹੋਏ। ਉਹਨਾਂ ਦਾ ਵੱਡਾ ਪੁੱਤਰ ਸ੍ਰੀ ਰਾਜਿੰਦਰ ਪਾਲ ਸੇਠੀ ਠੀਕ ਨਹੀਂ ਸੀ ਰਹਿੰਦਾ, ਉਹਨਾਂ ਬਾਰੇ ਗੱਲ ਕਰਨ ਲਈ ਉਹ ਹਜ਼ੂਰ ਬਾਬਾ ਜੀ ਕੋਲ ਆਏ ਸਨ। ਸੰਗਤ ਕਾਫ਼ੀ ਤਦਾਦ ਵਿਚ ਸੀ ਤੇ ਵਾਰੀ ਆਉਣ ਵਿਚ ਦੋ-ਦੋ ਘੰਟੇ ਲਗ ਜਾਂਦੇ ਸਨ। ਪਰ ਕਰਤਾਰ ਦੇਈ ਜੀ ਨੂੰ ਬਹੁਤ ਇੰਤਜ਼ਾਰ ਨਹੀਂ ਕਰਨਾ ਪਿਆ ਤੇ ਹਜ਼ੂਰ ਬਾਬਾ ਜੀ ਨੇ ਉਹਨਾਂ ਨੂੰ ਅਵਾਜ਼ ਦੇ ਕੇ ਬੁਲਾ ਲਿਆ। ਕਰਤਾਰ ਦੇਈ ਜੀ ਨੇ ਹਜ਼ੂਰ ਦੇ ਚਰਣਾਂ ਵਿਚ ਨਮਸਕਾਰ ਕੀਤਾ ਤੇ ਕੁਝ ਨਹੀਂ ਬੋਲੇ। ਹਜ਼ੂਰ ਬਾਬਾ ਜੀ ਕਹਿਣ ਲੱਗੇ, "ਮਾਤਾ ਜੀ, ਤੁਸੀਂ ਆਪਣੇ ਵੱਡੇ ਪੁੱਤਰ ਬਾਰੇ ਗੱਲ ਕਰਨ ਲਈ ਆਏ ਹੋ, ਜੋ ਕਾਫ਼ੀ ਸਮੇਂ ਤੋਂ ਠੀਕ ਨਹੀਂ ਰਹਿੰਦਾ"। ਕਰਤਾਰ ਦੇਈ ਜੀ ਕੁਝ ਨਹੀਂ ਬੋਲੇ ਤੇ ਚੁੱਪਚਾਪ ਖੜੇ ਰਹੇ। ਫੇਰ ਆਪ ਕਹਿਣ ਲਗੇ, "ਮਾਤਾ ਜੀ, ਉਸ ਨੂੰ ਕੀਤੇ-ਕਰਾਏ ਦਾ ਨੁਕਸ ਹੈ, ਇਸ ਲਈ ਉਹ ਠੀਕ ਨਹੀਂ ਰਹਿੰਦਾ। ਬਾਕੀ ਤੁਹਾਨੂੰ ਬਿਆਸ ਵਾਲੇ ਮਹਾਰਾਜ ਜੀ ਸਾਵਣ ਸਿੰਘ ਜੀ ਤੋਂ ਨਾਮ ਦੀ ਬਖ਼ਸ਼ਿਸ਼ ਹੋਈ ਹੈ, ਇਸ ਲਈ ਉਹਨਾਂ ਦੀ ਮਿਹਰ-ਕਿਰਪਾ ਤੁਹਾਡੇ ਤੇ ਹੈ। ਤੁਹਾਨੂੰ ਕੁਝ ਨਹੀਂ ਹੋ ਸਕਦਾ, ਤੁਸੀਂ ਵਹਿਮਾਂ-ਭਰਮਾਂ ਵਿਚ ਨਹੀਂ ਪੈਣਾ। ਆਪ ਜੀ ਦਾ ਪੁੱਤਰ ਠੀਕ ਹੋ ਜਾਏਗਾ"। ਆਪ ਜੀ ਦੇ ਵਚਨ ਸੁਣ ਕੇ ਬੀਬੀ ਕਰਤਾਰ ਦੇਈ ਬੜੀ ਹੈਰਾਨ ਹੋਈ ਕਿ ਬਗੈਰ ਕੁਝ ਬੋਲਿਆਂ ਤੇ ਬਗੈਰ ਕੁਝ ਦੱਸਿਆਂ ਆਪ ਨੇ ਸਭ ਕੁਝ ਬਿਆਨ ਕਰ ਦਿਤਾ। ਜਦੋਂ ਉਹ ਘਰ ਪਹੁੰਚੇ ਤਾਂ ਬਾਰ-ਬਾਰ ਇਹੋ ਆਖ ਰਹੇ ਸਨ ਕਿ ਹਜ਼ੂਰ ਬਾਬਾ ਜੀ ਬੜੇ ਪਹੁੰਚੇ ਹੋਏ ਸੰਤ ਹਨ ਤੇ ਉਹ ਆਪਣੇ ਛੋਟੇ ਬੇਟੇ ਹੀਰਾ ਲਾਲ ਤੇ ਆਪਣੀ ਧੀ ਬੀਬੀ ਊਸ਼ਾ ਨੂੰ ਹਜ਼ੂਰ ਬਾਬਾ ਜੀ ਕੋਲ ਲੈ ਕੇ ਗਏ ਤੇ ਹਜ਼ੂਰ ਬਾਬਾ ਜੀ ਤੋਂ

ਅਸ਼ੀਰਵਾਦ ਦਵਾਇਆ। ਉਹਨਾਂ ਦਾ ਵੱਡਾ ਪੁੱਤਰ, ਜਿਹਨਾਂ ਬਾਰੇ ਗੱਲ ਕਰਨ ਲਈ ਉਹ ਹਜ਼ੂਰ ਕੋਲ ਗਏ ਸਨ, ਉਹ ਤੇ ਵਿਚਕਾਰਲਾ ਪੁੱਤਰ ਪ੍ਰੇਮ ਨਾਥ, ਦੋਵੇਂ ਜੰਮੂ ਰਹਿੰਦੇ ਸਨ। ਥੋੜ੍ਹੇ ਦਿਨਾਂ ਬਾਅਦ ਪ੍ਰੇਮ ਨਾਥ ਜਦੋਂ ਕਪੂਰਥਲਾ ਆਏ ਤਾਂ ਹੀਰਾ ਲਾਲ ਨੇ ਉਹਨਾਂ ਨੂੰ ਹਜ਼ੂਰ ਬਾਬਾ ਜੀ ਦੇ ਦਰਸ਼ਨ ਕਰਨ ਲਈ ਆਖਿਆ। ਰਸਤੇ ਵਿਚ ਪ੍ਰੇਮ ਨਾਥ ਜੀ ਨੇ ਕਿਹਾ ਕਿ ਗੁਰੂ ਤਾਂ ਅਸੀਂ ਬਣਾ ਲਿਆ ਹੈ (ਉਹਨਾਂ ਨੂੰ ਹਜ਼ੂਰ ਮਹਾਰਾਜ ਚਰਣ ਸਿੰਘ ਜੀ ਤੋਂ ਨਾਮ ਦੀ ਬਖ਼ਸ਼ਿਸ਼ ਹੋਈ ਸੀ) ਸੋ ਹੁਣ ਹਜ਼ੂਰ ਬਾਬਾ ਜੀ ਨੂੰ ਕਹਿਣਾ ਹੈ ਕਿ ਜੇ ਯਾਰ ਬਣਾਉਣਾ ਹੈ ਤਾਂ ਯਾਰ ਬਣਾ ਲਉ। ਜਦੋਂ ਉਹ ਆਪ ਜੀ ਕੋਲ ਪਹੁੰਚੇ ਤਾਂ ਨਮਸਕਾਰ ਕਰਕੇ ਦੋਵੇਂ ਸੰਗਤ ਵਿਚ ਪਿੱਛੇ ਬੈਠ ਗਏ। ਉਸ ਦਿਨ ਸੰਗਤ ਕਾਫ਼ੀ ਸੀ ਤੇ ਇਹ ਸੋਚਣ ਲੱਗੇ ਕਿ ਅੱਜ ਸਾਡੀ ਹਜ਼ੂਰ ਨਾਲ ਗੱਲ-ਬਾਤ ਸ਼ਾਇਦ ਹੀ ਹੋ ਸਕੇਗੀ। ਥੋੜ੍ਹੀ ਦੇਰ ਬਾਅਦ ਉਹਨਾਂ ਸੋਚਿਆ ਕਿ ਹੁਣ ਸਾਨੂੰ ਚਲਣਾ ਚਾਹੀਦਾ ਹੈ। ਜਦੋਂ ਉਹ ਉਠੱਕੇ ਜਾਣ ਲੱਗੇ ਤਾਂ ਆਪ ਨੇ ਅਵਾਜ਼ ਦਿੱਤੀ, ''ਭਾਈ, ਸ਼ਰਧਾ ਲੈ ਕੇ ਆਏ ਹੋ ਤਾਂ ਸ਼ਰਧਾ ਲੈ ਕੇ ਜਾਉ''। ਇਹ ਦੋਵੇਂ ਅੱਗੇ ਪਹੁੰਚੇ ਤੇ ਹਜ਼ੂਰ ਦੇ ਚਰਣਾਂ ਵਿਚ ਮੱਥਾ ਟੇਕਿਆ ਤੇ ਆਪ ਕਹਿਣ ਲੱਗੇ, ''ਜਦ ਘਰੋਂ ਤੁਰੇ ਸੀ ਤਾਂ ਸਾਨੂੰ ਯਾਰ ਬਣਾਉਣ ਲਈ ਆਏ ਸੀ। ਹੁਣ ਬਿਨਾ ਯਾਰ ਬਣਾਏ ਚਲੇ ਹੋ। ਤੁਸੀਂ ਤਾਂ ਸਾਡੇ ਪੁਰਾਣੇ ਬੇਲੀ ਹੋ''। ਪ੍ਰੇਮ ਨਾਥ ਜੀ ਸੋਚਣ ਲੱਗ ਪਏ ਕਿ ਆਪ ਨੂੰ ਇਹ ਸਭ ਕਿਵੇਂ ਪਤਾ ਲੱਗਿਆ ਤੇ ਉਹਨਾਂ ਦੀ ਸ਼ਰਧਾ ਹੋਰ ਵਧ ਗਈ। ਇੰਜ ਕਰਤਾਰ ਦੇਈ ਦਾ ਤੇ ਉਹਨਾਂ ਦੇ ਬੱਚਿਆਂ ਦਾ ਹਜ਼ੂਰ ਬਾਬਾ ਜੀ ਕੋਲ ਆਉਣਾ-ਜਾਣਾ ਵਧ ਗਿਆ।

ਇਸ ਪਰਿਵਾਰ ਵਿਚੋਂ ਸ਼੍ਰੀ ਅਮਰਨਾਥ ਸੇਠੀ ਜੀ ਅਜੇ ਹਜ਼ੂਰ ਬਾਬਾ ਜੀ ਕੋਲ ਨਹੀਂ ਸਨ ਆਏ ਕਿਉਂਕਿ ਉਹਨਾਂ ਦੀ ਸ਼ਰਧਾ ਆਪਣੇ ਗੁਰੂ ਹਜ਼ੂਰ ਮਹਾਰਾਜ ਸਾਵਣ ਸਿੰਘ ਜੀ ਪ੍ਰਤੀ ਬਹੁਤ ਸੀ। ਇਕ ਦਿਨ ਦੀ ਗੱਲ ਹੈ ਕਿ ਆਪਣੇ ਨਿਤਨੇਮ ਅਨੁਸਾਰ ਉਹ ਆਪਣੀ ਦੁਕਾਨ ਤੇ ਆਪਣੇ ਨਾਮ-ਸਿਮਰਨ ਵਿਚ ਲੀਨ ਬੈਠੇ ਸਨ।

ਭਗਤੀ ਤੋਂ ਬਾਅਦ ਅਰਦਾਸ ਕਰਦੇ ਹੋਏ ਉਹ ਆਪਣੀਆਂ ਘਰੇਲੂ ਪਰੇਸ਼ਾਨੀਆਂ ਬਾਰੇ ਆਪਣੇ ਸਤਿਗੁਰੂ ਦੇ ਸਰੂਪ ਨਾਲ ਗੱਲ ਬਾਤ ਕਰ ਰਹੇ ਸਨ। ਉਸੇ ਵੇਲੇ ਉਹਨਾਂ ਨੂੰ ਇਸ਼ਾਰਾ ਹੋਇਆ ਕਿ ਜਿੱਥੇ ਤੁਹਾਡਾ ਪਰਿਵਾਰ ਜਾਂਦਾ ਹੈ, ਤੁਸੀਂ ਵੀ ਉਹਨਾਂ ਸੰਤ-ਮਹਾਤਮਾ ਕੋਲ ਜਾਓ। ਉਹ ਤੁਹਾਡੀਆ ਦੁਨੀਆਵੀ ਮੁਸ਼ਕਿਲਾਂ ਨੂੰ ਹਲ ਕਰਣਗੇ। ਉਹ ਉਸੇ ਵੇਲੇ ਦੁਕਾਨ ਤੋਂ ਘਰ ਪਹੁੰਚੇ ਤੇ ਆਪਣੇ ਪਰਿਵਾਰ ਨੂੰ ਆਖਣ ਲੱਗੇ ਕਿ ਮੈਂ ਹਜ਼ੂਰ ਬਾਬਾ ਜੀ ਕੋਲ ਜਾ ਰਿਹਾ ਹਾਂ। ਤੁਸੀਂ ਤਿਆਰੀਆਂ ਕਰੋ ਮੈਂ ਉਹਨਾਂ ਦੇ ਚਰਣ ਆਪਣੇ ਘਰ ਵਿਚ ਪਵਾਣੇ ਹਨ। ਇੰਨੀ ਗੱਲ ਕਰਕੇ ਉਹ ਹਜ਼ੂਰ ਮਹਾਰਾਜ ਜੀ ਕੋਲ ਪਹੁੰਚੇ ਤੇ ਚੁੱਪਚਾਪ ਬੈਠ ਗਏ। ਉਸ ਸਮੇਂ ਉਥੇ ਕਾਫ਼ੀ ਸੰਗਤ ਮੌਜੂਦ ਸੀ ਤੇ ਹਜ਼ੂਰ ਬਾਬਾ ਜੀ ਇਸ਼ਨਾਨ ਕਰਨ ਦੀ ਤਿਆਰੀ ਕਰ ਰਹੇ ਸਨ। ਆਪ ਸੰਗਤ ਵਿਚ ਆ ਕੇ ਕਹਿਣ ਲਗੇ ਕਿ ਬਾਊਜੀ (ਸ੍ਰੀ ਅਮਰਨਾਥ ਸੇਠੀ ਜੀ ਨੂੰ ਸਭ ਬਾਊਜੀ ਆਖਦੇ ਸਨ) ਸਾਨੂੰ ਆਪਣੇ ਘਰ ਲਿਜਾਣ ਲਈ ਆਏ ਹਨ ਤੇ ਅਜ ਅਸੀਂ ਇਹਨਾਂ ਦੇ ਘਰ ਜਾਣਾ ਹੈ। ਆਪ ਇਸ਼ਨਾਨ ਕਰਕੇ ਤਿਆਰ ਹੋਏ ਤੇ ਬਾਊਜੀ ਦੇ ਘਰ ਵੱਲ ਤੁਰ ਪਏ। ਆਪ ਅੱਗੇ-ਅੱਗੇ, ਪਿੱਛੇ ਬਾਊਜੀ ਤੇ ਸਾਰੀ ਸੰਗਤ। ਸਭ ਬਾਊਜੀ ਦੇ ਘਰ ਪਹੁੰਚ ਗਏ। ਇੱਥੇ ਆਪ ਨੇ ਸਤਿਸੰਗ ਕੀਤਾ, ਸੰਗਤ ਨਾਲ ਗੱਲਬਾਤ ਕੀਤੀ, ਲੰਗਰ ਛੱਕਿਆ ਤੇ ਸਾਰੀ ਰਾਤ ਕੀਰਤਨ ਕੀਤਾ। ਸਵੇਰੇ ਪੰਜ ਵਜੇ ਆਪ ਬਲਦੇਵ ਰਾਜ ਦੇ ਘਰ ਵਾਪਿਸ ਆ ਗਏ ਤੇ ਘਰ ਆ ਕੇ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਲਿਆ। ਕਾਫ਼ੀ ਸਮੇਂ ਬਾਅਦ ਜਦੋਂ ਆਪ ਬਾਹਰ ਨਿਕਲੇ ਤੇ ਆਪ ਨੇ ਜੋ ਵਚਨ ਕੀਤੇ ਉਹ ਸੁਣ ਕੇ ਪਹਿਲਾਂ ਤਾਂ ਸਭ ਨੂੰ ਹੈਰਾਨੀ ਹੋਈ। ਪਰ ਦਿਲੋਂ ਸਭਨਾਂ ਨੂੰ ਬੜ੍ਹੀ ਖੁਸ਼ੀ ਮਹਿਸੂਸ ਹੋਈ। ਆਪ ਜੀ ਨੇ ਕਿਹਾ ਕਿ ਬਾਊਜੀ ਦੀ ਸਪੁਤਰੀ ਬੀਬੀ ਉਸ਼ਾ ਜੀ ਨਾਲ ਸਾਡੇ ਸੰਜੋਗ ਹਨ ਤੇ ਆਪ ਨੇ ਉਸੇ ਸਮੇਂ ਬਾਊਜੀ ਦੇ ਘਰ ਸੁਨੇਹਾ ਭੇਜਿਆ ਕਿ ਸਾਨੂੰ ਆਪਣੇ ਮਾਲਿਕ ਦਾ ਹੁਕਮ ਹੋਇਆ ਹੈ। ਸਾਨੂੰ ਆਗਿਆ ਤਾਂ ਨਹੀਂ ਸੀ, ਪਰ ਮਾਤਾ-ਪਿਤਾ ਦੀ ਇੱਛਾ ਨੂੰ ਮੁੱਖ ਰੱਖਦਿਆਂ ਸਾਨੂੰ ਮਾਲਿਕ ਦਾ

ਹੁਕਮ ਮੰਨਣਾ ਪੈਣਾ ਹੈ। ਸਾਡੇ ਤੇ ਬੀਬੀ ਊਸ਼ਾ ਦੇ ਸੰਜੋਗ ਧੁਰ-ਧਾਮ ਦੇ ਹਨ। ਜਦੋਂ ਬਾਊਜੀ ਦੇ ਘਰ ਇਹ ਸੰਦੇਸ਼ਾ ਪੰਹੁਚਿਆ ਤਾਂ ਉਹ ਬੜੇ ਹੈਰਾਨ ਹੋਏ ਕਿ ਹਜ਼ੂਰ ਬਾਬਾ ਜੀ ਇਹ ਕੀ ਆਖ ਰਹੇ ਹਨ। ਉਹ ਉਸੇ ਵੇਲੇ ਹਜ਼ੂਰ ਕੋਲ ਪਹੁੰਚੇ ਤੇ ਕਹਿਣ ਲੱਗੇ ਕਿ ਹਜ਼ੂਰ ਬਾਬਾ ਜੀ, ਆਪ ਠਹਿਰੇ ਸੰਤ-ਫ਼ਕੀਰ ਤੇ ਅਸੀਂ ਸੰਸਾਰਿਕ ਜੀਵ, ਸਾਡਾ ਤੁਹਾਡਾ ਮੇਲ ਕਿਵੇਂ ਹੋ ਸਕਦਾ ਹੈ? ਆਪਨੇ ਉੱਤਰ ਦਿੱਤਾ ਕਿ ਇਹ ਜੋ ਕੁਝ ਹੋ ਰਿਹਾ ਹੈ, ਮਾਲਿਕ ਦੇ ਹੁਕਮ ਦੇ ਨਾਲ ਹੋ ਰਿਹਾ ਹੈ। ਇਹ ਧੁਰ-ਧਾਮ ਦੇ ਲੇਖ ਹਨ। ਹਜ਼ੂਰ ਦੇ ਇਹ ਵਚਨ ਸੁਣ ਕੇ ਉਸ ਪਰਿਵਾਰ ਨੇ ਮਾਲਿਕ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਆਪਣੀ ਸਪੁੱਤਰੀ ਬੀਬੀ ਊਸ਼ਾ ਦਾ ਰੋਕਾ ਹਜ਼ੂਰ ਬਾਬਾ ਜੀ ਨਾਲ ਕਰ ਦਿੱਤਾ ਤੇ ਸਗਨ ਦੇ ਤੌਰ ਤੇ ਇਕ ਮਠਿਆਈ ਦਾ ਡੱਬਾ 51 ਰੁਪਏ ਹਜ਼ੂਰ ਦੀ ਝੋਲੀ ਵਿਚ ਪਾ ਦਿੱਤੇ। ਜਦੋਂ ਹਜ਼ੂਰ ਬਟਾਲਾ ਘਰ ਪਹੁੰਚੇ ਤੇ ਮਾਤਾ ਜੀ ਨੂੰ ਕਹਿਣ ਲੱਗੇ, "ਲਓ, ਅੰਮਾ ਜੀ, ਅਸੀਂ ਤੁਹਾਡੀ ਤਮੰਨਾ ਪੂਰੀ ਕਰ ਆਏ ਹਾਂ" ਤੇ ਮਾਤਾ-ਪਿਤਾ ਨੂੰ ਸਾਰੀ ਗੱਲ ਦੱਸੀ। ਪਹਿਲਾਂ ਤਾਂ ਉਹਨਾਂ ਨੂੰ ਯਕੀਨ ਨਹੀਂ ਆਇਆ ਪਰ ਜਦੋਂ ਪਤਾ ਲੱਗਾ ਕਿ ਇਹ ਗੱਲ ਵਾਕਈ ਸੱਚ ਹੈ ਤਾਂ ਉਹਨਾਂ ਦੇ ਪੈਰ ਜ਼ਮੀਨ ਤੇ ਨਹੀਂ ਸੀ ਲਗ ਰਹੇ। ਇਸ ਤੋਂ ਬਾਅਦ ਦੋਹਾਂ ਪਰਿਵਾਰਾਂ ਦਾ ਮੇਲ-ਜੋਲ ਸ਼ੁਰੂ ਹੋਇਆ। ਇਹ ਜੂਨ 1973 ਦੀ ਗਲ ਹੈ, ਉਸ ਸਮੇਂ ਹਜ਼ੂਰ ਬਾਬਾ ਜੀ 19 ਸਾਲ ਦੇ ਸਨ। ਇਸ ਤੋਂ ਉਪਰਾਂਤ ਊਸ਼ਾ ਰਾਨੀ ਜੀ ਨੂੰ ਸਮੇਂ-ਸਮੇਂ ਸਿਰ ਅਕਸਰ ਦੇਵੀ-ਦੇਵਤਿਆਂ ਦੇ ਵੱਖ-ਵੱਖ ਰੂਪ ਵਿੱਚ ਦਰਸ਼ਨ ਹੋਣੇ ਸ਼ੁਰੂ ਹੋ ਗਏ, ਇਸ ਦੇ ਬਾਰੇ ਊਸ਼ਾ ਰਾਨੀ ਨੇ ਆਪਣੇ ਮਾਂ-ਬਾਪ ਨੂੰ ਦਸਿਆ। ਅੱਗੋਂ ਮਾਂ-ਬਾਪ ਨੇ ਹਜ਼ੂਰ ਬਾਬਾ ਜੀ ਨਾਲ ਇਸ ਬਾਬਤ ਬੇਨਤੀ ਕੀਤੀ। ਇਹ ਸੁਣ ਕੇ ਹਜ਼ੂਰ ਬਾਬਾ ਜੀ ਨੇ ਫਰਮਾਇਆ ਕਿ ਕੋਈ ਗੱਲ ਨਹੀਂ। ਦੈਵੀ-ਸ਼ਕਤੀਆਂ ਉਸ਼ਾ ਰਾਨੀ ਨੂੰ ਅਗਾਹ ਕਰ ਰਹੀਆਂ ਹਨ ਕਿ ਹੁਣ ਉਹ ਬਹੁਤਾ ਸਮਾਂ ਆਪਣਾ ਧਿਆਨ ਰੱਬ ਦੇ ਚਰਣਾਂ ਨਾਲ ਜੋੜੇ।

ਤਿੰਨ ਸਾਲ ਬਾਅਦ 4 ਮਾਰਚ, 1976 ਵਾਲੇ ਦਿਨ ਆਪ ਬਰਾਤ ਲੈ ਕੇ

ਕਪੂਰਥਲਾ ਪਹੁੰਚੇ। ਲੜਕੀ ਵਾਲਿਆਂ ਨੇ ਬਰਾਤ ਦੇ ਸੁਆਗਤ ਵਿਚ ਕੋਈ ਕਸਰ ਨਹੀਂ ਛੱਡੀ। ਘਰ ਦੇ ਲਾਗੇ ਹੀ ਇਕ ਵੱਡਾ ਮੰਦਿਰ ਸੀ, ਉਥੇ ਬਰਾਤ ਠਹਿਰਾਈ ਗਈ। ਉਥੋਂ ਬਰਾਤ ਘਰ ਢੁੱਕੀ। ਜੈ-ਮਾਲਾ ਹੋਈ ਤੇ ਤਾਰਿਆਂ ਦੀ ਛਾਵੇਂ ਬੇਦੀ ਦੇ ਫੇਰੇ ਹੋਏ। ਪੂਰੇ ਰੀਤੀ-ਰਿਵਾਜਾਂ ਅਨੁਸਾਰ ਤੇ ਬੜੀ ਧੂਮ-ਧਾਮ ਨਾਲ ਹਜ਼ੂਰ ਬਾਬਾ ਜੀ ਤੇ ਮਾਤਾ ਊਸ਼ਾ ਜੀ ਦਾ ਵਿਆਹ ਹੋਇਆ। ਦੂਰੋਂ-ਦੂਰੋਂ ਸੰਗਤ ਹੁਮ-ਹੁਮਾ ਕੇ ਆਪਣੇ ਸਤਿਗੁਰੂ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਪਹੁੰਚੀ ਸੀ। ਉਹ ਇਹਨਾਂ ਅਨਮੋਲ ਪਲਾਂ ਨੂੰ ਇਤਿਹਾਸਿਕ ਯਾਦਗਾਰ ਬਣਾ ਕੇ ਆਪਣੀਆਂ ਅੱਖਾਂ ਵਿਚ ਹਮੇਸ਼ਾ ਲਈ ਸਮਾ ਲੈਣਾ ਚਾਹੁੰਦੀ ਸੀ ਕਿਉਂਕਿ ਉਹਨਾਂ ਦੀਆਂ ਅੱਖਾਂ ਇਹਨਾਂ ਇਤਿਹਾਸਿਕ ਪਲਾਂ ਦੀਆਂ ਗਵਾਹ ਬਣ ਗਈਆਂ ਸਨ। ਮਾਤਾ-ਪਿਤਾ ਦੀ ਖੁਸ਼ੀ ਤਾਂ ਬਿਆਨ ਤੋਂ ਬਾਹਰ ਸੀ।

ਵਿਆਹ ਦੇ ਦੋ ਸਾਲ ਬਾਅਦ ਮਾਤਾ-ਪਿਤਾ ਦੀ ਖੁਸ਼ੀ ਨੂੰ ਉਦੋਂ ਚਾਰ ਚੰਨ ਲਗ ਗਏ ਜਦੋਂ ਹਜ਼ੂਰ ਦੇ ਘਰ ਇਕ ਪੁੱਤਰ ਨੇ ਜਨਮ ਲਿਆ। 8 ਜਨਵਰੀ 1978, ਐਤਵਾਰ ਦਾ ਦਿਨ ਤੇ ਸਵੇਰੇ 3 ਵੱਜ ਕੇ 10 ਮਿੰਟ, ਤੇ ਮਾਤਾ ਊਸ਼ਾ ਜੀ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਉਸ ਸਮੇਂ ਬਾਬਾ ਜੀ ਡੇਰਾ ਸਾਹਿਬ ਵਿਖੇ ਸੰਗਤ ਨਾਲ ਬੈਠੇ ਹੋਏ ਸੀ। ਘਰ ਦੇ ਸਾਹਮਣੇ ਇਕ ਮਿਸਤ੍ਰੀ ਰਹਿੰਦਾ ਸੀ। ਉਹ ਸਾਈਕਲ ਲੈ ਕੇ ਹਜ਼ੂਰ ਬਾਬਾ ਜੀ ਨੂੰ ਇਹ ਖੁਸ਼ਖਬਰੀ ਦੇਣ ਲਈ ਡੇਰੇ ਗਿਆ। ਉਧੱਰ ਹਜ਼ੂਰ ਬਾਬਾ ਜੀ ਕੀਰਤਨ-ਬਾਣੀ ਕਰਕੇ ਉਠੇ ਹੀ ਸਨ ਤੇ ਨਲਕੇ ਤੇ ਹੱਥ-ਪੈਰ ਧੋ ਰਹੇ ਸਨ। ਮਿਸਤ੍ਰੀ ਸਾਈਕਲ ਲੈ ਕੇ ਅਜੇ ਦਰਵਾਜੇ ਵਿਚ ਵੜਿਆ ਹੀ ਸੀ ਕਿ ਆਪ ਨੇ ਪਿੱਛੇ ਮੁੜ ਕੇ ਵੀ ਨਹੀਂ ਵੇਖਿਆ ਤੇ ਉਸ ਵੱਲ ਤੱਕਿਆ ਵੀ ਨਹੀਂ ਤੇ ਆਪ ਨੇ ਵਚਨ ਕੀਤਾ, "ਤਰਲੋਚਨ ਭਗਤ ਆ ਗਿਆ"। ਉਹ ਬੜਾ ਹੈਰਾਨ ਹੋਇਆ ਕਿ ਮੈਂ ਤਾਂ ਅਜੇ ਕੁਝ ਵੀ ਨਹੀਂ ਕਿਹਾ ਤੇ ਮੈਂ ਤਾਂ ਅਜੇ ਸੋਚ ਹੀ ਰਿਹਾ ਸੀ ਕਿ ਮੈਂ ਵਧਾਈ ਦੇਵਾਂਗਾ, ਪਰ ਆਪ ਨੇ ਪਹਿਲਾਂ ਹੀ ਆਖ ਦਿੱਤਾ, "ਤਰਲੋਚਨ ਭਗਤ ਆ ਗਿਆ ਇੰਜ ਆਪ ਨੇ ਆਪਣੇ ਵੱਡੇ



ਮਾਤਾ ਊਸ਼ਾ ਜੀ, ਬਾਲਕ ਤਰਲੋਚਨ ਅਤੇ ਬਾਲਕ ਧਿਆਨੂੰ ਦੇ ਨਾਲ

ਸਪੁੱਤਰ ਦਾ ਨਾਂ ਵੀ ਰੱਖ ਦਿੱਤਾ। ਜਦੋਂ ਬਾਲਕ ਤਰਲੋਚਨ 28 ਦਿਨਾਂ ਦੇ ਹੋਏ ਤਾਂ ਪੰਡਿਤ ਦੇ ਕਹੇ ਅਨੁਸਾਰ ਪੂਜਾ ਤੋਂ ਉਪਰਾਂਤ ਊਸ਼ਾ ਮਾਤਾ ਜੀ ਨੇ ਬਾਲਕ ਤਰਲੋਚਨ ਨੂੰ ਬਾਬਾ ਜੀ ਦੀ ਗੋਦ ਵਿਚ ਦਿੱਤਾ ਅਤੇ ਕਿਹਾ, ਬਾਬਾ ਜੀ  ਬਾਲਕ ਨੂੰ ਅਸ਼ੀਰਵਾਦ ਦਿਓ ਕਿ ਇਹ ਵੱਡਾ ਹੋ ਕੇ ਡਾਕਟਰ ਬਣੇ ਅਤੇ ਪਰਿਵਾਰ ਦਾ ਨਾਮ ਉਚੱਾ ਕਰੇ। ਬਾਬਾ ਜੀ ਨੇ ਕਿਹਾ ਕਿ ਬੀਬਾ ਇਹ ਤਾਂ ਧੁਰ-ਧਾਮ ਤੋਂ ਹੀ ਸੰਤ ਆਇਆ ਹੈ ਅਤੇ ਇਸ ਨੇ ਸੰਗਤ ਦੀ ਹੀ ਸੇਵਾ ਕਰਨੀ ਹੈ। ਫਿਰ ਹਜ਼ੂਰ ਬਾਬਾ ਜੀ ਨੇ ਬੱਚੇ ਨੂੰ ਭਰਪੂਰ ਪਿਆਰ ਦਿੱਤਾ, ਸਿਰ ਤੇ ਹੱਥ ਫੇਰਿਆ ਅਤੇ ਬੱਚੇ ਦੇ ਕੰਨ ਵਿੱਚ ਸ਼ਬਦ ਪੜਿਆ, ਅਤੇ ਮਾਲਿਕ ਦਾ ਸ਼ੁਕਰ ਕੀਤਾ।

ਡੇਢ ਸਾਲ ਬਾਅਦ 2 ਅਗਸਤ, 1979 ਵਾਲੇ ਦਿਨ ਆਪ ਜੀ ਦੇ ਘਰ ਇਕ ਹੋਰ ਪੁੱਤਰ ਦਾ ਜਨਮ ਹੋਇਆ ਤੇ ਉਸਦਾ ਨਾਂ ਆਪ ਜੀ ਨੇ ਧਿਆਨੂ ਰੱਖਿਆ। ਇੰਜ ਆਪ ਨੇ ਆਪਣੇ ਮਾਤਾ-ਪਿਤਾ ਨੂੰ ਦਿੱਤੇ ਦੂਜੇ ਵਚਨ ਦੀ ਪਾਲਣਾ ਕਰਦੇ ਹੋਏ ਉਹਨਾਂ ਨੂੰ ਜਗ ਨਾਲ ਰਲਾਇਆ।

ਹਜ਼ੂਰ ਬਾਬਾ ਜੀ ਕੋਲ ਰੱਬੀ ਤਾਕਤ ਦੀ ਰਹਿਮਤ ਦੇ ਨਾਲ-ਨਾਲ ਆਪਣੀ ਭਗਤੀ ਵੀ ਜੁੜ ਗਈ ਸੀ, ਜਿਹੜੀ ਆਪ ਜੀ ਨੇ ਕਈ-ਕਈ ਮਹੀਨੇ ਭੋਰੇ ਕੱਟ ਕੇ ਹਾਸਿਲ ਕੀਤੀ ਸੀ ਤੇ ਉਸ ਨਾਲ ਆਪ ਜੀ ਨੇ ਕਈ ਕੌਤਕ ਕੀਤੇ।

ਇਕ ਬੀਬੀ ਜਿਸ ਦਾ ਨਾਂ ਨਰਿੰਦਰ ਕੌਰ ਸੀ, ਉਸ ਦੇ ਵਿਆਹ ਨੂੰ 18 ਸਾਲ ਹੋ ਗਏ ਸਨ, ਪਰ ਉਸ ਦੇ ਘਰ ਕੋਈ ਔਲਾਦ ਨਹੀਂ ਸੀ। ਉਹਨਾਂ ਨੇ ਵੱਡੇ-ਵੱਡੇ ਡਾਕਟਰਾਂ ਤੋਂ ਆਪਣਾ ਇਲਾਜ਼ ਕਰਵਾਇਆ। ਡਾਕਟਰਾਂ ਨੇ ਉਸ ਨੂੰ ਆਖ ਦਿੱਤਾ ਸੀ ਕਿ ਤੇਰੇ ਘਰ ਔਲਾਦ ਨਹੀਂ ਹੋ ਸਕਦੀ। ਆਪ ਜੀ ਦਾ ਜੱਸ ਸੁਣ ਕੇ ਉਹ ਬੀਬੀ ਡੇਰਾ ਸਾਹਿਬ ਵਿਚ ਆਈ ਤੇ ਆਪ ਜੀ ਪ੍ਰਤੀ ਪੂਰੀ ਸ਼ਰਧਾ ਤੇ ਵਿਸ਼ਵਾਸ ਰੱਖ ਕੇ ਡੇਰਾ ਸਾਹਿਬ ਵਿਚ ਤਨ-ਮਨ ਨਾਲ ਸੇਵਾ ਕਰਨ ਵਿਚ ਜੁੱਟ ਗਈ। ਦਿਨ-ਰਾਤ ਉਹ ਸੇਵਾ ਵਿਚ ਲੱਗੀ ਰਹਿੰਦੀ। ਇਕ ਦਿਨ ਪਿਤਾ ਜਗਨਨਾਥ ਜੀ ਨੇ ਉਸ ਬੀਬੀ ਵੱਲ ਇਸ਼ਾਰਾ ਕਰਦਿਆਂ ਆਪ ਜੀ ਨੂੰ ਉਸ ਦੀ ਆਸ ਮੁਰਾਦ ਪੂਰੀ ਕਰਨ ਲਈ ਆਖਿਆ। ਆਪ ਜੀ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਪਿਤਾ ਜੀ, ਇਹ ਬੀਬੀ ਜੋ ਮੰਗਦੀ ਹੈ, ਉਹ ਇਸ ਦੇ ਕਰਮਾਂ ਵਿਚ ਨਹੀਂ ਹੈ। ਪਿਤਾ ਜੀ ਨੇ ਫਿਰ ਕਿਹਾ, "ਤੁਹਾਡੇ ਘਰ ਕਿਸ ਚੀਜ਼ ਦੀ ਕਮੀ ਹੈ, ਤੁਸੀਂ ਤਾਂ ਸਭ ਕੁਝ ਦੇ ਸਕਦੇ ਹੋ"। ਆਪ ਕੁਝ ਨਹੀਂ ਬੋਲੇ ਤੇ ਚੁੱਪ ਕਰ ਗਏ। ਆਪ ਜੀ ਉਸ ਬੀਬੀ ਨੂੰ ਕਹਿਣ ਲੱਗੇ, "ਸਾਡਾ ਤਿੰਨ ਦਿਨ ਦਾ ਜੋਤੀ ਦਿਵਸ (15 ਅਗਸਤ) ਦਾ ਭੰਡਾਰਾ ਆ ਰਿਹਾ ਹੈ ਤੇ ਤੈਨੂੰ ਲਗਾਤਾਰ ਦਿਨ-ਰਾਤ ਭਾਂਡਿਆਂ ਦੀ ਸੇਵਾ ਕਰਨੀ ਪਏਗੀ, ਕੀ ਤੂੰ ਕਰ ਸਕਦੀ ਹੈਂ"? ਉਸਨੇ ਸਹਿਮਤੀ ਵਿਚ ਸਿਰ ਹਿਲਾਇਆ ਤੇ ਆਪ ਜੀ ਦੇ ਵਚਨ ਨੂੰ ਪੂਰਾ ਕਰਦੇ ਹੋਏ ਤਿੰਨ ਦਿਨ ਲਗਾਤਾਰ ਭਾਂਡੇ ਮਾਂਜ ਕੇ ਆਪਣੀ ਪੂਰੀ ਡਿਊਟੀ ਨਿਭਾਈ। ਭੰਡਾਰੇ ਤੋਂ ਬਾਅਦ ਆਪ ਜੀ ਨੇ ਉਸ ਨੂੰ ਵਚਨ ਕੀਤਾ ਕਿ ਤੇਰੀ ਸੇਵਾ ਮਾਲਿਕ ਦੇ ਘਰ ਕਬੂਲ ਹੋ ਗਈ ਹੈ ਤੇ ਉਸੇ ਸਾਲ ਉਸ ਬੀਬੀ ਦੇ ਘਰ 18 ਸਾਲ ਬਾਅਦ ਲੜਕੇ ਦਾ ਜਨਮ ਹੋਇਆ, ਜਿਸ ਦਾ ਨਾਂ ਉਸਨੇ ਦੁਰਗਾ

ਦਾਸ ਰੱਖਿਆ। ਇਸ ਕੌਤਕ ਤੋਂ ਬਾਅਦ ਉਸ ਦੀ ਆਪ ਜੀ ਪ੍ਰਤੀ ਸ਼ਰਧਾ ਹੋਰ ਵੱਧ ਗਈ ਤੇ ਉਹ ਵੱਧ ਚੜ੍ਹ ਕੇ ਗੁਰੂ-ਘਰ ਵਿੱਚ ਸੇਵਾ ਕਰਨ ਲੱਗੀ। ਤਕਰੀਬਨ ਸਾਲ ਬਾਅਦ ਦੀ ਗੱਲ ਹੈ ਕਿ ਉਹ ਬੀਬੀ ਇਕ ਹੋਰ ਸੇਵਕ ਦਾਸ ਪਰਮਜੀਤ (ਨਿਵਾਸੀ ਬਟਾਲਾ ਸ਼ਹਿਰ) ਨਾਲ ਮਿਲ ਕੇ ਗੁਰੂ-ਘਰ ਵਿਚ ਸੇਵਾ ਕਰ ਰਹੀ ਸੀ, ਸਵੇਰ ਦਾ ਵੇਲਾ ਸੀ। ਹਜ਼ੂਰ ਬਾਬਾ ਜੀ ਦਿੱਲੀ ਤੋਂ ਬਟਾਲਾ ਡੇਰਾ ਸਾਹਿਬ ਪਹੁੰਚੇ ਤੇ ਪਿਤਾ ਜੀ ਕੋਲ ਆ ਕੇ ਬੈਠ ਗਏ। ਪਿਤਾ ਜੀ ਨਾਲ ਗੱਲ-ਬਾਤ ਕਰਕੇ ਆਪ ਜੀ ਨੇ ਉਹਨਾਂ ਬੀਬੀਆਂ ਨੂੰ ਕਿਹਾ,"ਬੀਬੀਉ! ਕੀ ਜੋੜੀਆਂ ਮੰਗਦੀਆਂ ਹੋ"? ਆਪ ਜੀ ਦੇ ਇਸ ਵਚਨ ਸਦਕਾ ਸਾਲ ਬਾਅਦ ਦੋਹਾਂ ਬੀਬੀਆਂ ਦੇ ਘਰ ਵਿਚ ਇਕ-ਇਕ ਪੁੱਤਰ ਦਾ ਜਨਮ ਹੋਇਆ। ਇਹ ਹਜ਼ੂਰ ਬਾਬਾ ਜੀ ਦੀ ਰਹਿਮਤ ਸੀ ਕਿ ਜਿਸ ਦੇ ਕਰਮਾਂ ਵਿਚ ਔਲਾਦ ਦਾ ਸੁਖ ਨਹੀਂ ਸੀ, ਉਸ ਦੇ ਘਰ 18 ਸਾਲ ਬਾਅਦ ਦੋ ਪੁੱਤਰ ਹੋਏ।

ਇਸ ਤਰ੍ਹਾਂ ਆਪ ਜੀ ਨੇ ਕਈ ਕੌਤਕ ਕੀਤੇ, ਜਿਵੇਂ ਪੈਟ੍ਰੋਲ ਦੀ ਥਾਂ ਪਾਣੀ ਨਾਲ ਗੱਡੀਆਂ ਚਲਾ ਦਿੱਤੀਆਂ। ਅਜਿਹੇ ਵਚਨ ਦੇ ਦਿਤੇ ਕਿ ਤੁਹਾਡੇ ਅਨਾਜ ਦੇ ਭੜੋਲੇ ਕਦੀ ਖਤਮ ਨਹੀਂ ਹੋਣਗੇ।ਲੋਕ ਅਨਾਜ ਕੱਢ-ਕੱਢ ਕੇ ਖਾਂਦੇ ਰਹੇ ਤੇ ਭੜੋਲੇ ਖਾਲੀ ਨਹੀਂ ਹੋਏ। ਲੋਕਾਂ ਨੂੰ ਵਰ ਦੇ ਕੇ ਗਰੀਬ ਤੋਂ ਅਮੀਰ ਬਣਾ ਦਿੱਤਾ। ਮਾੜੇ ਲੋਕਾਂ ਨੂੰ ਰੱਬ ਦੇ ਰਾਹ ਤੇ ਤੋਰ ਕੇ ਚੰਗਾ ਬਣਾ ਦਿੱਤਾ। ਜਿਹੜਾ ਵੀ ਇਕ ਵਾਰ ਆਪ ਜੀ ਦੇ ਦਰ ਤੇ ਆਉਂਦਾ ਤਾਂ ਫੇਰ ਉਸਦੀ ਜ਼ਬਾਨ ਸਿਰਫ਼ ਆਪ ਜੀ ਦਾ ਹੀ ਗੁਣਗਾਨ ਕਰਦੀ ਰਹਿੰਦੀ। ਆਪ ਜੀ ਦੀਆਂ ਰੱਬੀ ਰਹਿਮਤਾਂ ਸਦਕਾ ਸੰਗਤ ਨੇ ਆਪ ਜੀ ਦੇ ਪ੍ਰਤੀ ਆਪਣੇ ਪ੍ਰੇਮ ਪਿਆਰ ਨੂੰ ਪ੍ਰਗਟ ਕਰਦਿਆਂ ਆਪ ਜੀ ਨੂੰ 'ਹਜ਼ੂਰ ਮਹਾਰਾਜ ਜੀ' ਦਾ ਖਿਤਾਬ ਦੇ ਦਿੱਤਾ।

ਸੰਗਤ ਦੇ ਦੁਖ-ਰੋਗ ਦੂਰ ਕਰਨ ਦੇ ਉਦੇਸ਼ ਨਾਲ ਆਪ ਜੀ ਨੇ ਡੇਰੇ ਵਿਚ ਨਲਕਾ ਸਥਾਪਿਤ ਕੀਤਾ ਤੇ ਵਚਨ ਦਿੱਤਾ ਕਿ ਇਹ ਰੱਬੀ ਗੰਗਾ ਦਾ ਜਲ ਹੈ, ਜੋ ਸੰਗਤ ਦੀ ਸੇਵਾ ਲਈ ਧਰਤੀ ਤੇ ਉਤਰਿਆ ਹੈ ਅਤੇ ਜਿਹੜਾ


ਵੀ ਇਸ ਜਲ ਨੂੰ ਪੀਏਗਾ ਉਸ ਦੇ ਸਰੀਰਕ ਰੋਗ ਦੂਰ ਹੋ ਜਾਣਗੇ। ਡੇਰੇ ਵਿਚ ਸਵੇਰ ਤੋਂ ਲੈ ਕੇ ਸ਼ਾਮ ਤਕ ਸੰਗਤ ਦੀ ਆਵਾਜਾਈ ਲੱਗੀ ਰਹਿੰਦੀ। ਸਵੇਰ ਤੋਂ ਹੀ ਲੰਗਰ ਬਣਨਾ ਸ਼ੁਰੂ ਹੋ ਜਾਂਦਾ। ਸੰਗਤ ਲੰਗਰ ਦਾ ਪ੍ਰਸ਼ਾਦਿ ਛੱਕਦੀ ਤੇ ਸਤਿਸੰਗ ਸੁਣ ਕੇ ਨਿਹਾਲ ਹੁੰਦੀ। ਹਜ਼ੂਰ ਮਹਾਰਾਜ ਜੀ ਨੇ ਬਾਬਾ ਕਰਮ ਸਿੰਘ ਜੀ ਅਤੇ ਪਿਤਾ ਜਗਨਨਾਥ ਜੀ ਦੀ ਡਿਊਟੀ ਲਗਾ ਦਿੱਤੀ ਸੀ ਕਿ ਉਹ ਆਈ ਸੰਗਤ ਦਾ ਪੂਰਾ-ਪੂਰਾ ਖ਼ਿਆਲ ਰੱਖਣ।

ਇਕ ਦਿਨ ਸੰਗਰਾਦ ਦਾ ਦਿਹਾੜਾ ਸੀ। ਸੰਗਤ ਹੁਮ-ਹੁਮਾ ਕੇ ਆਪਣੇ ਸਤਿਗੁਰੂ ਦੇ ਦਰਸ਼ਨ ਕਰਨ ਲਈ ਪਹੁੰਚੀ ਸੀ। ਡੇਰੇ ਵਿਚ ਬੜੀ ਚਹਿਲ-ਪਹਿਲ ਸੀ। ਉਸ ਦਿਨ ਵੀ ਇਕ ਸਾਧੂ ਆਪ ਜੀ ਦੀ ਸ਼ਕਤੀ ਦੀ ਪਰਖ਼ ਲੈਣ ਵਾਸਤੇ ਡੇਰੇ ਆਇਆ। ਆਪ ਅਜੇ ਡੇਰੇ ਨਹੀਂ ਸੀ ਪਹੁੰਚੇ। ਸਾਧੂ ਸੇਵਕਾਂ ਨੂੰ ਕਹਿਣ ਲਗਾ ਕਿ ਮੈਂ ਤੁਹਾਡੇ ਗੁਰੂ ਦੇ ਦਰਸ਼ਨ ਕਰਨ ਲਈ ਆਇਆ ਹਾਂ, ਮੈਨੂੰ ਉਹਨਾਂ ਦੇ ਦਰਸ਼ਨ ਕਰਵਾਉ। ਸੇਵਕਾਂ ਨੇ ਕਿਹਾ ਕਿ ਅਜੇ ਹਜ਼ੂਰ ਮਹਾਰਾਜ ਜੀ ਨਹੀਂ ਆਏ। ਆਪ ਪਹਿਲਾਂ ਲੰਗਰ ਛੱਕ ਲਓ, ਉਂਨੀ ਦੇਰ ਤਕ ਮਹਾਰਾਜ ਜੀ ਵੀ ਆ ਜਾਣਗੇ, ਤੁਸੀਂ ਦਰਸ਼ਨ ਕਰ ਲੈਣਾ। ਸਾਧੂ ਨੇ ਸੇਵਕਾਂ ਨੂੰ ਕਿਹਾ ਕਿ ਤੁਸੀ ਮੈਨੂੰ ਲੰਗਰ ਛੱਕਾਉਣਾ ਚਾਹੁੰਦੇ ਹੋ, ਤਾਂ ਪਹਿਲਾਂ ਮੇਰਾ ਇਹ ਕਮੰਡਲ ਖੀਰ ਨਾਲ ਭਰ ਦਿਓ। ਉਸ ਦਿਨ ਲੰਗਰ ਵਿਚ ਖੀਰ ਦਾ ਪ੍ਰਸ਼ਾਦਿ ਵੀ ਬਣਿਆ ਸੀ। ਇਕ ਸੇਵਕ ਨੇ ਉਸਦੇ ਕਮੰਡਲ ਵਿਚ ਖੀਰ ਪਾਉਣੀ ਸ਼ੁਰੂ ਕਰ ਦਿਤੀ। ਪਰ ਹੈਰਾਨੀ ਦੀ ਗੱਲ ਹੈ ਕਿ ਉਸਦਾ ਕਮੰਡਲ ਨਹੀਂ ਭਰਿਆ। ਸੇਵਕ ਉਸਦੇ ਕਮੰਡਲ ਵਿਚ ਖੀਰ ਪਾਈ ਜਾ ਰਹੇ ਸਨ ਤੇ ਤਕਰੀਬਨ ਡੇਢ ਕੁ ਬਾਲਟੀ ਖੀਰ ਦੀ ਮੁਕ ਗਈ ਪਰ ਉਹ ਕਮੰਡਲ ਭਰਨ ਦਾ ਨਾਂ ਹੀ ਨਹੀਂ ਸੀ ਲੈ ਰਿਹਾ। ਸੇਵਕਾਂ ਨੂੰ ਸਮਝ ਆ ਗਈ ਕਿ ਇਹ ਸਾਧੂ ਕੋਈ ਖੇਡ ਖੇਡ ਰਿਹਾ ਹੈ। ਉਹਨਾਂ ਨੇ ਸਾਰੀ ਗੱਲ ਪਿਤਾ ਜਗਨ ਨਾਥ ਜੀ ਤੇ ਬਾਬਾ ਕਰਮ ਸਿੰਘ ਜੀ ਨੂੰ ਦੱਸੀ ਤਾਂ ਪਿਤਾ ਜੀ ਨੇ ਇਕ ਸੇਵਕ ਨੂੰ ਫਟਾ-ਫਟ ਘਰ ਭੇਜਿਆ ਤੇ ਉਸ ਨੇ ਘਰ ਪਹੁੰਚ ਕੇ ਹਜ਼ੂਰ ਮਹਾਰਾਜ ਜੀ ਨੂੰ ਸਾਰੀ ਗੱਲ ਦੱਸੀ। ਉਥੇ ਬੈਠਿਆਂ

ਹੀ ਹਜ਼ੂਰ ਮਹਾਰਾਜ ਜੀ ਨੇ ਸੇਵਕ ਨੂੰ ਇਹ ਵਚਨ ਕਰਕੇ ਡੇਰੇ ਭੇਜ ਦਿੱਤਾ ਕਿ ਬਾਬਾ ਕਰਮ ਸਿੰਘ ਜੀ ਨੂੰ ਆਖੋ ਕਿ ਨਾਮ ਸ਼ਬਦ ਦਾ ਧਿਆਨ ਕਰਕੇ ਇਕ ਕਟੋਰੀ ਖੀਰ ਉਸ ਦੇ ਕਮੰਡਲ ਵਿਚ ਪਾ ਦੇਣ। ਬਾਬਾ ਜੀ ਨੇ ਆਪ ਜੀ ਦਾ ਹੁਕਮ ਮੰਨ ਕੇ ਜਦੋਂ ਖੀਰ ਦੀ ਕੌਲੀ ਕਮੰਡਲ ਵਿਚ ਪਾਈ ਤਾਂ ਖੀਰ ਕਮੰਡਲ 'ਚੋਂ ਡੁੱਲਣ ਲਗ ਪਈ। ਸਾਧੂ ਨੇ ਜਦੋਂ ਇਹ ਵੇਖਿਆ ਤਾਂ ਉਹ ਬਾਬਾ ਜੀ ਦੇ ਚਰਣਾਂ ਤੇ ਡਿੱਗ ਪਿਆ ਤੇ ਕਹਿਣ ਲਗਾ ਕਿ ਜਿਸ ਕਮੰਡਲ ਨੂੰ ਅੱਜ ਤੱਕ ਕੋਈ ਨਹੀਂ ਭਰ ਸਕਿਆ, ਆਪ ਨੇ ਭਰ ਦਿੱਤਾ ਹੈ, ਆਪ ਸੱਚਮੁਚ ਕੋਈ ਵੱਡੀ ਤਾਕਤ ਹੋ। ਬਾਬਾ ਜੀ ਨੇ ਕਿਹਾ ਕਿ ਮੈਂ ਕਿਸੇ ਵੱਡੀ ਤਾਕਤ ਦਾ ਮਾਲਿਕ ਨਹੀਂ ਹਾਂ ਸਗੋਂ ਮੈਂ ਉਸਦਾ ਇਕ ਨਿਮਾਣਾ ਜਿਹਾ ਸੇਵਕ ਹਾਂ ਤੇ ਉਹਨਾਂ ਦੇ ਵਚਨ ਪੂਰੇ ਕਰ ਰਿਹਾ ਹਾਂ। ਸਾਧੂ ਆਖਣ ਲੱਗਾ ਕਿ ਜਿਸਦੇ ਸੇਵਕ ਵਿਚ ਇੰਨੀ ਤਾਕਤ ਹੈ ਤਾਂ ਉਹ ਆਪ ਕਿੰਨੀ ਵੱਡੀ ਤਾਕਤ ਦੇ ਮਾਲਿਕ ਹੋਣਗੇ। ਮੈਂ ਉਹਨਾਂ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਜਦੋਂ ਘਰ ਹਜ਼ੂਰ ਮਹਾਰਾਜ ਜੀ ਤਕ ਸਾਧੂ ਦੀ ਇਸ ਗੱਲ ਦੀ ਖ਼ਬਰ ਪਹੁੰਚੀ ਤਾਂ ਆਪ ਨੇ ਕਿਹਾ ਕਿ ਉਸਨੂੰ ਆਖੋ ਕਿ ਉਹ ਸਾਡੀ ਪਰਖ ਲੈਣ ਵਾਸਤੇ ਆਇਆ ਹੈ ਤੇ ਉਸਨੂੰ ਸਾਡੀ ਤਾਕਤ ਦੀ ਪਰਖ ਹੋ ਗਈ ਹੈ ਤੇ ਅਸੀਂ ਉਸਨੂੰ ਦਰਸ਼ਨ ਨਹੀਂ ਦੇਣੇ ਕਿਉਂਕਿ ਉਹ ਸਾਡੇ ਦਰਸ਼ਨ ਕਰਨ ਦੀ ਇੱਛਾ ਨਾਲ ਨਹੀਂ ਸੀ ਆਇਆ। ਇੰਜ ਆਪ ਆਪਣੇ ਦਰ ਤੇ ਆਉਂਣ ਵਾਲਿਆਂ ਦੀ ਦਿਲੀ ਭਾਵਨਾ ਨੂੰ ਵੇਖ ਕੇ ਹੀ ਉਸਦੀ ਝੋਲੀ ਵਿਚ ਖ਼ੈਰ ਪਾਉਂਦੇ, ਜਿਹੜਾ ਜੀਵ ਜੋ ਮੁਰਾਦ ਜਾਂ ਇੱਛਾ ਲੈ ਕੇ ਆਉਂਦਾ, ਆਪ ਉਸਨੂੰ ਪੂਰਾ ਕਰਦੇ।

ਪਰ ਜਿਵੇਂ ਕਿ ਆਪ ਪਹਿਲਾਂ ਬਿਆਨ ਕਰ ਚੁੱਕੇ ਸੀ ਕਿ ਸੰਤ ਵਗਦੇ ਦਰਿਆ ਵਾਂਗ ਹੁੰਦੇ ਹਨ, ਜਿਹਨਾਂ ਨੂੰ ਬੇੜੀਆਂ ਨਹੀਂ ਪਾਈਆਂ ਜਾ ਸਕਦੀਆਂ। ਸੰਤ ਰੂਪ ਹੋਣ ਕਰਕੇ ਆਪ ਵੀ ਕਿਵੇਂ ਬਹੁਤ ਸਮਾਂ ਇਕੋ ਥਾਂ ਤੇ ਰਹਿ ਸਕਦੇ ਸੀ। ਸੋ ਆਪ ਜੀ ਨੇ ਪੰਜਾਬ ਤੋਂ ਦਿੱਲੀ ਵੱਲ ਰੁਖ ਕੀਤਾ ਤੇ ਸ਼ਾਹਦਰਾ ਆ ਗਏ। ਸ਼ਾਹਦਰਾ ਆ ਕੇ ਆਪ ਜੀ ਨੇ ਸਾਈਕਲ ਤੇ ਘਰ-

ਘਰ ਵਿਚ ਜਾ ਕੇ ਸਤਿਸੰਗ ਕਰਨੇ ਸ਼ੁਰੂ ਕੀਤੇ। ਦੂਰ-ਦੂਰ ਤੋਂ ਸੰਗਤ ਆਪ ਜੀ ਦਾ ਸਤਿਸੰਗ ਸੁਣਨ ਤੇ ਆਪ ਜੀ ਦੇ ਦਰਸ਼ਨ ਕਰਨ ਲਈ ਆਉਂਦੀ। ਟੀਨ ਦੇ ਖਾਲੀ ਡੱਬੇ ਨਾਲ ਜਦੋਂ ਆਪ ਕੀਰਤਨ ਕਰਦੇ ਤਾਂ ਹਾਰਮੋਨੀਅਮ ਤੇ ਤਬਲੇ ਤੋਂ ਬਗੈਰ ਸੰਗੀਤ ਤੇ ਰੂਹਾਨੀਅਤ ਦਾ ਅਜਿਹਾ ਮਹੌਲ ਬਣਦਾ ਕਿ ਕੀਰਤਨ ਸੁਣ ਕੇ ਸੰਗਤਾਂ ਨੂੰ ਸਰੂਰ ਚੜ੍ਹ ਜਾਂਦਾ ਤੇ ਉਹ ਆਪਣੀ ਸੁਧ-ਬੁਧ ਖੋ ਕੇ ਮਸਤੀ ਵਿਚ ਝੂੰਮਣ ਲਗ ਪੈਂਦੀਆਂ। ਜਦੋਂ ਦਿੱਲੀ ਵਿਚ ਵੀ ਸੰਗਤਾਂ ਦੀ ਗਿਣਤੀ ਵੱਧਣ ਲਗ ਗਈ ਤਾਂ ਆਪ ਜੀ ਨੇ ਸੋਚਿਆ ਕਿ ਹੁਣ ਇਥੇ ਵੀ ਸੰਗਤਾਂ ਦੀ ਸਹੂਲੀਅਤ ਲਈ ਇਕ ਸਥਾਨ ਬਣਾਉਣਾ ਚਾਹੀਦਾ ਹੈ। ਆਪਣੇ ਇਕ ਸੇਵਕ ਦਾਸ ਗੁਪਤਾ ਜੀ ਦੀ ਮਦਦ ਨਾਲ ਸ਼ਾਹਦਰਾ ਤੋਂ ਕੁਝ ਦੂਰ ਲੋਨੀ ਵਿਚ ਆਪ ਜੀ ਨੇ ਸੰਨ 1977 ਵਿਚ ਦੂਜਾ ਸੱਚਖੰਡ ਨਾਨਕ ਧਾਮ, ਲੋਨੀ ਡੇਰਾ ਬਣਾਇਆ। ਉਸ ਸਮੇਂ ਲੋਨੀ ਦੀ ਜਮੀਨ ਬੰਜਰ ਸੀ। ਚਾਰੋਂ ਪਾਸੇ ਡੇਢ-ਫੁੱਟ ਤਕ ਦਾ ਸਿਰਫ਼ ਕਲੱਰ ਹੀ ਕਲੱਰ ਸੀ। ਪਾਣੀ ਵੀ ਇਕਦਮ ਖਾਰਾ ਸੀ ਤੇ ਜ਼ਮੀਨ ਤੇ ਹਰ ਪਾਸੇ ਸੱਪ ਤੇ ਬਿੱਛੂ ਘੁੰਮਦੇ ਸਨ। ਹਜ਼ੂਰ ਨੇ ਜਲ ਦਾ ਸ਼ਬਦ ਬਣਾਇਆ ਤੇ ਵਚਨ ਦੇ ਦਿੱਤਾ ਕਿ ਇਸ ਜ਼ਮੀਨ ਤੇ ਜਿਥੇ ਵੀ ਖੁਦਾਈ ਕਰੋਗੇ ਉਥੇ ਪਾਣੀ ਮਿੱਠਾ ਹੀ ਨਿਕਲੇਗਾ। ਆਪ ਨੇ ਆਪਣੀ ਤਾਕਤ ਤੇ ਸਿਮਰਨ ਅਤੇ ਕੀਰਤਨ-ਸਤਿਸੰਗ ਨਾਲ ਇਸ ਬੰਜਰ



ਸਚਖੰਡ ਨਾਨਕ ਧਾਮ ਲੋਨੀ

ਜ਼ਮੀਨ ਨੂੰ ਉਪਜਾਊ ਬਣਾ ਦਿੱਤਾ। ਆਪ ਆਪਣੇ ਕੁਝ ਸੇਵਕਾਂ ਨਾਲ ਡੇਰੇ ਵਿਖੇ ਆਉਂਦੇ ਤੇ ਖੂਬ ਸੇਵਾ ਕਰਦੇ। ਆਪ ਜੀ ਕੋਲ ਇਕ ਤਸਲਾ ਸੀ, ਉਸੇ ਨਾਲ ਮਿੱਟੀ ਦੀ ਸੇਵਾ ਕਰਦੇ ਤੇ ਲੰਗਰ ਵੇਲੇ ਉਸ ਨੂੰ ਧੋ-ਮਾਂਜ ਕੇ ਉਸ ਵਿਚ ਸਬਜ਼ੀ ਜਾਂ ਦਾਲ ਬਣਾਉਂਦੇ ਤੇ ਸਬਜ਼ੀ ਦੂਜੇ ਭਾਂਡੇ ਵਿਚ ਕੱਢ ਕੇ ਤਸਲੇ ਨੂੰ ਮੂਧਾ ਮਾਰ ਕੇ ਉਸ ਤੇ ਰੋਟੀ ਪਕਾਉਂਦੇ। ਉਸੇ ਤਸਲੇ ਨਾਲ ਆਪ ਕੀਰਤਨ ਵੀ ਕਰਦੇ। ਰਾਤ-ਦਿਨ ਲੋਨੀ ਵਿਚ ਜਾਂ ਤਾਂ ਸੇਵਾ ਹੁੰਦੀ ਜਾਂ ਕੀਰਤਨ ਹੁੰਦਾ। ਸੰਗਤ ਕੀਰਤਨ ਵਿਚ ਇੰਨੀ ਮਸਤ ਹੋ ਜਾਂਦੀ ਕਿ ਨਾ ਧੁੱਪ ਦਾ ਪਤਾ ਚਲਦਾ ਤੇ ਨਾ ਛਾਂ ਦਾ। ਇਥੋਂ ਤਕ ਕਿ ਮੀਂਹ ਵਿਚ ਵੀ ਸੰਗਤ ਉਸੇ ਤਰ੍ਹਾਂ ਮਸਤ ਹੋ ਕੇ ਝੂੰਮਦੀ ਰਹਿੰਦੀ। ਹੌਲੀ-ਹੌਲੀ ਡੇਰਾ ਸਾਹਿਬ ਦੀ ਉਸਾਰੀ ਹੁੰਦੀ ਗਈ ਤੇ ਫਿਰ ਹਜ਼ੂਰ ਡੇਰੇ ਵਿਚ ਹੀ ਆ ਕੇ ਰਹਿਣ ਲਗ ਪਏ। ਸੰਗਤ ਦਾ ਹਜ਼ੂਰ ਨਾਲ ਪਿਆਰ ਵੱਧਦਾ ਗਿਆ ਤੇ ਸੰਗਤ ਵੱਧ-ਚੜ੍ਹ ਕੇ ਡੇਰੇ ਵਿਚ ਆਉਣ ਲਗ ਪਈ। ਲੋਨੀ ਵਿਚ ਵੀ ਆਪ ਨੇ ਕਈ ਕੌਤਕ



ਲੋਨੀ ਡੇਰੇ ਵਿਚ ਟੀਨ ਦੇ ਖਾਲੀ ਡੱਬੇ ਨਾਲ ਕੀਰਤਨ ਕਰਦੇ
ਹੋਏ ਮਹਾਰਾਜ ਦਰਸ਼ਨ ਦਾਸ ਜੀ ਅਤੇ ਸੇਵਾਦਾਰ

ਕੀਤੇ, ਜਿਸ ਕਰਕੇ ਅੱਜ ਵੀ ਲੋਕ ਆਪ ਜੀ ਨੂੰ "ਲੋਨੀ ਵਾਲੇ ਬਾਬਾ ਜੀ" ਦੇ ਨਾਮ ਤੋਂ ਜਾਣਦੇ ਹਨ।

ਆਪ ਜੀ ਦੀਆਂ ਰਹਿਮਤਾਂ ਦੀ ਖੁਸ਼ਬੋ ਦੇਸ਼ ਦੀਆਂ ਹੱਦਾਂ ਪਾਰ ਕਰਕੇ ਵਿਦੇਸ਼ਾਂ ਤਕ ਵੀ ਪਹੁੰਚ ਗਈ। ਬਾਹਰਲੇ ਮੁਲਕਾਂ ਤੋਂ ਵੀ ਸੰਗਤ "ਲੋਨੀ ਵਾਲੇ ਬਾਬਾ ਜੀ" ਦੇ ਦਰਸ਼ਨ ਕਰਨ ਲਈ ਆਉਂਦੀ। ਉਹਨਾਂ ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ 23 ਦਿਸੰਬਰ, 1979 ਨੂੰ ਆਪ ਜੀ ਨੇ ਇੰਗਲੈਂਡ ਦੀ ਧਰਤੀ 'ਤੇ ਪਹਿਲਾ ਕਦਮ ਰੱਖਿਆ। ਆਪ ਜੀ ਦੀ ਇਹ ਪਹਿਲੀ ਇੰਗਲੈਂਡ ਯਾਤਰਾ ਸਿਰਫ਼10 ਦਿਨ ਦੀ ਹੀ ਸੀ ਤੇ ਆਪ 3 ਜਨਵਰੀ, 1980 ਨੂੰ ਵਾਪਿਸ ਲੋਨੀ ਆ ਗਏ। ਉਸੇ ਸਾਲ 16 ਫਰਵਰੀ, 1980 ਵਾਲੇ ਦਿਨ ਆਪ ਨੇ ਲੋਨੀ ਵਿਚ "ਦਾਸ ਧਰਮ" ਦੀ ਸਥਾਪਨਾ ਕੀਤੀ ਤੇ ਇਹ ਅਵਾਜ਼ ਦਿੱਤੀ ਕਿ ਸਾਡੇ ਸਰੀਰ ਨਾਲ ਨਾ ਜੁੜੋ, ਅਸੀਂ ਜਿਹੜੀ ਚੀਜ਼ ਦੇਣ ਲਈ ਜਾਂ ਜਿਸ ਮਕਸਦ ਲਈ ਪਰਮਾਤਮਾ ਦੇ ਘਰੋਂ ਆਏ ਹਾਂ, ਉਹ "ਨਾਮ" ਹੈ, ਉਸ ਨਾਲ ਜੁੜੋ। ਉਸ ਦਿਨ ਆਪ ਨੇ ਸਾਧ-ਸੰਗਤ ਦੇ ਭਲੇ ਲਈ ਗੁਰੂ ਨਾਨਕ ਸਾਹਿਬ ਦੇ ਘਰ'ਚੋਂ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ" ਦੀ ਮੰਗ ਕੀਤੀ। ਸੰਗਤ ਨੂੰ ਇਸ ਤਾਕਤ ਨਾਲ ਜੋੜਿਆ ਤੇ ਵਚਨ ਦਿੱਤਾ ਕਿ ਦੁਪਹਿਰ ਨੂੰ ਦੋ ਵਜੇ ਤੋਂ ਲੈ ਕੇ ਸਵਾ ਦੋ ਵਜੇ ਤੱਕ



ਸਚਖੰਡ ਨਾਨਕ ਧਾਮ ਬਰਮਿੰਘਮ (ਇੰਗਲੈਂਡ)

ਜਿਹੜਾ ਵੀ ਇਸ ਦਾ ਜਾਪ ਕਰੇਗਾ, ਉਸਦੇ ਸਾਰੇ ਦੁਨਿਆਵੀ ਕੰਮ ਸੰਪੂਰਣ ਹੋਣਗੇ। ਇਹ ਕਲਜੁਗ ਦਾ ਮੁੱਖ ਵਾਕ ਹੈ, ਜਿਸ ਵਿਚ ਮਾਲਿਕ ਦੀ ਤਾਕਤ ਆਪ ਕੰਮ ਕਰਦੀ ਹੈ। ਆਪ ਜੀ ਦਾ ਇਹ ਵਚਨ ਅੱਜ ਵੀ ਸੰਗਤ ਵਿਚਕਾਰ ਕੰਮ ਕਰ ਰਿਹਾ ਹੈ।

ਉਸ ਤੋਂ ਬਾਅਦ ਆਪ ਕਈ ਵਾਰ ਇੰਗਲੈਂਡ ਗਏ ਤੇ ਆਪ ਜੀ ਦੇ ਸਤਿਸੰਗ ਸੁਣ ਕੇ ਕਾਫ਼ੀ ਸੰਗਤ ਆਪ ਜੀ ਨਾਲ ਜੁੜ ਗਈ। ਫੇਰ ਆਪ ਜੀ ਨੇ ਇਕ ਸਤੰਬਰ, 1982 ਨੂੰ ਇੰਗਲੈਂਡ ਵਿਚ ਤੀਜੇ ਸੱਚਖੰਡ ਨਾਨਕ ਧਾਮ, ਬਰਮਿੰਘਮ ਡੇਰਾ ਸਾਹਿਬ ਦੀ ਸਥਾਪਨਾ ਕੀਤੀ। ਇੰਗਲੈਂਡ ਵਿਚ ਕਿਸੇ ਸੰਤ ਦੁਆਰਾ ਬਣਾਇਆ ਗਿਆ ਇਹ ਪਹਿਲਾ ਡੇਰਾ ਸੀ। ਇੰਜ ਆਪ ਜੀ ਨੇ ਇੰਗਲੈਂਡ ਦੀ ਧਰਤੀ ਦੇ ਭਾਗ ਜਗਾਏ ਤੇ ਉਥੇ ਦੀਆਂ ਸੰਗਤਾਂ ਨੂੰ ਵੀ ਮਿਹਰਾਂ-ਰਹਿਮਤਾਂ ਵੰਡੀਆਂ। ਗੋਰਿਆਂ ਤੇ ਕਾਲਿਆਂ ਨੂੰ ਵੀ ਨਾਮ ਦੀ ਬਖ਼ਸ਼ਿਸ਼ ਕੀਤੀ ਤੇ ਆਪਣੇ ਚਰਣਾਂ ਨਾਲ ਜੋੜ ਕੇ ਉਹਨਾਂ ਦਾ ਵੀ ਜਨਮ ਸਵਾਰਿਆ।

ਆਪ ਜੀ ਦਾ ਆਪਣੇ ਦੇਸ਼ ਹਿੰਦੁਸਤਾਨ ਨਾਲ ਬਹੁਤ ਪਿਆਰ ਤੇ ਲਗਾਵ ਸੀ। ਦੇਸ਼-ਪ੍ਰੇਮ ਦਾ ਜਜ਼ਬਾ ਆਪ ਜੀ ਦੇ ਅੰਦਰ ਭਰਪੂਰ ਸੀ। ਇਹੋ ਕਾਰਣ ਸੀ ਕਿ ਜਦੋਂ ਕੁਝ ਆਤੰਕ ਫੈਲਾਉਣ ਵਾਲੇ ਲੋਕਾਂ ਨੇ ਇੰਗਲੈਂਡ ਵਿਚ ਇਹ ਫ਼ਰਮਾਨ ਜ਼ਾਰੀ ਕੀਤਾ ਕਿ 6 ਅਕਤੂਬਰ, 1984 ਵਾਲੇ ਦਿਨ ਗਰੇਵਜ਼ੈਂਡ ਵਿਚ ਹਿੰਦੁਸਤਾਨ ਦੇ ਤਿਰੰਗੇ ਨੂੰ ਸਾੜਿਆ ਜਾਏਗਾ। ਆਪ ਉਸ ਸਮੇਂ ਹਿੰਦੁਸਤਾਨ ਵਿਚ ਸੀ ਤੇ ਇਥੋਂ ਹੀ ਆਪ ਨੇ ਇੰਗਲੈਂਡ ਆਪਣੇ ਸੇਵਕਾਂ ਨੂੰ ਹੁਕਮ ਕੀਤਾ ਕਿ ਤਿਰੰਗਾ ਨਹੀਂ ਸੜਨਾ ਚਾਹੀਦਾ। ਉਥੇ ਜਾ ਕੇ ਤੁਸੀਂ ਬੜੇ ਪਿਆਰ ਤੇ ਨਿਮਰਤਾ ਨਾਲ ਉਹਨਾਂ ਨੂੰ ਰੋਕਣਾ ਹੈ ਅਤੇ ਕਿਸੇ ਤਰ੍ਹਾਂ ਦਾ ਵੀ ਕੋਈ ਲੜਾਈ-ਝਗੜਾ ਨਹੀਂ ਕਰਨਾ। ਹਜ਼ੂਰ ਮਹਾਰਾਜ ਜੀ ਦੇ ਹੁਕਮ ਨੂੰ ਮੰਨ ਕੇ 400 ਦੇ ਕਰੀਬ ਸੇਵਕ ਉਥੇ ਪਹੁੰਚੇ। "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ" ਦਾ ਮੁੱਖ ਵਾਕ ਉਚਾਰ ਕੇ ਉਹਨਾਂ ਲੋਕਾਂ ਅਗੇ ਤਿਰੰਗਾ ਨਾ ਸਾੜਨ ਦੀ ਬੇਨਤੀ

ਕੀਤੀ ਪਰ ਉਹਨਾਂ ਲੋਕਾਂ ਨੇ ਇਹਨਾਂ ਦੀ ਇਕ ਨਾ ਸੁਣੀ ਤੇ ਇਹਨਾਂ ਨੂੰ ਪੱਥਰ ਮਾਰਨ ਲਗ ਪਏ। ਸੱਚਖੰਡ ਨਾਨਕ ਧਾਮ ਵਿਚ ਹਜ਼ੂਰ ਨੇ ਲੜਾਈ ਦੀ ਸਿੱਖਿਆ ਨਹੀਂ ਦਿੱਤੀ, ਸਗੋਂ ਸਦਾ ਹੀ ਝੁਕਣ ਦਾ, ਨਿਮਰਤਾ ਤੇ ਪਿਆਰ ਦਾ ਸੁਨੇਹਾ ਦਿੱਤਾ। ਇਸੇ ਲਈ ਸੇਵਕ ਉਥੇ ਸ਼ਾਂਤ ਰਹੇ ਤੇ ਸਭ ਕੁਝ ਗੁਰੂ ਦਾ ਹੁਕਮ ਮੰਨ ਕੇ ਹੱਸ ਕੇ ਸਹਿ ਲਿਆ। ਉਹਨਾਂ ਨੇ ਹੱਥ ਜੋੜ ਕੇ ਤੇ ਪਿਆਰ ਨਾਲ ਤਿਰੰਗਾ ਨਾ ਸਾੜਨ ਦੀ ਫਿਰ ਬੇਨਤੀ ਕੀਤੀ। ਸੇਵਕਾਂ ਦਾ ਇਹ ਪਿਆਰ ਤੇ ਨਿਮਰਤਾ ਭਰਿਆ ਯਤਨ ਰੰਗ ਲਿਆਇਆ ਤੇ ਉਸ ਦਿਨ ਤਿਰੰਗਾ ਸੜਨ ਤੋਂ ਬੱਚ ਗਿਆ।

ਇੱਧਰ ਹਿੰਦੁਸਤਾਨ ਵਿਚ 31 ਅਕਤੂਬਰ, 1984 ਵਾਲੇ ਦਿਨ ਦੇਸ਼ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪੂਰਾ ਉੱਤਰ ਭਾਰਤ ਦੰਗੇ-ਫ਼ਸਾਦ ਦੀ ਅੱਗ ਵਿਚ ਸੜਨ ਲਗ ਪਿਆ। ਇਸ ਅੱਗ ਦਾ ਸੇਕ ਸਚਖੰਡ ਨਾਨਕ ਧਾਮ ਲੋਨੀ ਨੂੰ ਵੀ ਲੱਗਿਆ ਤੇ ਡੇਰੇ ਵਿਚ ਵੀ ਕਤਲੇਆਮ ਹੋਇਆ। ਉਸ ਵੇਲੇ ਲੋਨੀ ਡੇਰੇ ਵਿਚ ਦਰਬਾਰ ਸਾਹਿਬ, ਸਚਖੰਡ (ਜਿੱਥੇ ਹਜ਼ੂਰ ਮਹਾਰਾਜ ਜੀ ਰਹਿੰਦੇ ਸਨ) ਤੇ ਪਿੱਛੇ ਕਮਰੇ ਬਣੇ ਹੋਏ ਸਨ। ਉਹਨਾਂ ਕਮਰਿਆਂ ਵਿਚ 280 ਦੇ ਕਰੀਬ ਸੇਵਕ ਰਹਿੰਦੇ ਸਨ। ਆਲੇ-ਦੁਆਲੇ ਕੋਈ ਚਾਰ ਦੀਵਾਰੀ ਵੀ ਨਹੀਂ ਸੀ। 1 ਨਵੰਬਰ ਵਾਲੇ ਦਿਨ ਦੁਪਹਿਰ ਦੇ ਵੇਲੇ ਲੋਕਾਂ ਦਾ ਇਕ ਵੱਡਾ ਹਜੂਮ ਡੇਰੇ ਵਲ ਆਇਆ ਤੇ ਆ ਕੇ ਗੋਲੀਆਂ ਵਰਸਾਉਣ ਲਗ ਪਿਆ। ਬੰਦੂਕ ਦੇ ਸਾਹਮਣੇ ਸੇਵਕ ਖਾਲੀ ਹੱਥ ਮੁਕਾਬਲਾ ਕਿਵੇਂ ਕਰ ਸਕਦੇ ਸਨ? ਪਰ ਆਪਣੇ ਹਜ਼ੂਰ ਦੀ ਸੁਰੱਖਿਆ ਕਰਦੇ ਹੋਏ 12 ਸੇਵਕਾਂ ਨੇ ਆਪਣੀ ਜਾਨ ਵਾਰ ਦਿੱਤੀ ਤੇ ਲੋਨੀ ਦੀ ਧਰਤੀ ਤੇ ਸ਼ਹਾਦਤ ਪਾਈ। ਉਹ ਲੋਕ ਹਮਲਾ ਕਰਦੇ ਹੋਏ ਅੱਗੇ ਵਧ ਰਹੇ ਸਨ ਤੇ ਹਰ ਪਾਸੇ ਅੱਗ ਲਗਾ ਰਹੇ ਸਨ।

ਸ਼ਾਮ ਦਾ ਵੇਲਾ ਸੀ, ਆਸਮਾਨ ਦਾ ਰੰਗ ਉਸ ਵਕਤ ਲਾਲ ਸੁਰਖ਼ ਹੋ ਗਿਆ ਸੀ। ਹਮਲਾਵਰਾਂ ਨੇ ਸੱਚਖੰਡ ਨੂੰ ਵੀ ਘੇਰਾ ਪਾ ਲਿਆ ਅੀ। ਉਸ ਵੇਲੇ ਹਜ਼ੂਰ ਮਹਾਰਾਜ ਜੀ ਕੇਸੀ ਇਸ਼ਨਾਨ ਕਰਕੇ ਨਿਕਲੇ ਹੀ ਸਨ।

ਘਬਰਾਏ ਸੇਵਕਾਂ ਨੇ ਹਜ਼ੂਰ ਮਹਾਰਾਜ ਜੀ ਨੂੰ ਬਾਹਰ ਦਾ ਸਾਰਾ ਹਾਲ ਬਿਆਨ ਕੀਤਾ। ਉਸ ਸਮੇਂ ਆਪ ਜੀ ਨੇ ਤੌਲਿਏ ਨਾਲ ਬੰਨ੍ਹੇ ਕੇਸਾਂ ਨੂੰ ਖੋਲ੍ਹ ਕੇ ਜ਼ੋਰ ਨਾਲ ਛੰਡਿਆ ਤੇ ਵਚਨ ਕੀਤੇ, "ਹੁਣ ਬਸ ਕਰ ਰੱਬਾ!" ਇਹ ਵਚਨ ਹੁੰਦਿਆਂ ਹੀ ਹਮਲਾਵਰਾਂ ਦਾ ਹਜੂਮ ਘੱਟਦਾ ਗਿਆ ਤੇ ਹੌਲੀ-ਹੌਲੀ ਸਾਰੇ ਹਮਲਾਵਰ ਡੇਰੇ ਤੋਂ ਚਲੇ ਗਏ। ਆਪ ਜੀ ਨੇ ਘਬਰਾਏ ਹੋਏ ਸੇਵਕਾਂ ਨੂੰ ਦਲੇਰ ਤੇ ਬਹਾਦਰ ਹੋਣ ਦੀ ਆਗਿਆ ਬਖ਼ਸ਼ੀ ਤੇ ਯਕੀਨ ਦੁਆਇਆ ਕਿ ਜੋ ਕੁਝ ਵੀ ਵਾਪਰਿਆ ਹੈ, ਉਹ ਮਾਲਿਕ ਦਾ ਭਾਣਾ ਸੀ, ਜੋ ਸਾਡੇ ਮਾਲਿਕ ਨੇ ਚਾਹਿਆ ਸੀ, ਉਹੋ ਹੀ ਹੋਇਆ ਹੈ। ਹੁਣ ਇਸ ਤੋਂ ਵੱਧ ਕੁਝ ਨਹੀਂ ਹੋਏਗਾ। ਆਪ ਜੀ ਦੀ ਦਲੇਰੀ ਅਤੇ ਕ੍ਰਿਪਾ ਦੇ ਸਦਕੇ ਸਾਧ ਸੰਗਤ ਵਿੱਚ ਫਿਰ ਉਤਸਾਹ ਭਰ ਗਿਆ।

ਉਧਰ ਪੁਲਿਸ ਪ੍ਰਸ਼ਾਸਨ ਜਦੋਂ ਡੇਰਾ ਸਾਹਿਬ ਪਹੁੰਚਿਆ ਤਾਂ ਉਸਨੇ ਸੇਵਕਾਂ ਨੂੰ ਡੇਰਾ ਖਾਲੀ ਕਰਨ ਦੀ ਸਲਾਹ ਦਿੱਤੀ। ਇਸ ਦਾ ਕਾਰਨ ਇਹ ਸੀ ਕਿ ਪੂਰਾ ਦਿੱਲੀ ਸ਼ਹਿਰ ਲੁੱਟਮਾਰ ਤੇ ਆਤੰਕ ਦੀ ਅੱਗ ਵਿੱਚ ਸੜ ਰਿਹਾ ਸੀ ਤੇ ਅੱਗੋਂ ਰਾਤ ਪੈ ਰਹੀ ਸੀ ਤੇ ਪੁਲਿਸ ਕਰਮਚਾਰੀਆਂ ਨੂੰ ਡਰ ਸੀ ਕਿ ਕਿਤੇ ਹਮਲਾਵਰ ਰਾਤ ਨੂੰ ਡੇਰੇ ਤੇ ਫਿਰ ਹਮਲਾ ਨਾ ਕਰ ਦੇਣ। ਹਜ਼ੂਰ ਮਹਾਰਾਜ ਜੀ ਦੀ ਅਤੇ ਸੇਵਕਾਂ ਦੀ ਸੁਰੱਖਿਆ ਲਈ ਪੁਲਿਸ ਕਰਮਚਾਰੀ ਡੇਰੇ ਨੂੰ ਖਾਲੀ ਕਰਨ ਦਾ ਸੁਝਾਅ ਦੇ ਰਹੇ ਸਨ। ਪਰ ਹਜ਼ੂਰ ਮਹਾਰਾਜ ਜੀ ਡੇਰਾ ਖਾਲੀ ਨਹੀਂ ਕਰਨਾ ਚਾਹੁੰਦੇ ਸਨ ਤੇ ਆਖ ਰਹੇ ਸਨ ਕਿ ਜੇ ਅੱਜ ਅਸੀਂ ਇਹ ਡੇਰਾ ਖਾਲੀ ਕਰ ਦਿੱਤਾ ਤਾਂ ਇਹ ਸਾਨੂੰ ਕਈ ਸਾਲਾਂ ਤਕ ਵਾਪਿਸ ਨਹੀਂ ਮਿਲੇਗਾ। ਇਸਨੂੰ ਛੱਡ ਕੇ ਜਾਣਾ ਸਾਡੀ ਬਹੁਤ ਵੱਡੀ ਗਲਤੀ ਹੋਵੇਗੀ ਤੇ ਜਿਸਦਾ ਭੁਗਤਾਨ ਸਾਨੂੰ ਸਾਰਿਆਂ ਨੂੰ ਕਰਨਾ ਪਏਗਾ। ਪਰ ਸੇਵਕਾਂ ਵਲੋਂ ਕੀਤੀਆਂ ਜਾ ਰਹੀਆਂ ਮਿੰਨਤਾਂ ਅਤੇ ਬੇਨਤੀਆਂ ਨੂੰ ਕਬੂਲ ਕਰਦੇ ਹੋਏ ਤੇ ਨਾ ਚਾਹੁੰਦੇ ਹੋਏ ਵੀ ਹਜ਼ੂਰ ਮਹਾਰਾਜ ਜੀ ਡੇਰਾ ਛੱਡ ਕੇ ਕੁਝ ਸੇਵਕਾਂ ਨਾਲ ਗਾਜ਼ੀਆਬਾਦ 'ਚ ਆਪਣੀ ਛੋਟੀ ਭੈਣ ਸੱਤਿਆ ਦੇ ਘਰ ਪਹੁੰਚੇ। ਬਾਕੀ ਸੇਵਕ ਪੁਲਿਸ ਲਾਈਨ ਲਿਜਾਏ ਗਏ।

ਉਧੱਰ ਗਾਜ਼ੀਆਬਾਦ ਵਿੱਚ ਵੀ ਇਹੋ ਆਤੱਕ ਵਡਾ ਰੂਪ ਧਾਰਣ ਕਰ ਚੁੱਕਿਆ ਸੀ। ਹਮਲਾਵਰ ਘਰ-ਘਰ ਜਾ ਕੇ ਛਾਪੇ ਮਾਰ ਰਹੇ ਸਨ। ਉਹਨਾਂ ਨੂੰ ਕਿਧਰ ਵੀ ਦਾੜ੍ਹੀ ਕੇਸ ਵਾਲਾ ਕੋਈ ਵੀ ਜੀਵ ਨਜ਼ਰ ਆਉਦਾਂ ਤਾਂ ਉਹ ਉਸਨੂੰ ਜੀਊਂਦਿਆਂ ਹੀ ਅੱਗ ਲਾ ਕੇ ਸਾੜ ਦਿੰਦੇ। ਹਜ਼ੂਰ ਮਹਾਰਾਜ ਜੀ ਗਾਜ਼ੀਆਬਾਦ ਦੇ ਜਿਸ ਮੁੱਹਲੇ (ਨਸਰਤਪੁਰਾ) ਵਿੱਚ ਰਹਿ ਰਹੇ ਸਨ, ਉਥੇ ਵੀ ਹਮਲਾਵਰਾਂ ਤਕ ਇਹ ਖ਼ਬਰ ਪਹੁੰਚ ਗਈ ਸੀ ਕਿ ਇਸ ਮੁਹੱਲੇ ਵਿੱਚ ਕੁਝ ਕੇਸਧਾਰੀ ਕਿਸੇ ਦੇ ਘਰ ਠਹਿਰੇ ਹੋਏ ਹਨ। ਸਮੇਂ ਦੀ ਨਜ਼ਾਕਤ ਵੇਖਦੇ ਹੋਏ ਕੁਝ ਸੇਵਕਾਂ ਅਤੇ ਭੈਣ ਸੱਤਿਆ ਨੇ ਆਪ ਜੀ ਨੂੰ ਆਪਣੇ ਦਾੜ੍ਹੀ ਕੇਸ ਤਿਆਗਣ ਦੀ ਬੇਨਤੀ ਕੀਤੀ। ਉਹਨਾਂ ਦੀ ਸੋਚ ਮੁਤਾਬਿਕ ਆਪ ਜੀ ਦਾ ਜੀਵਨ ਬੜਾ ਕੀਮਤੀ ਹੈ ਅਤੇ ਸੰਗਤਾਂ ਨੂੰ ਆਪ ਜੀ ਦੇ ਰੂਹਾਨੀ ਮਾਰਗ ਦਰਸ਼ਨ ਦੀ ਬਹੁਤ ਲੋੜ ਹੈ। ਉਸ ਸਮੇਂ ਤਾਂ ਮਹਾਰਾਜ ਜੀ ਨੇ ਆਪਣੇ ਦਾੜ੍ਹੀ ਕੇਸ ਤਿਆਗਣ ਤੋਂ ਇੰਨਕਾਰ ਦਰ ਦਿਤੱਾ, ਪਰ ਉਹਨਾਂ ਵਲੋਂ ਬਾਰ ਕੀਤੀਆਂ ਜਾ ਰਹੀਆਂ ਬੇਨਤੀਆਂ ਨੂੰ ਸਵੀਕਾਰ ਕਰਦੇ ਹੋਏ ਆਪਣੇ ਦਾੜ੍ਹੀ ਕੇਸ ਤਿਆਗ ਦਿੱਤੇ।

ਉਥੇ ਆਪ ਤਿੰਨ ਦਿਨ ਰਹੇ ਤੇ ਚੌਥੇ ਦਿਨ ਆਪ ਆਪਣੇ ਨਿਜੀ ਸਕੱਤਰ ਦਾਸ ਮਾਨ ਸਿੰਘ ਦੇ ਘਰ ਦਿੱਲੀ ਚਲੇ ਗਏ। ਉਥੋਂ ਹੀ ਆਪ 10 ਨਵੰਬਰ ਵਾਲੇ ਦਿਨ ਸਵੇਰੇ ਇੰਗਲੈਂਡ ਚਲੇ ਗਏ ਕਿਉਂਕਿ 11 ਨਵੰਬਰ ਨੂੰ ਆਪ ਜੀ ਨੇ ਇਕ ਸ਼ਾਂਤੀ ਸੰਮੇਲਨ (Peace Convention) ਵਿਚ ਹਿੱਸਾ ਲੈਣਾ ਸੀ। ਬਰਮਿੰਘਮ ਵਿਚ



ਇੰਗਲੈਂਡ ਵਿਚ ਵਿਸ਼ਵ ਸ਼ਾਂਤੀ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਮਹਾਰਾਜ ਦਰਸ਼ਨ ਦਾਸ ਜੀ

ਨੈਸ਼ਨਲ ਐਕਜ਼ੀਬਿਸ਼ਨ ਸੈਂਟਰ ਵਿਚ ਇਹ ਸੰਮੇਲਨ ਕਰਵਾਇਆ ਗਿਆ, ਜਿਸ ਵਿਚ ਵੱਡੇ-ਵੱਡੇ ਸੰਤ-ਮਹਾਤਮਾ ਸ਼ਾਮਿਲ ਹੋਏ ਸਨ। ਹਜ਼ੂਰ ਮਹਾਰਾਜ ਜੀ ਨੇ ਇਸ ਸੰਮੇਲਨ ਵਿਚ ਦੁਨੀਆ ਵਿਚ ਅਮਨ ਤੇ ਸ਼ਾਂਤੀ ਲਿਆਉਣ ਲਈ ਆਪਣੇ ਵਿਚਾਰ ਪੇਸ਼ ਕੀਤੇ ਕਿ ਜੇ ਕੋਈ ਹਿੰਦੂ ਹੈ ਤਾਂ ਉਹ ਚੰਗਾ ਹਿੰਦੂ ਬਣੇ, ਜੇ ਸਿੱਖ ਹੈ ਤਾਂ ਚੰਗਾ ਸਿੱਖ ਬਣੇ, ਜੇ ਮੁਸਲਮਾਨ ਹੈ ਤੇ ਚੰਗਾ ਮੁਸਲਮਾਨ ਬਣੇ, ਜੇ ਇਸਾਈ ਹੈ ਤਾਂ ਚੰਗਾ ਇਸਾਈ ਬਣੇ, ਕਿਉਂਕਿ ਤੁਸੀਂ ਰੱਬ ਦੇ ਭੇਜੇ ਸੱਚੇ ਇੰਸਾਨ ਹੋ ਤੇ ਸੱਚੀਆਂ ਰਾਹਾਂ ਤੇ ਚਲ ਕੇ ਆਪਸੀ ਪ੍ਰੇਮ ਤੇ ਭਾਈਚਾਰਾ ਕਾਇਮ ਕਰੋ।

1984 ਤੋਂ ਬਾਅਦ ਆਪ ਲਗਾਤਾਰ ਤਿੰਨ ਸਾਲ ਇੰਗਲੈਂਡ ਰਹੇ ਤੇ ਉਥੋਂ ਦੀਆਂ ਸੰਗਤਾਂ ਨੂੰ ਰਹਿਮਤਾਂ ਵੰਡ ਕੇ ਨਿਹਾਲ ਕੀਤਾ। ਇਥੇ ਵੀ ਆਪ ਨੇ ਕਈ ਕੌਤਕ ਕੀਤੇ ਤੇ ਸੰਗਤਾਂ ਨੂੰ ਵਰਦਾਨ ਦੇ ਕੇ, ਉਹਨਾਂ ਦਾ ਭਲਾ ਕੀਤਾ। ਇਥੇ ਵੀ ਆਪ ਜੀ ਦੀ ਸੰਗਤ ਇੰਨੀ ਵਧ ਗਈ ਕਿ ਜਿਹੜੇ ਵੀ ਹਾਲ ਵਿਚ ਆਪ ਜੀ ਦਾ ਸਤਿਸੰਗ ਹੁੰਦਾ, ਉਥੇ ਜਗ੍ਹਾ ਦੀ ਘਾਟ ਪੈ ਜਾਂਦੀ ਤੇ ਬਹੁਤੀਆਂ ਸੰਗਤਾਂ ਨੂੰ ਬਾਹਰ ਬੈਠ ਕੇ ਸਤਿਸੰਗ ਸੁਣਨਾ ਪੈਂਦਾ। ਪਰ ਜਿਥੇ ਸੰਤ-ਮਹਾਤਮਾ ਦੇ ਪਿਆਰੇ ਹੁੰਦੇ ਹਨ, ਜਿਹੜੇ ਸਮਝਦੇ ਹਨ ਕਿ ਸੰਤ ਦੁਨੀਆ ਦਾ ਭਲਾ ਕਰਨ ਲਈ ਆਉਂਦੇ ਹਨ, ਉਥੇ ਕੁਝ ਲੋਕ ਅਜਿਹੇ ਵੀ ਹੁੰਦੇ ਹਨ, ਜੋ ਇਸ ਗਲ ਨੂੰ ਨਹੀਂ ਸਮਝਦੇ। ਉਹ ਰੱਬ ਦੇ ਰਾਹ ਤੋਂ ਗੁਮਰਾਹ ਹੁੰਦੇ ਹਨ ਤੇ ਉਹ ਸੰਤ-ਮਹਾਤਮਾਵਾਂ ਦੇ ਵਿਰੋਧੀ ਬਣ ਜਾਂਦੇ ਹਨ। ਅਜਿਹੇ ਲੋਕਾਂ ਨੇ ਹਰ ਸੰਤ-ਮਹਾਤਮਾ ਦਾ ਸਦਾ ਹੀ ਵਿਰੋਧ ਕੀਤਾ ਤੇ ਉਹਨਾਂ ਦੇ ਖਿਲਾਫ਼ ਖੜੇ ਹੋਏ। ਉਸ ਸਮੇਂ ਹਿੰਦੁਸਤਾਨ ਦੀ ਵੰਡ ਨੂੰ ਲੈ ਕੇ ਪੰਜਾਬ ਦੀ ਧਰਤੀ ਤੇ ਅੱਗ ਬਲ ਰਹੀ ਸੀ। ਪੰਜਾਬ ਵਿਚ ਕਤਲੇਆਮ ਹੋ ਰਿਹਾ ਸੀ। ਉਸ ਨੂੰ ਰੋਕਣ ਲਈ ਆਪ ਜੀ ਨੇ ਆਪਣੀ ਅਵਾਜ ਬੁਲੰਦ ਕਰਦਿਆਂ ਕਿਹਾ ਕਿ ਜੇ ਅਸੀਂ ਇਹ ਸੋਚਦੇ ਹਾਂ ਕਿ ਅਸੀਂ ਲੜਾਈ ਝਗੜੇ ਕਰਕੇ, ਇਕ ਦੂਜੇ ਦਾ ਲਹੂ ਵਗਾ ਕੇ ਜਾਂ ਜ਼ਮੀਨਾਂ ਵੰਡ ਕੇ ਰੱਬ ਨੂੰ ਖੁਸ਼ ਕਰ ਸਕਦੇ ਹਾਂ ਤਾਂ ਸਾਡੀ ਇਹ ਸੋਚ ਗਲਤ ਹੈ। ਰੱਬ ਇਹਨਾ ਕੰਮਾਂ ਨਾਲ ਖੁਸ਼

ਨਹੀਂ ਹੁੰਦਾ। ਇਤਿਹਾਸ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਵੱਡੇ-ਵੱਡੇ ਬਾਦਸ਼ਾਹ ਰਾਜਿਆਂ-ਮਹਾਰਾਜਿਆਂ ਨੇ ਜ਼ਮੀਨਾਂ ਲਈ ਕਈ-ਕਈ ਲੜਾਈਆਂ ਲੜੀਆਂ, ਲੁੱਟਮਾਰ ਕੀਤੀ, ਵੱਡੀਆਂ-ਵੱਡੀਆਂ ਸੈਨਾਵਾਂ ਮਰਵਾਂ ਦਿੱਤੀਆਂ, ਪਰ ਅੰਤ ਵੇਲੇ ਉਹਨਾਂ ਨੂੰ ਦਫ਼ਨਾਣ ਲਈ ਸਿਰਫ ਦੋ ਗਜ਼ ਜ਼ਮੀਨ ਦੀ ਲੋੜ ਪਈ। ਇਸ ਕਰਕੇ ਸਾਨੂੰ ਸਮਝਦਾਰੀ ਨਾਲ ਕੰਮ ਲੈਣਾ ਚਾਹੀਦਾ ਹੈ ਤੇ ਨੇਕ ਕੰਮ ਕਰਨੇ ਚਾਹੀਦੇ ਹਨ। ਹਜ਼ੂਰ ਮਹਾਰਾਜ ਜੀ ਨੇ ਬਾਰ-ਬਾਰ ਸੰਗਤਾਂ ਵਿੱਚ ਆਪਣਾ ਇਹ ਸੰਦੇਸ਼ ਦਿੱਤਾ ਕਿ ਸਾਨੂੰ ਕੋਈ ਲੜਾਈ ਝਗੜਾ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਲੜਾਈ ਝਗੜੇ ਨੂੰ ਉਕਸਾਉਣ ਵਾਲੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਸਾਡਾ ਉਦੇਸ਼ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ" ਹੈ।ਆਪ ਜੀ ਦੇ ਇਸ ਸਰਬਤ ਦੇ ਭਲੇ ਦੇ ਸੰਦੇਸ਼ ਸਦਕਾ ਸੰਗਤਾ ਦੀ ਗਿਣਤੀ ਵਿੱਚ ਵਾਧਾ ਹੋਣ ਲਗ ਪਿਆ। ਪਰ ਆਪ ਜੀ ਦੇ ਵਿਰੋਧੀਆਂ ਤੋਂ ਆਪ ਜੀ ਦੀ ਦਿਨੋ ਦਿਨ ਵਧ ਰਹੀ ਪ੍ਰਸਿੱਧੀ ਬਰਦਾਸ਼ਤ ਨਾ ਹੋਈ ਤੇ ਉਹਨਾਂ ਨੇ ਸੱਚੇ ਸੰਤ ਨੂੰ ਮਾਰਨ ਦਾ ਮਨਸੂਬਾ ਤਿਆਰ ਕਰ ਲਿਆ।

ਆਪ ਜੀ ਨੇ ਸੰਗਤਾਂ ਵਿੱਚ ਕਈ ਵਾਰ ਇਸ ਗੱਲ ਦਾ ਖੁਲਾਸਾ ਕੀਤਾ ਕਿ ਕੁਝ ਲੋਕ ਹਿੰਦੁਸਤਾਨ ਦੇ ਟੁਕੜੇ ਕਰਨਾ ਚਾਹੁੰਦੇ ਹਨ। ਪਹਿਲਾਂ ਬਰਮਾ ਬਣਾ ਦਿੱਤਾ, ਫਿਰ ਪਾਕਿਸਤਾਨ ਬਣਾ ਦਿੱਤਾ। ਹੁਣ ਕਸ਼ਮੀਰ ਵਾਲੇ ਕਸ਼ਮੀਰ ਮੰਗ ਰਹੇ ਹਨ ਤੇ ਪੰਜਾਬ ਵਾਲੇ ਪੰਜਾਬ ਮੰਗ ਰਹੇ ਹਨ। ਮੇਰਾ ਮਾਲਿਕ ਨਹੀਂ ਚਾਹੁੰਦਾ ਕਿ ਹਿੰਦੁਸਤਾਨ ਦੇ ਟੁਕੜੇ ਹੋਣ ਤੇ ਇਸ ਲਈ ਅਸੀਂ ਇਸਨੂੰ ਰੋਕਣਾ ਹੈ। ਅਸੀਂ ਕੋਈ ਲੜਾਈ-ਝਗੜਾ ਨਹੀਂ ਕਰਨਾ ਬਲਕਿ ਪਿਆਰ ਨਾਲ ਇਸ ਮੁੱਦੇ ਨੂੰ ਸੁਲਝਾਉਣਾ ਹੈ। ਅਸੀਂ ਪਿੱਛੇ ਹੱਥ ਬੰਨ੍ਹ ਕੇ ਜ਼ਰੂਰ ਬੈਠੇ ਹਾਂ, ਪਰ ਆਪਣੇ ਦੇਸ਼ ਦੀ ਖਾਤਿਰ ਪਿੱਛੇ ਨਹੀਂ ਹਟਾਂਗੇ ਤੇ ਜੇ ਸਾਨੂੰ ਕੋਈ ਮਾਰਨਾ ਚਾਹੁੰਦਾ ਹੈ ਤਾਂ ਅਸੀਂ ਮਰਨ ਨੂੰ ਤਿਆਰ ਹਾਂ। ਜੇ ਸਾਡੀ ਮੌਤ ਨਾਲ ਹਿੰਦੁਸਤਾਨ ਦੇ ਟੁਕੜੇ ਹੋਣ ਤੋਂ ਬਚ ਸਕਦੇ ਹਨ ਤਾਂ ਅਸੀਂ ਹੱਸ ਕੇ ਆਪਣੀ ਜਾਨ ਕੁਰਬਾਨ ਕਰ ਦੇਵਾਂਗੇ।



ਮਹਾਰਾਜ ਦਰਸ਼ਨ ਦਾਸ ਜੀ

ਹਜ਼ੂਰ ਮਹਾਰਾਜ ਜੀ ਦੀ ਇਹ ਅਵਾਜ਼ ਸੁਣ ਕੇ ਆਪ ਜੀ ਦੇ ਵਿਰੋਧੀਆਂ ਵਿਚ ਭਾਜੜਾਂ ਪੈ ਗਈਆਂ ਕਿਉਂਕਿ ਆਪ ਜੀ ਦੀ ਪ੍ਰਸਿੱਧੀ ਬਹੁਤ ਵਧ ਚੁੱਕੀ ਸੀ। ਆਪ ਜੀ ਦੀ ਇੰਗਲੈਂਡ ਵਿਖੇ ਸੰਗਤ ਹਜ਼ਾਰਾਂ ਦੀ ਤਾਦਾਦ ਵਿਚ ਸੀ। ਇਸ ਲਈ ਉਹਨਾਂ ਗੁਮਰਾਹ ਹੋਏ ਲੋਕਾਂ ਨੂੰ ਆਪ ਜੀ ਦੀ ਗਲ ਰਾਸ ਨਾ ਆਈ ਤੇ ਉਹਨਾਂ ਨੇ ਆਪ ਜੀ ਨੂੰ ਮਾਰਨ ਦਾ ਮਨਸੂਬਾ ਤਿਆਰ ਕਰ ਲਿਆ। 11 ਨਵੰਬਰ, 1987 ਵਾਲੇ ਦਿਨ ਲੰਦਨ ਦੇ ਡੋਰਮਰਸ ਵੈਲ ਹਾਈ ਸਕੂਲ, ਸਾਉਥ ਹਾਲ ਵਿੱਚ ਹਜ਼ੂਰ ਮਹਾਰਾਜ ਜੀ ਦਾ ਸਤਿਸੰਗ ਸੀ। ਉਸ ਦਿਨ ਸਵੇਰ ਤੋਂ ਹੀ ਆਪ ਜੀ ਦੇ ਵਿਵਹਾਰ ਵਿੱਚ ਤਬਦੀਲੀ ਜਿਹੀ ਵੇਖਣ ਨੂੰ ਮਿਲ ਰਹੀ ਸੀ। ਆਪ ਜੀ ਦਾ ਵਿਵਹਾਰ ਰੋਜ਼ਾਨਾ ਵਰਗਾ ਨਹੀਂ ਸੀ। ਉਸ ਦਿਨ ਆਪ ਜੀ ਦੇ ਚਿਹਰੇ ਤੇ ਬੜੀ ਉਦਾਸੀ ਜਿਹੀ ਝਲਕ ਰਹੀ ਸੀ। ਸਤਿਸੰਗ ਤੇ ਜਾਣ ਤੋਂ ਪਹਿਲਾਂ ਜਦੋਂ ਆਪ 190 ਘਰ ਵਿੱਚ ਚਾਹ ਪੀ ਰਹੇ ਸਨ ਤਾਂ ਚਾਹ ਪੀਂਦੇ-ਪੀਂਦੇ ਕਹਿਣ ਲਗੇ ਕਿ ਅੱਜ ਤਾਂ ਚਾਹ ਵੀ ਅੰਦਰ ਨਹੀਂ ਲੰਘ ਰਹੀ ਤੇ ਉਸ ਤੋਂ ਬਾਅਦ ਪੌੜੀਆਂ ਉਤਰ ਕੇ ਥੱਲੇ ਆ ਗਏ ਤੇ ਬੀਬੀ ਹਰਜੀਤ ਕੌਰ (ਜਿਸ ਨੂੰ ਆਪ ਵੱਡੀ ਭਾਬੀ ਆਖਦੇ ਸਨ) ਨੂੰ ਕਿਹਾ ਕਿ ਤੁਸੀਂ ਆਪਣਾ ਖਿਆਲ ਰੱਖਣਾ। ਇੰਨੀ ਗੱਲ ਕਰਕੇ ਆਪ ਜੀ ਦੀ ਅੱਖਾਂ ਭਰ ਆਈਆਂ। ਇੰਜ ਲਗਦਾ ਸੀ

ਜਿਵੇਂ ਕੋਈ ਵਿਛੋੜੇ ਦੀ ਘੜੀ ਹੋਵੇ। ਉਸ ਤੋਂ ਬਾਅਦ ਆਪ ਨੇ ਘਰ ਤੋਂ ਬਾਹਰ ਨਿਕਲ ਕੇ ਦਹਿਲੀਜ਼ ਤੇ ਮੱਥਾ ਟੇਕਿਆ ਤੇ ਪਿੱਛੇ ਮੁੜ ਕਾਫੀ ਦੇਰ ਤਕ ਘਰ ਨੂੰ ਵੇਖਦੇ ਰਹੇ। ਡੇਰੇ ਪਹੁੰਚ ਕੇ ਆਪ ਜੀ ਨੇ ਨਿਸ਼ਾਨ ਸਾਹਿਬ ਤੇ ਮੱਥਾ ਟੇਕਿਆ ਤੇ ਫਿਰ ਗੱਡੀ ਵਿੱਚ ਬੈਠ ਗਏ ਤੇ ਕਿਸੇ ਨਾਲ ਵੀ ਕੋਈ ਗੱਲਬਾਤ ਨਹੀਂ ਕੀਤੀ।

ਜਿਸ ਵੇਲੇ ਸਤਿਸੰਗ ਹਾਲ ਦੇ ਬਾਹਰ ਗੱਡੀ ਤੋਂ ਉਤਰੇ ਤਾਂ ਕਾਫੀ ਦੇਰ ਪਿੱਛੇ ਮੁੜ ਕੇ ਗੱਡੀ ਵੱਲ ਵੇਖਦੇ ਰਹੇ। ਆਪ ਜੀ ਦਾ ਡਰਾਈਵਰ ਦਾਸ ਪ੍ਰੀਤਮ ਆਖਦਾ ਹੈ ਕਿ ਪਹਿਲਾਂ ਇਸ ਤਰ੍ਹਾਂ ਕਦੀ ਨਹੀਂ ਸੀ ਹੋਇਆ। ਹਜ਼ੂਰ ਹਮੇਸ਼ਾ ਗੱਡੀ 'ਚੋਂ ਬਾਹਰ ਨਿਕਲ ਕੇ ਅਗਾਂਹ ਨੂੰ ਤੁਰ ਜਾਂਦੇ ਸਨ। ਆਪ ਸਤਿਸੰਗ ਹਾਲ ਵਿੱਚ ਪਹੁੰਚੇ ਤੇ 20 ਮਿੰਟ ਦਾ ਸਤਿਸੰਗ ਕੀਤਾ। ਉਸ ਦਿਨ ਸਤਿਸੰਗ ਵੀ ਮੌਤ ਦੇ ਉਤੇ ਕੀਤਾ। ਜੋ ਮੁਖ ਵਾਕ ਚਾਚਾ ਜੋਗਾ ਸਿੰਘ ਜੀ ਨੇ ਲਿਆ ਉਸ ਦਾ ਵੇਰਵਾ ਇਸ ਤਰ੍ਹਾਂ ਹੈ:-

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।।

ਇਹ ਸਾਰੀਆਂ ਗੱਲਾਂ ਦਸਤਕ ਦੇ ਰਹੀਆਂ ਸਨ, ਕਿ ਹਜ਼ੂਰ ਮਹਾਰਾਜ ਜੀ ਦੇ ਵਿਛੋੜੇ ਦਾ ਅਤੇ ਧੁਰ-ਧਾਮ ਜਾਣ ਦਾ ਸਮਾਂ ਆ ਚੁੱਕਿਆ ਹੈ, ਪਰ ਸਾਡੇ ਲੋਕਾਂ ਦੀਆਂ ਸੋਚਾਂ ਵੱਡੀਆਂ ਨਾ ਹੋਣ ਕਰਕੇ ਅਸੀਂ ਹਜ਼ੂਰ ਦੀਆਂ ਰਮਜਾਂ ਨਹੀਂ ਪਹਿਚਾਣ ਸਕੇ। ਹਜ਼ੂਰ ਤੇ ਬਾਰ-ਬਾਰ ਅਗਾਹ ਕਰ ਰਹੇ ਸਨ ਪਰ ਸਾਡੀ ਬੁੱਧੀ ਤੇ ਹੀ ਪਰਦਾ ਪਿਆ ਰਿਹਾ। ਸਤਿਸੰਗ ਤੋਂ ਬਾਅਦ ਆਪ ਕੁਰਸੀ ਤੇ ਬੈਠ ਗਏ ਤੇ ਸੰਗਤ ਨਾਲ ਵਿਚਾਰ-ਵਟਾਂਦਰਾ ਕਰਨ ਲਗ ਪਏ। ਇਕ ਬੀਬੀ ਦੀ ਜਦ ਵਾਰੀ ਆਈ ਤਾਂ ਉਸਨੇ ਆਪ ਜੀ ਨੂੰ ਪੁੱਛਿਆ ਕਿ ਮੌਤ ਕੀ ਹੁੰਦੀ ਹੈ? ਮੌਤ ਕਿਸਨੂੰ ਆਖਦੇ ਹਨ? ਆਪ ਨੇ ਉਸ ਨੂੰ ਬੜੇ ਪਿਆਰ ਨਾਲ ਵੇਖਿਆ ਤੇ ਹੱਸ ਕੇ ਕਹਿਣ ਲਗੇ, "ਪੁੱਤਰ! ਇਥੇ ਬੈਠ ਜਾ, ਤੈਨੂੰ ਹੁਣੇ ਵਿਖਾਉਂਦੇ ਹਾਂ ਕਿ ਮੌਤ ਕੀ ਹੁੰਦੀ ਹੈ"? ਇੰਜ ਆਪ ਨੇ ਉਸਨੂੰ ਹੋਣ ਵਾਲੀ ਘਟਨਾ ਦਾ ਇਸ਼ਾਰਾ ਦੇ ਦਿੱਤਾ। ਇੰਨੀ ਦੇਰ ਨੂੰ ਦੋ

ਅਤਵਾਦੀ, ਜੋ ਹਜ਼ੂਰ ਨੂੰ ਮਾਰਨ ਦਾ ਮਨਸੂਬਾ ਧਾਰ ਕੇ ਆਏ ਸਨ, ਉਹ ਅੱਗੇ ਆ ਗਏ ਤੇ ਆਪ ਨੂੰ ਮਾੜੇ ਬੋਲ ਬੋਲਣ ਲਗ ਪਏ। ਸਤਿਸੰਗ ਹਾਲ ਵਿਚ ਤਕਰੀਬਨ 400 ਦੇ ਕਰੀਬ ਸੰਗਤ ਸੀ, ਪਰ ਕਿਸੇ ਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ, ਉਹ ਸਭ ਜਿਵੇਂ ਪੱਥਰ ਦੇ ਬੁੱਤ ਬਣ ਗਏ ਸਨ। ਆਪ ਜੀ ਨੇ ਉਹਨਾਂ ਦੋਹਾਂ ਅਤਵਾਦੀਆਂ ਨੂੰ ਕਿਹਾ ਕਿ ਤੁਸੀਂ ਜੋ ਮਨਸੂਬਾ ਧਾਰ ਕੇ ਆਏ ਹੋ ਆਪਣਾ ਕੰਮ ਪੂਰਾ ਕਰੋ ਤਾਂਕਿ ਅਸੀਂ ਆਪਣੇ ਧੁਰ-ਧਾਮ ਵਾਪਿਸ ਜਾਈਏ। ਆਪ ਜੀ ਦੀ ਗੱਲ ਸੁਣ ਕੇ ਉਹਨਾਂ ਨੇ ਆਪਣੀ ਬੰਦੂਕ ਕੱਢੀ ਤੇ ਆਪ ਜੀ ਤੇ ਗੋਲੀਆਂ ਵਰਸਾਣੀਆਂ ਸ਼ੁਰੂ ਕਰ ਦਿੱਤੀਆਂ। ਪਰ ਆਪ ਜੀ ਦੇ ਵਚਨ ਅਨੁਸਾਰ ਕਿ ਸਾਡੇ ਸਰੀਰ ਦਾ ਅਗਲਾ ਹਿੱਸਾ ਫੌਲਾਦ ਦਾ ਹੈ ਤੇ ਇਸ ਤੇ ਕਿਸੇ ਵੀ ਚੀਜ਼ ਦਾ ਅਸਰ ਨਹੀਂ ਹੋ ਸਕਦਾ। ਇਸ ਲਈ ਬੰਦੂਕ ਦੀ ਕੋਈ ਵੀ ਗੋਲੀ ਆਪ ਜੀ ਦੇ ਸਰੀਰ ਨੂੰ ਨਹੀਂ ਸੀ ਛੂਹ ਸਕੀ। ਉਸੀ ਦੌਰਾਨ ਆਪ ਨੇ ਆਪਣੀਆਂ ਅੱਖਾਂ ਬੰਦ ਕੀਤੀਆਂ ਤੇ ਆਪਣੀ ਜੋਤ ਨੂੰ ਤ੍ਰਿਕੁਟੀ ਤੋਂ ਕੱਢ ਕੇ ਧੁਰ-ਧਾਮ ਵਾਪਿਸ ਲੈ ਗਏ। ਅਕਾਸ਼ ਮੰਡਲ 'ਚ ਜਾਂਦੀ ਸਤਿਗੁਰੂ ਦੀ ਜੋਤ ਦੇ ਪ੍ਰਤੱਖ ਦਰਸ਼ਨ ਉਥੇ ਬੈਠੀ ਸੰਗਤ ਨੇ ਕੀਤੇ। ਪਰ ਸੰਗਤ ਨੂੰ ਸਮਝ ਨਹੀਂ ਸੀ ਪੈ ਰਹੀਂ ਕਿ ਇਹ ਸਭ ਕੀ ਹੋ ਰਿਹਾ ਹੈ। ਹਜ਼ੂਰ ਮਹਾਰਾਜ ਜੀ ਵੀ ਅਕਸਰ ਕਿਹਾ ਕਰਦੇ ਸਨ ਕਿ ਜਿਸ ਵੇਲੇ ਅਸੀਂ ਧੁਰ-ਧਾਮ ਦਾ ਸਫ਼ਰ ਤੈਅ ਕਰਨਾ ਹੈ, ਉਸ ਵੇਲੇ ਜਿਹੜੀ ਸੰਗਤ ਉਥੇ ਹੋਵੇਗੀ, ਉਹ ਕੁਝ ਨਹੀਂ ਕਰ ਸਕੇਗੀ। ਅਸੀਂ ਸਾਰਿਆਂ ਦੇ ਬੈਠੇ-ਬੈਠੇ ਨਿਕਲ ਕੇ ਚਲੇ ਜਾਣਾ ਹੈ ਤੇ ਉਹ ਸਾਨੂੰ ਰੋਕ ਨਹੀਂ ਸਕਣਗੇ। ਆਪ ਜੀ ਦੇ ਵਚਨ ਅਨੁਸਾਰ ਸਾਰੀ ਸੰਗਤ ਸ਼ਾਂਤ ਹੋ ਕੇ ਬੈਠੀ ਰਹੀ। ਫਿਰ ਜਦੋ ਉਹਨਾਂ ਅਤਵਾਦੀਆਂ ਨੇ ਪਿੱਛੇ ਜਾ ਕੇ ਸਟੇਜ 'ਤੋਂ ਗੋਲੀਆਂ ਚਲਾਈਆਂ ਤਾਂ ਇੱਕ ਗੋਲੀ ਪਿੱਛੇ ਗਰਦਨ ਰਾਹੀਂ ਆਪ ਜੀ ਦੇ ਸਿਰ ਵਿੱਚ ਦਾਖਿਲ ਹੋ ਗਈ ਤੇ ਲਹੂ ਵਗਣ ਲੱਗ ਪਿਆ। ਉਸ ਤੋਂ ਪਹਿਲਾਂ ਆਪ ਜੀ ਨੇ ਆਪਣੀ ਜੋਤ ਨੂੰ ਸਰੀਰ 'ਚੋਂ ਬਾਹਰ ਕੱਢ ਲਿਆ ਸੀ ਤੇ ਇਹ ਗੋਲੀ ਆਪ ਜੀ ਦੇ ਬੇਜਾਨ ਸਰੀਰ ਨੂੰ ਲੱਗੀ ਸੀ। ਉਸ ਵੇਲੇ ਸੰਗਤ

ਨੂੰ ਹੋਸ਼ ਆਈ ਤੇ ਹਾਲ ਵਿੱਚ ਚੀਕ ਚਿਹਾੜਾ ਪੈ ਗਿਆ। ਸੰਗਤ ਵਲੋਂ ਆਪਣੇ ਸਤਿਗੁਰੂ ਨੂੰ ਬਚਾਉਂਣ ਤੇ ਉਹਨਾਂ ਅਤਵਾਦੀਆਂ ਨੂੰ ਫੜਨ ਦੀ ਜੱਦੋ-ਜ਼ਹਿਦ ਵਿੱਚ ਉਥੇ ਮੌਜੂਦ ਚਾਚਾ ਜੋਗਾ ਸਿੰਘ, ਬਾਬਾ ਸਤਵੰਤ ਸਿੰਘ, ਦਾਸ ਧਰਮ ਸਿੰਘ ਜੀ ਨੂੰ ਵੀ ਗੋਲੀ ਲੱਗ ਗਈ। ਸੰਗਤ ਨੇ ਉਹਨਾਂ ਅਤਵਾਦੀਆਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ, ਪਰ ਚਾਚਾ ਜੋਗਾ ਸਿੰਘ ਨੇ ਬੇਹੋਸ਼ੀ ਦੀ ਹਾਲਤ ਵਿੱਚ ਉਹਨਾਂ ਨੂੰ ਅਜਿਹਾ ਕਰਨ ਤੋਂ ਮਨਾ ਕੀਤਾ ਤੇ ਕਿਹਾ ਕੇ ਇਹਨਾਂ ਨੂੰ ਨਾ ਮਾਰੋ, ਕਿਉਂਕਿ ਇਹ ਸਭ-ਕੁਝ ਰਬ ਦੇ ਭਾਣੇ ਵਿੱਚ ਹੀ ਹੋ ਰਿਹਾ ਹੈ। ਇਸ ਦੌਰਾਨ ਆਪ ਜੀ ਨੂੰ ਅਤੇ ਤਿੰਨ ਸੇਵਕਾਂ ਨੂੰ ਈਲਿੰਗ ਹਸਪਤਾਲ ਵਿੱਚ ਲਿਜਾਇਆ ਗਿਆ, ਜਿਥੇ ਆਪ ਜੀ ਅਤੇ ਚਾਚਾ ਜੋਗਾ ਸਿੰਘ ਜੀ ਬਾਰੇ ਡਾਕਟਰਾਂ ਨੇ ਇਹ ਆਖ ਦਿੱਤਾ ਕਿ ਇਹਨਾਂ ਦੇ ਸਵਾਸ ਖ਼ਤਮ ਹੋ ਚੁੱਕੇ ਹਨ। ਬਾਬਾ ਸਤਵੰਤ ਸਿੰਘ ਜੀ ਦਾ ਇੱਕ ਦਿਨ ਤਕ ਇਲਾਜ ਚਲਿਆ ਪਰ ਅਗਲੇ ਦਿਨ ਉਹ ਵੀ ਆਪਣਾ ਸਰੀਰ ਛੱਡ ਗਏ।


ਚਾਚਾ ਜੋਗਾ ਸਿੰਘ ਜੀ

ਇੰਜ ਦੋਹਾਂ ਸੇਵਕਾਂ ਨੇ ਸੱਚਖੰਡ ਵਿੱਚ ਆਪਣੇ ਪਿਆਰੇ ਸਤਿਗੁਰੂ ਦੇ ਚਰਣਾਂ ਵਿੱਚ ਥਾਂ ਪ੍ਰਾਪਤ ਕੀਤੀ।

ਆਪਣੀ ਇੱਛਾ ਦੇ ਮੁਤਾਬਿਕ ਆਪ ਆਪਣੇ ਦੋ ਹੀ ਸੇਵਕਾਂ ਨੂੰ ਆਪਣੇ ਨਾਲ ਸੱਚਖੰਡ ਵਿੱਚ ਲੈ ਕੇ ਗਏ ਕਿਉਂਕਿ ਤੀਜਾ ਸੇਵਕ ਦਾਸ ਧਰਮ ਸਿੰਘ, ਜਿਸ ਨੂੰ ਗੋਲੀ ਛਾਤੀ ਵਿੱਚੋ ਲੱਗ ਕੇ ਪਿੱਠ ਰਾਹੀਂ ਬਾਹਰ ਨਿਕਲ ਗਈ ਸੀ, ਉਸ ਦੀ ਜਾਨ ਬਚ ਗਈ


ਬਾਬਾ ਸਤਵੰਤ ਸਿੰਘ ਜੀ

ਸੀ। ਇਹ ਕੌਤਕ ਆਪ ਜੀ ਦੀ ਉਸ ਇੱਛਾ ਨੂੰ ਪ੍ਰਗਟ ਕਰਦਾ ਹੈ, ਜਿਸਦਾ ਇਸ਼ਾਰ ਆਪ ਅਕਸਰ ਆਪਣੇ ਸਤਿਸੰਗਾਂ ਵਿੱਚ ਦਿੰਦੇ ਸਨ ਕਿ ਸਾਡੇ ਨਾਲ ਧੁਰ ਧਾਮ ਸਿਰਫ ਦੋ ਹੀ ਦਾਸ ਜਾਣਗੇ। ਇੱਥੋ ਤਕ ਕਿ ਇਹਨਾਂ ਦੋਹਾਂ ਸੇਵਕਾਂ (ਚਾਚਾ ਜੋਗਾ ਸਿੰਘ ਅਤੇ ਬਾਬਾ ਸਤਵੰਤ ਸਿੰਘ) ਨਾਲ ਆਪ ਰਮਜ਼ਾਂ ਭਰੇ ਇਸ਼ਾਰਿਆਂ ਵਿੱਚ ਅਜਿਹੀ ਗੱਲ ਬਾਤ ਕਰਦੇ ਜਿਸਦੀ ਕਿਸੇ ਤੀਸਰੇ ਨੂੰ ਕੋਈ ਸਮਝ ਨਾ ਪੈਂਦੀ। 11 ਨਵੰਬਰ ਵਾਲੇ ਦਿਨ ਵੀ ਆਪ ਜੀ ਅਤੇ ਚਾਚਾ ਜੋਗਾ ਸਿੰਘ ਵਿਚਕਾਰ ਅਜਿਹੇ ਇਸ਼ਾਰੇ ਹੋਏ। ਸੰਗਤ ਨਾਲ ਗੱਲ ਬਾਤ ਕਰਨ ਦੇ ਦੌਰਾਨ ਆਪ ਜੀ ਨੇ ਚਾਚਾ ਜੋਗਾ ਸਿੰਘ ਜੀ ਤੋਂ ਪੀਣ ਲਈ ਪਾਣੀ ਦਾ ਗਿਲਾਸ ਮੰਗਿਆ ਤਾਂ ਉਹਨਾਂ ਨੇ ਪਾਣੀ ਦਾ ਗਿਲਾਸ ਖੱਬੇ ਹੱਥ ਨਾਲ ਫੜਾਇਆ, ਜੋ ਕਿ ਸੰਤ ਮੱਤ ਦੀ ਮਰਿਯਾਦਾ ਅਨੁਸਾਰ ਗਲਤ ਸੀ। ਪਰ ਇਸ ਰਮਜ਼ ਦਾ ਭੇਦ ਉਦੋਂ ਖੁਲ੍ਹਿਆ ਜਦੋਂ ਆਪ ਜੀ ਨੇ ਗਿਲਾਸ ਫੜਦਿਆਂ ਆਪਣੀ ਉਂਗਲੀ ਨੂੰ ਅਕਾਸ਼ ਮੰਡਲ ਵੱਲ ਕਰਕੇ ਗੋਲ ਘੁਮਾਇਆ ਤੇ ਅੱਖਾਂ ਨਾਲ ਕੁਝ ਇਸ਼ਾਰਾ ਕੀਤਾ ਅਤੇ ਜਵਾਬ ਦੇ ਤੌਰ ਤੇ ਚਾਚਾ ਜੋਗਾ ਸਿੰਘ ਜੀ ਨੇ ਹੱਥ ਜੋੜ ਕੇ ਆਪਣੀ ਸਹਿਮਤੀ ਪ੍ਰਗਟ ਕੀਤੀ। ਇਸ ਤੋਂ ਪਤਾ ਲਗਦਾ ਹੈ ਕਿ ਆਪ ਜੀ ਨੇ ਚਾਚਾ ਜੋਗਾ ਸਿੰਘ ਜੀ ਨੂੰ ਧੁਰ ਧਾਮ ਜਾਣ ਦਾ ਇਸ਼ਾਰਾ ਦੇ ਦਿਤੱਾ। ਅੱਜ ਹੋਣ ਵਾਲੀ ਘਟਨਾ ਦਾ ਕੁਝ ਅਜਿਹਾ ਹੀ ਇਸ਼ਾਰਾ ਬਾਬਾ ਸਤਵੰਤ ਸਿੰਘ ਜੀ ਨੂੰ ਵੀ ਹੋਇਆ ਹੋਣਾਂ ਹੈ ਤਾਂ ਹੀ ਨਿਕਲਦੇ ਸਮੇਂ ਉਹਨਾਂ ਨੇ ਆਪਣੀ ਪਤਨੀ ਨੂੰ ਇਹ ਗੱਲ ਆਖੀ ਕਿ ਵਾਪਸੀ ਵਿੱਚ ਤੁਸੀਂ ਇਕੱਲੇ ਹੀ ਗੱਡੀ ਚਲਾ ਕੇ ਘਰ ਆਉਂਣਾ ਹੈ। ਜਦੋਂ ਉਹਨਾਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਬਾਬਾ ਜੀ ਨੇ ਕੋਈ ਜਵਾਬ ਨਹੀਂ ਦਿੱਤਾ। ਇੰਜ ਇਹ ਸਭ ਕੁਝ ਆਪ ਜੀ ਦੀ ਇੱਛਾ ਦੇ ਮੁਤਾਬਿਕ ਹੀ ਵਾਪਰਿਆ ਸੀ ਕਿਉਂਕਿ ਸੰਨ 1976 ਨੂੰ ਆਪਣੇ ਘਰ ਬਟਾਲਾ ਵਿੱਚ ਕੁਝ ਸੇਵਕਾਂ ਨਾਲ ਗੱਲ ਬਾਤ ਦੇ ਦੌਰਾਨ ਆਪ ਜੀ ਨੇ ਆਪਣੀ ਸੱਚਖੰਡ ਦੀ ਇਸ ਵਾਪਸੀ ਯਾਤਰਾ ਦਾ ਜ਼ਿਕਰ ਕਰਦੇ ਹੋਏ ਪਹਿਲਾਂ ਹੀ ਸਭ ਕੁਝ ਬਿਆਨ ਕਰ ਦਿੱਤਾ ਸੀ। ਉਸ ਸਮੇ ਆਪ ਨੇ ਆਪਣੇ ਮੁੱਖ ਤੋਂ ਅਜਿਹੇ


ਵਚਨ ਆਖ ਦਿੱਤੇ, ਜਿਸ ਨੂੰ ਸੁਣ ਕੇ ਸੇਵਕਾਂ ਦੇ ਪੈਰਾਂ ਥੱਲਿਉਂ ਜ਼ਮੀਨ ਨਿਕਲ ਗਈ। ਆਪ ਨੇ ਬਿਆਨ ਕੀਤਾ ਕਿ ਸਾਡੀ ਮੌਤ ਦਾ ਸਮਾਂ ਮੁਕੱਰਰ ਹੋ ਗਿਆ ਹੈ। ਅਸੀਂ ਆਪਣੇ ਮਾਲਿਕ ਦੀ ਆਗਿਆ ਮੰਨ ਕੇ ਮਰਨ ਦਾ ਦਿਨ ਨਿਸ਼ਚਿਤ ਕਰ ਲਿਆ ਹੈ। ਮੇਰਾ ਮਾਲਿਕ ਮੈਨੂੰ ਆਖ ਰਿਹਾ ਹੈ ਕਿ ਮੇਰੀ ਮੌਤ ਉਸਦੀ ਸੇਵਾ ਕਰਦਿਆਂ ਤੇ ਸਤਿਸੰਗ ਸੁਣਾਉਂਦਿਆਂ ਗੋਲੀ ਲੱਗਣ ਨਾਲ ਹੋਏਗੀ ਤੇ ਇਹ ਕੰਮ ਹਿੰਦੁਸਤਾਨ ਦੀ ਧਰਤੀ 'ਤੇ ਨਹੀਂ ਸਗੋਂ ਵਿਦੇਸ਼ ਵਿਚ ਹੋਵੇਗਾ। ਫਿਰ ਆਪ ਜੀ ਨੇ ਸੇਵਕਾਂ ਨੂੰ ਕਿਹਾ ਕਿ ਸਾਡਾ ਪਾਰਥਿਵ ਸਰੀਰ ਹਿੰਦੁਸਤਾਨ ਲਿਆਇਆ ਜਾਵੇ ਤੇ ਬਟਾਲਾ ਡੇਰੇ ਵਿਚ ਸਾਡਾ ਸੰਸਕਾਰ ਕੀਤਾ ਜਾਵੇ। ਇਹ ਗੱਲਾਂ ਸੁਣ ਕੇ ਸੇਵਕਾਂ ਦੀਆਂ ਅੱਖਾਂ ਭਰ ਆਈਆਂ।



ਪਿਤਾ ਸ਼੍ਰੀ ਜਗਨ ਨਾਥ ਜੀ
ਮਹਾਰਾਜ ਦਰਸ਼ਨ ਦਾਸ ਜੀ ਦੇ ਪਾਰਥਿਵ
ਸਰੀਰ ਨੂੰ ਅਗਨੀ ਦੇ ਹਵਾਲੇ ਕਰਦੇ ਹੋਏ

ਆਪ ਜੀ ਦੇ ਹੁਕਮਾਨੁਸਾਰ 19 ਜਨਵਰੀ, 1988 ਨੂੰ ਆਪ ਜੀ ਦਾ ਪਾਰਥਿਵ ਸਰੀਰ ਹਿੰਦੁਸਤਾਨ ਲਿਆਇਆ ਗਿਆ ਤੇ 20 ਜਨਵਰੀ, 1988 ਵਾਲੇ ਦਿਨ ਆਪ ਜੀ ਦੇ ਸਰੀਰ ਨੂੰ ਬਟਾਲਾ ਡੇਰੇ ਵਿਚ ਅਗਨੀ ਭੇਟਾ ਕੀਤਾ ਗਿਆ। ਬਹੁਤ ਵੱਡੀ ਤਾਦਾਦ ਵਿਚ ਸੰਗਤਾਂ ਨੇ ਆਪਣੇ ਸਤਿਗੁਰੂ ਨੂੰ ਬੜੇ ਦੁਖੀ ਹਿਰਦੇ ਨਾਲ ਰੋਂਦੇ-ਰੋਂਦੇ ਅੰਤਿਮ ਵਿਦਾਈ ਦਿੱਤੀ।

ਅੱਜ ਹਜ਼ੂਰ ਮਹਾਰਾਜ ਜੀ



ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ

ਸਰੀਰਕ ਤੌਰ ਤੇ ਸਾਡੇ ਵਿਚਕਾਰ ਨਹੀਂ ਹਨ, ਪਰ ਆਤਮਿਕ ਤੌਰ ਤੇ ਉਹ ਹਰ ਸਮੇਂ ਤੇ ਹਰ ਥਾਂ ਤੇ ਸਾਧ-ਸੰਗਤ ਨਾਲ ਹਾਜ਼ਿਰ ਰਹਿੰਦੇ ਹਨ। ਆਪ ਜੀ ਨੇ ਇਹ ਵਚਨ ਦਿੱਤੇ ਸਨ ਕਿ ਜਦੋਂ ਵੀ ਕੋਈ ਸਾਨੂੰ ਸੱਚੇ ਦਿਲੋਂ ਯਾਦ ਕਰੇਗਾ ਜਾਂ ਸਾਡੀ ਸੰਗਤ ਵਿਚਕਾਰ ਬੈਠ ਕੇ ਸਾਡੀ ਗੱਲਬਾਤ ਕਰੇਗਾ ਤਾਂ ਅਸੀਂ ਉਥੇ ਆਪਣੀ ਹਾਜ਼ਿਰੀ ਜ਼ਰੂਰ ਭਰਾਂਗੇ। ਇੰਜ ਅੱਜ ਜਿਥੇ ਕੋਈ ਵੀ ਜੀਵ ਹਜ਼ੂਰ ਮਹਾਰਾਜ ਜੀ ਨੂੰ ਸੱਚੇ ਦਿਲੋਂ ਯਾਦ ਕਰਦਾ ਹੈ, ਉਥੇ ਹਜ਼ੂਰ ਆਪ ਪ੍ਰਤੱਖ ਖੜੇ ਹੋ ਜਾਂਦੇ ਹਨ ਤੇ ਕ੍ਰਿਪਾ ਰਹਿਮਤ ਕਰਕੇ ਆਪਣੀ ਸੰਗਤ ਦਾ ਖ਼ਿਆਲ ਰਖਦੇ ਹਨ। ਜਿਵੇਂ ਕਿ ਸਤਿਸੰਗਾਂ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਜਾਂਦਾ ਹੈ ਕਿ ਜਿਹੜੇ ਵੀ ਪੂਰਨ ਸੰਤ-ਮਹਾਤਮਾ ਹੁੰਦੇ ਹਨ, ਉਹ ਨਾਮ ਤੋਂ ਹੀ ਪ੍ਰਗਟ ਹੁੰਦੇ ਹਨ, ਨਾਮ ਵਿਚ ਹੀ ਸਮਾ ਜਾਂਦੇ ਹਨ। ਨਾਮ ਹੀ ਦੇਹਧਾਰੀ ਰੂਪ ਵਿਚ ਪ੍ਰਗਟ ਹੁੰਦਾ ਹੈ। ਇਸੇ ਲਈ ਆਪ ਜੀ ਸੰਗਤ ਵਿਚਕਾਰ ਇਹ ਕਿਹਾ ਕਰਦੇ ਸਨ ਕਿ ਤੁਸੀਂ ਸਾਡੇ ਨਾਲ ਜਾਂ ਸਾਡੇ ਸਰੀਰ ਨਾਲ ਪਿਆਰ ਨਾ ਕਰੋ। ਅਸੀਂ ਜੋ ਤੁਹਾਨੂੰ ਨਾਮ ਦੀ ਬਖ਼ਸ਼ਿਸ਼ ਕੀਤੀ ਹੈ, ਉਹ ਅਸੀਂ ਆਪਣੇ ਸਰੀਰ ਦਾ ਇਕ ਹਿੱਸਾ ਜਾਂ ਅੰਗ ਤੁਹਾਨੂੰ ਦੇ ਦਿੱਤਾ ਹੈ। ਇਸ ਲਈ ਤੁਸੀਂ ਨਾਮ ਨਾਲ ਜੁੜੋ ਤੇ ਨਾਮ ਨਾਲ ਪਿਆਰ ਕਰੋ।

ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਉੱਚ ਕੋਟੀ ਦੇ ਪੂਰਨ ਸੰਤ-ਸਤਿਗੁਰੂ ਸਨ, ਜਿਹਨਾਂ ਦਾ ਇਕੋ-ਇੱਕ ਮਕਸਦ ਲੋਕ-ਭਲਾਈ ਸੀ। ਜਿਹੜੇ ਜੀਵ ਆਪ ਜੀ ਕੋਲੋਂ ਦੁਨੀਆਵੀ ਸੁੱਖ ਲੈਣ ਲਈ ਆਉਂਦੇ ਤਾਂ

ਆਪ ਉਹਨਾਂ ਦੀ ਝੋਲੀ ਵਿਚ ਖ਼ੈਰ ਪਾਉਂਦੇ ਅਤੇ ਉਹਨਾਂ ਦਾ ਭਲਾ ਕਰਦੇ। ਜਿਹੜੇ ਜੀਵ ਆਪ ਜੀ ਕੋਲੋਂ ਰੱਬੀ ਦਾਤਾਂ ਮੰਗਦੇ ਤਾਂ ਆਪ ਉਹਨਾਂ ਨੂੰ ਨਾਮ ਦੀ ਦਾਤ ਬਖ਼ਸ਼ਦੇ ਤੇ ਉਹਨਾਂ ਨੂੰ ਰੱਬੀ ਖ਼ਜ਼ਾਨੇ ਨਾਲ ਭਰਪੂਰ ਕਰਦੇ। ਰੱਬ ਦੇ ਘਰ ਦੇ ਸ਼ਹਿਨਸ਼ਾਹ ਹੋਣ ਦੇ ਬਾਵਜੂਦ ਆਪ ਜੀ ਨੇ ਆਪਣੇ ਜੀਵਨ ਨੂੰ ਫ਼ਕੀਰੀ ਰੂਪ ਵਿੱਚ ਜੀਵਿਆ ਤੇ ਆਪਣਾ ਸਾਰਾ ਜੀਵਨ ਸੰਗਤ ਦੀ ਸੇਵਾ ਵਿੱਚ ਅਰਪਣ ਕਰ ਦਿੱਤਾ। ਆਪ ਸੰਗਤ ਦੀ ਸੇਵਾ ਵਿੱਚ ਇਸ ਕਦਰ ਜੁੜੇ ਰਹੇ ਕਿ ਆਪ ਨੇ ਆਪਣੇ ਪਰਿਵਾਰ ਦੀ ਵੀ ਪ੍ਰਵਾਹ ਨਹੀਂ ਕੀਤੀ। ਜੋ ਪਿਆਰ ਆਪ ਜੀ ਨੇ ਅਪਣੇ ਪਰਿਵਾਰ ਤੇ ਆਪਣੇ ਬੱਚਿਆਂ ਨੂੰ ਦੇਣਾ ਸੀ, ਉਹ ਪਿਆਰ ਆਪ ਜੀ ਨੇ ਸਮੂਹ ਸੰਗਤ ਵਿੱਚ ਹੀ ਵਰਤਾਇਆ।

ਆਪ ਜੀ ਨੇ ਸੱਚੀ ਫ਼ਕੀਰੀ ਧਾਰਣ ਕੀਤੀ। ਇਸ ਦੀ ਸਭ ਤੋਂ ਵੱਡੀ ਮਿਸਾਲ ਇਹ ਹੈ ਕਿ ਆਪ ਜੀ ਨੂੰ ਸੰਗਤ ਵਲੋਂ ਇੰਨਾ ਧਨ ਸੇਵਾ ਦੇ ਰੂਪ ਵਿੱਚ ਮਿਲਦਾ ਸੀ ਕਿ ਆਪ ਚਾਹੁੰਦੇ ਤਾਂ ਆਪਣੇ ਪਰਿਵਾਰ ਲਈ ਵੱਡੇ-ਵੱਡੇ ਘਰ ਬਣਾ ਸਕਦੇ ਸੀ। ਪਰ ਆਪ ਸੰਗਤ ਵਲੋਂ ਮਿਲਿਆ ਸਾਰਾ ਧਨ ਸੰਗਤ 'ਤੇ ਹੀ ਖ਼ਰਚ ਕਰ ਦਿੰਦੇ। ਆਪ ਜੀ ਨੇ ਸੰਗਤ ਦਾ ਇੱਕ ਰੁਪਇਆ ਵੀ ਆਪਣੇ ਜਾਂ ਪਰਿਵਾਰ ਵਾਸਤੇ ਨਹੀਂ ਜੋੜਿਆ। ਇੱਥੋਂ ਤਕ ਕੇ ਆਪ ਜੀ ਨੇ ਆਪਣੇ ਪਰਿਵਰ ਲਈ ਆਪਣਾ ਇੱਕ ਘਰ ਵੀ ਨਹੀਂ ਬਣਾਇਆ ਤੇ ਜਿਹੜਾ ਇਕੋ ਇੱਕ ਪੁਸ਼ਤੈਨੀ ਘਰ, ਬਟਾਲਾ ਵਿੱਚ ਸੀ, ਉਥੋਂ ਵੀ ਆਪਣੇ ਪਰਿਵਾਰ ਨੂੰ ਦਿੱਲੀ ਵਿੱਚ ਲੈ ਗਏ ਤੇ ਆਪਣਾ ਉਹ ਘਰ ਵੀ ਸੰਗਤ ਨੂੰ ਸੌਂਪ ਦਿੱਤਾ। ਸੰਨ 1986 ਵਿੱਚ ਜਦੋਂ ਪੰਜਾਬ ਦੇ ਹਾਲਾਤ ਵਿਗੜੇ ਹੋਏ ਸਨ ਤਾਂ ਆਪ ਜੀ ਦਾ ਸਾਰਾ ਪਰਿਵਾਰ ਬਟਾਲਾ ਤੋਂ ਦਿੱਲੀ ਆ ਗਿਆ। ਉਸ ਸਮੇਂ ਆਪ ਜੀ ਇੰਗਲੈਂਡ ਵਿੱਚ ਸਨ ਤੇ ਉਥੋਂ ਦੇ ਇੱਕ ਸੇਵਕ ਦਾਸ ਇੰਦਰਜੀਤ ਰਾਏ ਜਿਸ ਦਾ ਇੱਕ ਘਰ ਵਿਕਾਸਪੁਰੀ, ਦਿੱਲੀ ਵਿੱਚ ਸੀ, ਉਸਨੂੰ ਆਖਣ ਲੱਗੇ ਕਿ ਦਿੱਲੀ ਵਿੱਚ ਜੋ ਤੁਹਾਡਾ ਘਰ ਹੈ, ਉਹ ਖਾਲੀ ਪਿਆ ਹੈ ਤੇ ਤੁਸੀਂ ਉਹ ਸਾਡੇ ਪਰਿਵਾਰ ਨੂੰ ਰਹਿਣ ਲਈ ਦੇ ਦਿਓ। ਇੰਜ ਮਹਾਰਾਜ ਜੀ ਨੇ ਅਪਣੇ ਪਰਿਵਾਰ ਨੂੰ ਸੇਵਕ ਦੇ ਘਰ 'ਚ ਹੀ ਰੱਖਿਆ।




ਲੋਨੀ ਡੇਰਾ ਸਾਹਿਬ ਵਿਚ ਮਹਾਰਾਜ ਦਰਸ਼ਨ ਦਾਸ ਜੀ
ਸੰਗਤ ਦੀ ਫ਼ਰਿਆਦ ਸੁਣਦੇ ਹੋਏ

ਆਪ ਜੀ ਦੇ ਅੰਦਰ ਦੇਸ਼-ਪ੍ਰੇਮ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਸੀ। 11 ਨਵੰਬਰ, 1987 ਵਾਲੇ ਦਿਨ ਹੀ ਸਤਿਸੰਗ ਤੋਂ ਬਾਅਦ ਇਕ ਬੀਬੀ ਨੇ ਆਪ ਜੀ ਨੂੰ ਪੁੱਛਿਆ, "ਮੈਂ ਹਿੰਦੁਸਤਾਨ ਪਹਿਲੀ ਵਾਰ ਜਾ ਰਹੀ ਹਾਂ ਤੇ ਮੈਂ ਉਥੇ ਜਾ ਕੇ ਕਿਹੜੀ ਚੀਜ਼ ਵੇਖਾਂ, ਜਿਸ ਨਾਲ ਮੈਨੂੰ ਲੱਗੇ ਕਿ ਮੇਰੀ ਇਹ ਯਾਤਰਾ ਸਫਲ ਹੋ ਗਈ ਹੈ"। ਆਪ ਜੀ ਨੇ ਜਵਾਬ ਦਿੱਤਾ ਕਿ, ਬੀਬੀ! ਜਿਸ ਵੇਲੇ ਤੂੰ ਹਿੰਦੁਸਤਾਨ ਦੀ ਧਰਤੀ ਤੇ ਪੈਰ ਰੱਖੇਂ ਤਾਂ ਉਥੋਂ ਦੀ ਮਿੱਟੀ ਲੈ ਕੇ ਆਪਣੇ ਮੱਥੇ ਤੇ ਲਾ ਲਈਂ। ਇਸ ਨਾਲ ਹੀ ਤੇਰੀ ਯਾਤਰਾ ਸਫਲ ਹੋ ਜਾਏਗੀ ਕਿਉਂਕਿ ਹਿੰਦੁਸਤਾਨ ਦੀ ਮਿੱਟੀ ਵੀ ਬੜੀ ਅਨਮੋਲ ਤੇ ਪਵਿੱਤਰ ਹੈ। ਇਸ ਤੋਂ ਪਤਾ ਲਗਦਾ ਹੈ ਕਿ ਆਪ ਆਪਣੇ ਦੇਸ਼ ਨਾਲ ਅਥਾਹ ਪਿਆਰ ਕਰਦੇ ਸਨ ਤੇ ਇਸੇ ਪਿਆਰ ਸਦਕਾ ਆਪਣੇ ਦੇਸ਼ ਦੇ ਟੁਕੜੇ ਹੋਣ

ਤੋਂ ਬਚਾਉਣ ਲਈ ਆਪ ਜੀ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਇਕ ਬਹੁਤ ਵੱਡੇ ਸ਼ਾਇਰ ਵੀ ਸਨ। ਆਪ ਨੇ ਕਈ ਗੀਤ, ਗਜ਼ਲਾਂ ਤੇ ਕਵੱਲੀਆਂ ਲਿਖੀਆਂ। ਆਪਣੀ ਇਸ ਸ਼ਾਇਰੀ ਦੇ ਰੂਪ ਵਿੱਚ ਆਪ ਜੀ ਨੇ ਆਪਣੇ ਪ੍ਰੀਤਮ ਭਾਵ ਰੱਬ ਦੇ ਵਿਯੋਗ ਵਿਚ ਕਿਤੇ ਹੰਝੂ ਕੇਰੇ ਤੇ ਕਿਤੇ ਵਸਲ ਦੀਆਂ ਖੁਸ਼ੀਆਂ ਵਿੱਚ ਝੂੰਮੇ। ਪੁਰਾਤਨ ਸੰਤ-ਮਹਾਤਮਾਵਾਂ ਵਾਂਗ ਆਪ ਜੀ ਨੇ ਵੀ ਬਾਣੀ ਦੀ ਰਚਨਾ ਕੀਤੀ, ਜੋ ''ਯਸ਼ਵੰਤੀ ਨਿਰਾਧਾਰ ਧਾਮ ਪਹਿਲਾ'' ਦੇ ਰੂਪ ਵਿੱਚ ਹੈ। ''ਯਸ਼ਵੰਤੀ ਨਿਰਾਧਾਰ ਧਾਮ ਪਹਿਲਾ'' ਦੀ ਬਾਣੀ ਵਿਚਲੇ ਸ਼ਬਦ ਰੂਹਾਨੀਅਤ ਦੇ ਖ਼ੇਤਰ ਵਿੱਚ ਪ੍ਰਾਪਤ ਅਜਿਹੇ ਤਜ਼ੁਰਬੇ ਹਨ, ਜੋ ਰੱਬ ਦੇ ਰਾਹ ਤੋਂ ਭੁੱਲੀਆਂ ਜੀਵਾਤਮਾਵਾਂ ਨੂੰ ਨਾਮ ਦਾ ਰਸਤਾ ਦੱਸ ਕੇ ਰੱਬ ਨਾਲ ਜੁੜਨ ਲਈ ਪ੍ਰੇਰਦੇ ਹਨ ਤੇ ਇਹ ਸਮਝਾਉਂਦੇ ਹਨ ਕਿ ਸੱਚੇ ਨਾਮ ਨਾਲ ਜੁੜ ਕੇ ਹੀ ਜੀਵਾਤਮਾ ਦਾ ਪਾਰ ਉਤਾਰਾ ਹੋ ਸਕਦਾ ਹੈ। ਜੋ ਵੀ ਸੱਚੇ ਨਾਮ ਨਾਲ ਜੁੜਦਾ ਹੈ, ਉਹ ਸਦਾ ਹੀ ਸੱਚੇ ਸਤਿਗੁਰੂ ਦੀ ਰਹਿਮਤ ਸਦਕਾ ਹਲਤ ਪਲਤ ਦਾ ਸੁੱਖ ਹਾਸਿਲ ਕਰਦਾ ਹੈ।

ਇੰਜ ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਨੇ ਜੀਵਾਂ ਨੂੰ ਸੱਚੇ ਨਾਮ ਨਾਲ ਜੋੜ ਕੇ ਸੰਤ ਮੱਤ ਦਾ ਬੂਟਾ ਲਾਇਆ ਤੇ ਇਸ ਬੂਟੇ ਨੂੰ ਦਾਸ ਧਰਸ ਤੇ ਸੱਚਖੰਡ ਨਾਨਕ ਧਾਮ ਦੀ ਰੂਪ ਰੇਖਾ ਦਿੱਤੀ। ਇਸ ਬੂਟੇ ਦੀ ਛਤਰ-ਛਾਇਆ ਹੇਠ ਹਜ਼ੂਰ ਮਹਾਰਾਜ ਤਰਲੋਚਨ ਦਰਸ਼ਨ ਦਾਸ ਜੀ ਅੱਜ ਸੰਗਤਾਂ ਨੂੰ ਨਾਮ ਦੀ ਮਹਿਮਾ ਦੱਸ ਕੇ ਸੱਚੇ ਨਾਮ ਨਾਲ ਜੋੜ ਰਹੇ ਹਨ।

# ਭਾਗ-2

# ਰਹਿਮਤਾਂ ਦੇ ਸਾਗਰ ਚੋਂ



ਮਹਾਰਾਜ ਦਰਸ਼ਨ ਦਾਸ ਜੀ

# ਖੂਹ ਵਿੱਚ ਡਿੱਗੀ ਮੱਝ ਨੂੰ ਕੱਢਣਾ

ਇਹ ਘਟਨਾ ਸੰਨ 1973 ਦੀ ਹੈ। ਮੈਂ ਉਸ ਵੇਲੇ ਖੇਤੀ ਬਾੜੀ ਦਾ ਕੰਮ ਕਰਦਾ ਸੀ। ਬਟਾਲਾ ਡੇਰਾ ਦੇ ਸਾਹਮਣੇ ਹੀ ਮੇਰੇ ਖੇਤ ਹਨ ਮੇਰੇ ਖੇਤਾਂ ਵਿੱਚ ਇਕ ਖੂਹ ਸੀ। ਉਸ ਖੂਹ ਦੇ ਆਲੇ-ਦੁਆਲੇ ਦੀ ਮੌੜ ਟੁੱਟੀ ਹੋਈ ਸੀ। ਮੇਰੀ ਇੱਕ ਮੱਝ ਚਰਦੀ ਚਰਦੀ ਉਸ ਖੂਹ ਵਿੱਚ ਡਿਗ ਪਈ। ਅਚਾਨਕ ਕਿਸੇ ਦੀ ਨਜ਼ਰ ਪਈ ਤੇ ਉਸ ਨੇ ਰੌਲਾ ਪਾ ਦਿੱਤਾ ਅਤੇ ਆਲੇ-ਦੁਆਲੇ ਲੋਕ ਇਕੱਠੇ ਹੋ ਗਏ। ਦੋ ਸੱਪ ਮੱਝ ਦੇ ਉਤੇ ਬੈਠ ਗਏ। ਮੱਝ ਜੋਰ ਜੋਰ ਨਾਲ ਅੜਿੰਗਣ ਲੱਗ ਪਈ, ਪਰ ਹੇਠਾਂ ਸੱਪ ਹੋਣ ਕਰਕੇ ਕਿਸੇ ਦੀ ਵੀ ਖੂਹ ਵਿੱਚ ਉਤਰਨ ਦੀ ਹਿੰਮਤ ਨਹੀਂ ਸੀ ਪੈ ਰਹੀ। ਰੱਸੀਆਂ ਪਾ ਕੇ ਮੱਝ ਨੂੰ ਬਾਹਰ ਕੱਢਣ ਦਾ ਯਤਨ ਕੀਤਾ, ਪਰ ਸਭ ਬੇਕਾਰ, ਮੱਝ ਬਾਹਰ ਨਾ ਨਿਕਲ ਸਕੀ। ਮੇਰਾ ਮਹਾਰਾਜ ਜੀ ਨਾਲ ਬਹੁਤ ਪਿਆਰ ਸੀ ਅਤੇ ਮੈਂ ਹਰ ਵੇਲੇ ਆਪਣੇ ਸਤਿਗੁਰੂ ਦੀ ਮਹਿਮਾ ਦਾ ਗੁਣਗਾਣ ਕਰਦਾ ਰਹਿੰਦਾ ਸੀ। ਕੁਝ ਮਨਮਤੀਆਂ ਨੇ ਮਖ਼ੌਲ ਕਰਦਿਆਂ ਕਿਹਾ ਕਿ ਦੀਪ ਸਿੰਘ, ਤੂੰ ਆਪਣੇ ਬਾਬੇ ਦੀ ਬਹੁਤ ਪ੍ਰਸ਼ੰਸਾ ਕਰਦਾ ਹੈਂ, ਉਸ ਨੂੰ ਆਖ ਕਿ ਉਹ ਮੱਝ ਨੂੰ ਬਾਹਰ ਕੱਢ ਦੇਵੇ। ਇਹ ਗੱਲ ਸੁਣ ਕੇ ਮੈਂ ਆਪਣੇ ਮਨ ਵਿੱਚ ਅਰਦਾਸ ਕੀਤੀ ਕਿ ਮਹਾਰਾਜ ਜੀ, ਇਹ ਮਨਮੁੱਖ ਲੋਕ ਆਪ ਜੀ ਦਾ ਨਾਮ ਲੈ ਕੇ ਮੈਨੂੰ ਤਾਨ੍ਹੇ ਮਾਰ ਰਹੇ ਹਨ। ਆਪ ਜੀ ਕਿਰਪਾ ਕਰੋ ਤੇ ਮੱਝ ਨੂੰ ਬਾਹਰ ਕੱਢੋ ਤਾਂ ਕਿ ਇਹਨਾਂ ਲੋਕਾਂ ਦੇ ਮੂੰਹ ਬੰਦ ਹੋਣ। ਆਪ ਜੀ ਉਸ ਸਮੇਂ ਜਲੰਧਰ ਵਿੱਚ ਸਨ। ਮੇਰੇ ਅਰਦਾਸ ਕਰਦਿਆਂ ਹੀ ਖੂਹ ਦੇ ਪਾਣੀ ਵਿੱਚ ਇੰਨਾ ਜੋਰਦਾਰ ਉਛਾਲਾ ਆਇਆ ਕਿ ਉਸ ਦੇ ਜੋਰ ਨਾਲ ਮੱਝ ਖੂਹ 'ਚੋਂ ਬਾਹਰ ਆ ਗਈ। ਉਥੇ ਮੌਜੂਦ ਸਾਰੇ ਲੋਕਾਂ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ ਤੇ ਜਿਹੜੇ ਲੋਕ ਮਜ਼ਾਕ ਕਰ ਰਹੇ ਸਨ, ਉਹਨਾਂ ਦੇ ਮੂੰਹ ਬੰਦ ਹੋ ਗਏ। ਮੈਂ ਹਜ਼ੂਰ ਮਹਾਰਾਜ ਜੀ ਦਾ ਦਿਲੀ ਧੰਨਵਾਦ ਕੀਤਾ। ਇਸ ਕੌਤਕ ਤੋਂ ਬਾਅਦ ਹਜ਼ੂਰ ਮਹਾਰਾਜ ਜੀ ਦੀ ਚਰਚਾ ਪੂਰੇ ਬਟਾਲਾ ਸ਼ਹਿਰ ਵਿੱਚ ਹੋਣ ਲੱਗੀ।

-- ਦਾਸ ਜਗਦੀਪ ਸਿੰਘ (ਦੀਪ ਭਾਜੀ)

## ਪਰੀ ਨੂੰ ਮਾਤ ਲੋਕ ਤੋਂ ਮੁਕਤੀ

ਹਜ਼ੂਰ ਮਹਾਰਾਜ ਜੀ ਜਦੋਂ ਪਹਿਲੀ ਵਾਰ ਦਿੱਲੀ ਆਏ ਤਾਂ ਆਪ ਜੀ ਆਪਣੇ ਸੇਵਕ ਇੰਦਰਜੀਤ ਬੌਬੀ ਦੇ ਸਾਲੇ ਸਾਹਿਬ (ਸਤਪਾਲ) ਜੀ ਦੇ ਘਰ ਠਹਿਰੇ। ਉਹਨਾਂ ਦਾ ਘਰ ਦਿੱਲੀ ਦੇ ਕੈਂਪ ਦੇ ਇਲਾਕੇ ਵਿੱਚ ਸੀ। ਮਹਾਰਾਜ ਜੀ ਤਕਰੀਬਨ 10-15 ਦਿਨ ਉਹਨਾਂ ਦੇ ਘਰ ਰਹੇ। ਉਥੇ ਮਹਾਰਾਜ ਜੀ ਸਤਿਸੰਗ ਕੀਰਤਨ ਕਰਦੇ ਰਹੇ ਤੇ ਜਦੋਂ ਵਾਪਿਸ ਜਾਣ ਲੱਗੇ ਤਾਂ ਉਸ ਘਰ ਦੇ ਜੀਵਾਂ ਨੇ ਆਪ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ, ਸਾਡੇ ਘਰ ਵਿੱਚ ਬੜੀ ਉਥਲ-ਪੁਥਲ ਰਹਿੰਦੀ ਹੈ। ਚੀਜ਼ਾਂ ਨੂੰ ਆਪਣੇ-ਆਪ ਹੀ ਅੱਗ ਲੱਗ ਜਾਂਦੀ ਹੈ, ਘਰ ਦਾ ਸਮਾਨ ਗੁੰਮ ਹੋ ਜਾਂਦਾ ਹੈ। ਅਸੀਂ ਬਹੁਤ ਪੂਜਾ-ਪਾਠ ਕਰਵਾਏ, ਇਥੋਂ ਤਕ ਕਿ ਸਿਆਣਿਆਂ ਕੋਲ ਵੀ ਗਏ, ਪਰ ਕੋਈ ਫ਼ਰਕ ਨਹੀਂ ਪਿਆ। ਅਸੀਂ ਦਾਸ ਇੰਦਰਜੀਤ ਕੋਲੋਂ ਆਪ ਜੀ ਦੀ ਬੜੀ ਪ੍ਰਸ਼ੰਸਾ ਸੁਣੀ ਹੈ ਤੇ ਅਸੀਂ ਆਪ ਜੀ ਦੇ ਬੜੇ ਸ਼ੁਕਰਗੁਜ਼ਾਰ ਹਾਂ ਕਿ ਆਪ ਜੀ ਨੇ ਸਾਡੇ ਘਰ ਵਿੱਚ ਚਰਣ ਪਾਏ। ਕਿਰਪਾ ਕਰਕੇ ਸਾਨੂੰ ਦਸੋ ਕਿ ਸਾਡੇ ਨਾਲ ਅਜਿਹਾ ਕਿਉਂ ਹੋ ਰਿਹਾ ਹੈ?

ਆਪ ਜੀ ਨੇ ਜਵਾਬ ਦਿੱਤਾ, "ਅਸੀਂ ਸਭ ਜਾਣਦੇ ਹਾਂ ਅਤੇ ਇਸੇ ਲਈ ਤੁਹਾਡੇ ਕੋਲ ਆਏ ਹਾਂ। ਦਰਅਸਲ ਤੁਹਾਡੇ ਘਰ ਵਿੱਚ ਇੱਕ ਪਰੀ ਹੈ, ਜੋ ਪਰੀ-ਲੋਕ ਦਾ ਰਸਤਾ ਭੁੱਲ ਗਈ ਹੈ ਤੇ ਉਹ ਤੁਹਾਡੇ ਘਰ ਵਿੱਚ ਰਹਿ ਰਹੀ ਹੈ। ਇਸ ਸਾਰੀ ਉਥਲ-ਪੁਥਲ ਦੀ ਜ਼ਿੰਮੇਵਾਰ ਉਹ ਹੀ ਹੈ।" ਆਪ ਜੀ ਦੀ ਗੱਲ ਸੁਣ ਕੇ ਸਤਪਾਲ ਨੇ ਕਿਹਾ ਕਿ ਮਹਾਰਾਜ ਜੀ, ਫਿਰ ਸਾਨੂੰ ਇਸ ਤੋਂ ਛੁਟਕਾਰਾ ਦਿਲਾਓ। ਤਾਂ ਆਪ ਜੀ ਨੇ ਕਿਹਾ ਕਿ ਜਦ ਅਗਲੀ ਵਾਰ ਅਸੀਂ ਆਵਾਂਗੇ ਤਾਂ ਇਸਨੂੰ ਨਾਲ ਹੀ ਲੈ ਜਾਵਾਂਗੇ। ਹਾਂ, ਅਸੀਂ ਇਸ ਨੂੰ ਸਮਝਾ ਜਾਂਦੇ ਹਾਂ ਕਿ ਇਹ ਕੋਈ ਖ਼ਰਾਬੀ ਨਾ ਕਰੇ। ਆਪ ਜੀ ਨੇ ਉਹਨਾਂ ਦੇ ਘਰ ਵਿੱਚ ਜਲ ਤੇ ਚੌਲਾਂ ਦੇ ਛਿੱਟੇ ਮਾਰ ਕੇ ਉਸ ਪਰੀ ਨੂੰ ਸ਼ਾਂਤ ਕਰ ਦਿੱਤਾ।

ਦੂਜੀ ਵਾਰ ਆਪ ਜੀ ਫਿਰ ਉਹਨਾਂ ਦੇ ਘਰ ਆਏ। ਕੀਰਤਨ ਸਤਿਸੰਗ ਕਰਕੇ ਜਦੋਂ ਜਾਣ ਲੱਗੇ ਤਾਂ ਆਪਣੇ ਵਾਅਦੇ ਦੇ ਮੁਤਾਬਿਕ ਉਸ ਘਰ ਦੇ

ਜੀਵਾਂ ਨੂੰ ਕਿਹਾ ਕਿ ਅਸੀਂ ਹੁਣ ਇਸ ਪਰੀ ਨੂੰ ਆਪਣੇ ਨਾਲ ਲੈ ਕੇ ਜਾ ਰਹੇ ਹਾਂ ਤੇ ਆਪ ਜੀ ਨੇ ਉਸ ਪਰੀ ਨੂੰ ਸੰਬੋਧਨ ਕਰਕੇ ਕਿਹਾ ਕਿ, "ਚਲ ਪਰੀ, ਕਾਰ ਦੀ ਡਿੱਗੀ ਵਿੱਚ ਬੈਠ ਜਾ" (ਇਸ ਵਾਰ ਮਹਾਰਾਜ ਜੀ ਆਪਣੀ ਕਾਰ ਵਿੱਚ ਆਏ ਸਨ)। ਆਪ ਜੀ ਦੇ ਇਹ ਵਚਨ ਹੁੰਦਿਆਂ ਹੀ ਉਥੇ ਖੜੇ ਲੋਕਾਂ ਨੂੰ ਇੰਜ ਮਹਿਸੂਸ ਹੋਇਆ ਕਿ ਜਿਵੇਂ ਕੋਈ ਚੀਜ਼ ਸ਼ਾਂ ਸ਼ਾਂ ਕਰਦੀ ਉਹਨਾਂ ਦੇ ਕੋਲੋਂ ਲੰਘੀ ਹੋਵੇ ਤੇ ਮਹਾਰਾਜ ਜੀ ਉਸ ਪਰੀ ਨੂੰ ਨਾਲ ਲੈ ਕੇ ਬਟਾਲਾ ਵਾਸਤੇ ਰਵਾਨਾ ਹੋ ਗਏ। ਰਸਤੇ ਵਿੱਚ ਆਪ ਜੀ ਕਾਰ ਦੀ ਪਿਛਲੀ ਸੀਟ ਤੇ ਅਰਾਮ ਕਰ ਰਹੇ ਸਨ ਤਾਂ ਅਚਾਨਕ ਕਾਰ ਦੀ ਡਿੱਗੀ ਵਿੱਚ ਅੱਗ ਲੱਗ ਗਈ। ਮੈਂ ਕਾਰ ਰੋਕੀ ਤੇ ਆਪ ਜੀ ਨੂੰ ਕਿਹਾ ਕਿ ਮਹਾਰਾਜ ਜੀ, ਡਿੱਗੀ ਵਿੱਚ ਅੱਗ ਲੱਗ ਗਈ ਹੈ। ਆਪ ਜੀ ਨੇ ਪਰੀ ਨੂੰ ਕਿਹਾ ਕਿ ਇਹ ਕੰਮ ਨਾ ਕਰ, ਅਸੀਂ ਤੈਨੂੰ ਬਟਾਲਾ ਪਹੁੰਚ ਕੇ ਮੁਕਤੀ ਦੇ ਦੇਵਾਂਗੇ ਤੇ ਤੈਨੂੰ ਤੇਰੇ ਲੋਕ ਵਿੱਚ ਪਹੁੰਚਾ ਦੇਵਾਂਗੇ। ਉਸੇ ਵੇਲੇ ਅੱਗ ਠੰਡੀ ਹੋ ਗਈ।

ਕਾਰ ਲੈ ਕੇ ਅਸੀਂ ਜਲੰਧਰ ਪਹੁੰਚੇ, ਉਥੇ ਮਹਾਰਾਜ ਜੀ ਦਾ ਸਤਿਸੰਗ ਸੀ। ਆਪ ਜੀ ਕਮਰੇ ਵਿੱਚ ਜਾ ਕੇ ਅਰਾਮ ਕਰਨ ਲੱਗੇ। ਮੈਂ ਉਥੇ ਮੌਜੂਦ ਸੰਗਤ ਦੇ ਜੀਵਾਂ ਨੂੰ ਦੱਸਿਆ ਕਿ ਮਹਾਰਾਜ ਜੀ, ਦਿੱਲੀ ਤੋਂ ਪਰੀ ਲੈ ਕੇ ਆਏ ਹਨ ਤੇ ਉਸ ਨੇ ਕਾਰ ਦੀ ਡਿੱਗੀ ਵਿੱਚ ਅੱਗ ਲੱਗਾ ਦਿੱਤੀ ਸੀ। ਜਦੋਂ ਆਪ ਜੀ ਅਰਾਮ ਕਰਕੇ ਬਾਹਰ ਨਿਕਲੇ ਤਾਂ ਉਹਨਾਂ ਜੀਵਾਂ ਨੇ ਆਪ ਜੀ ਨੂੰ ਪਰੀ ਦੇ ਦਰਸ਼ਨ ਕਰਵਾਉਣ ਲਈ ਬੇਨਤੀ ਕੀਤੀ। ਮਹਾਰਾਜ ਜੀ ਕਹਿਣ ਲੱਗੇ ਇਹ ਪਰੀ ਆਪਣੇ ਲੋਕ ਦਾ ਰਸਤਾ ਭਟਕ ਕੇ ਇਥੇ ਫਸ ਗਈ ਹੈ। ਅਸੀਂ ਇਸ ਨੂੰ ਇਸ ਦੇ ਲੋਕ ਵਾਪਸ ਭੇਜਣਾ ਹੈ, ਇਸ ਲਈ ਅਸੀਂ ਇਸ ਨੂੰ ਆਪਣੇ ਨਾਲ ਲੈ ਆਏ ਹਾਂ। ਪਰ ਇਸ ਦੇ ਦਰਸ਼ਨ ਅਸੀਂ ਤੁਹਾਨੂੰ ਨਹੀਂ ਕਰਵਾ ਸਕਦੇ। ਉਹਨਾਂ ਜੀਵਾਂ ਨੇ ਫਿਰ ਬੇਨਤੀ ਕਰਦਿਆਂ ਕਿਹਾ ਕਿ ਮਹਾਰਾਜ ਜੀ, ਆਪ ਜੀ ਤਾਂ ਹਲਤ-ਪਲਤ ਦੇ ਮਾਲਿਕ ਹੋ ਆਪ ਜੀ ਵਾਸਤੇ ਇਹ ਕੋਈ ਔਖਾ ਕੰਮ ਨਹੀਂ ਹੈ ਕਿਰਪਾ ਕਰਕੇ ਸਾਨੂੰ ਪਰੀ ਦੇ ਦਰਸ਼ਨ ਕਰਵਾ ਦਿਓ। ਉਹਨਾਂ ਦੀ ਬੇਨਤੀ ਨੂੰ ਸਵੀਕਾਰ ਕਰਦਿਆਂ ਆਪ

ਜੀ ਨੇ ਕਿਹਾ ਕਿ ਠੀਕ ਹੈ, ਪਰ ਉਸਨੂੰ ਇਿਹਨਾਂ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ, ਤੁਸੀਂ ਸਿਰਫ ਉਸ ਦੀ ਮੌਜੂਦਗੀ ਦਾ ਅਹਿਸਾਸ ਹੀ ਕਰ ਸਕਦੇ ਹੋ ਅਤੇ ਉਸਨੂੰ ਜੇ ਕੁਝ ਖੁਆਉਣਾ ਚਾਹੋਗੇ ਤਾਂ ਉਹ ਖਾ ਲਏਗੀ। ਇਸ ਤੋਂ ਵੱਧ ਅਸੀਂ ਕੁਝ ਨਹੀਂ ਕਰ ਸਕਦੇ। ਉਹਨਾਂ ਜੀਵਾਂ ਦੇ ਚਿਹਰੇ ਤੇ ਚਮਕ ਆ ਗਈ। ਉਹਨਾਂ ਨੇ ਪਰੀ ਦੇ ਬੈਠਣ ਲਈ ਇੱਕ ਗੱਦਾ ਵਿਛਾ ਦਿੱਤਾ। ਆਪ ਜੀ ਨੇ ਪਰੀ ਨੂੰ ਅੰਦਰ ਆ ਕੇ ਗੱਦੇ ਤੇ ਬੈਠਣ ਦਾ ਹੁਕਮ ਦਿੱਤਾ। ਅਸੀਂ ਵੇਖਿਆ ਕਿ ਜਿਵੇਂ ਗੱਦੇ ਤੇ ਬੈਠਣ ਨਾਲ ਗੱਦਾ ਦੱਬ ਜਾਂਦਾ ਹੈ, ਉਸੇ ਤਰ੍ਹਾਂ ਗੱਦਾ ਦੱਬ ਗਿਆ, ਪਰ ਪਰੀ ਕਿਸੇ ਨੂੰ ਨਜ਼ਰ ਨਹੀਂ ਸੀ ਆ ਰਹੀ। ਆਪ ਜੀ ਨੇ ਸੰਗਤ ਨੂੰ ਹੁਕਮ ਕੀਤਾ ਕਿ ਪਰੀ ਦੇ ਖਾਣ ਵਾਸਤੇ ਕੁਝ ਲੈ ਕੇ ਆਓ। ਇਕ ਜੀਵ ਫਟਾਫਟ ਬਾਹਰ ਗਿਆ ਤੇ ਛੋਲੇ ਭਠੂਰੇ ਤੇ ਇੱਕ ਕੋਕਾ ਕੋਲਾ ਦੀ ਬੋਤਲ ਲੈ ਆਇਆ ਤੇ ਪਰੀ ਦੇ ਸਾਹਮਣੇ ਰੱਖ ਦਿੱਤੀ। ਅਸੀਂ ਵੇਖਿਆ ਕਿ ਥਾਲੀ ਵਿੱਚੋਂ ਛੋਲੇ ਭਠੂਰੇ ਗਰਾਹੀ ਗਰਾਹੀ ਕਰਕੇ ਖਾਲੀ ਹੋ ਰਹੇ ਸਨ ਤੇ ਕੋਕ ਬੋਤਲ 'ਚੋਂ ਪਾਇਪ ਰਾਹੀਂ ਉਪਰ ਨੂੰ ਜਾ ਕੇ ਗਾਇਬ ਹੋ ਰਿਹਾ ਸੀ। ਇਹ ਸਭ ਵੇਖਕੇ ਸਾਰੇ ਆਪ ਜੀ ਦੇ ਨਾਮ ਦੀ ਜੈ-ਜੈਕਾਰ ਕਰਨ ਲੱਗ ਪਏ। ਥੋੜ੍ਹੀ ਦੇਰ ਬਾਅਦ ਆਪ ਜੀ ਨੇ ਬਚਨ ਕੀਤੇ ਕਿ ਅਸੀਂ ਪਰੀ ਨੂੰ ਕੱਲ ਮੁਕਤੀ ਦੇਣੀ ਸੀ ਪਰ ਸੰਗਤ ਦੀ ਸੇਵਾ ਸਦਕਾ ਅਸੀਂ ਇਸਨੂੰ ਅੱਜ ਹੀ ਇਸ ਦੇ ਲੋਕ ਭੇਜ ਰਹੇ ਹਾਂ, ਤੇ ਆਪ ਜੀ ਨੇ ਸੰਗਤ ਨੂੰ ਅੱਖਾਂ ਬੰਦ ਕਰਕੇ ਰੱਬ ਦਾ ਧਿਆਨ ਕਰਨ ਲਈ ਕਿਹਾ। ਕੁਝ ਦੇਰ ਬਾਅਦ ਆਪ ਜੀ ਨੇ ਵਚਨ ਕੀਤੇ, "ਜਾ ਪਰੀ, ਤੇਰੇ ਲਈ ਪਰੀ ਲੋਕ ਦੇ ਦਰਵਾਜੇ ਖੁੱਲ੍ਹ ਗਏ ਹਨ।" ਇਸ ਤੋਂ ਬਾਅਦ ਸਭ ਨੂੰ ਮਹਿਸੂਸ ਹੋਇਆ ਕਿ ਕੋਈ ਚੀਜ਼ ਸ਼ਾਂ-ਸ਼ਾਂ ਕਰਦੀ ਕਮਰੇ'ਚੋਂ ਬਾਹਰ ਨਿਕਲ ਗਈ। ਆਪ ਜੀ ਨੇ ਆਪਣੀ ਕਿਰਪਾ ਰਹਿਮਤ ਕਰਕੇ ਉਸ ਪਰੀ ਨੂੰ ਵਾਪਸ ਪਰੀ ਲੋਕ ਭੇਜ ਦਿੱਤਾ। ਉਥੇ ਮੌਜੂਦ ਸੰਗਤਾਂ ਨੇ ਆਪ ਜੀ ਦੀ ਖੂਬ ਜੈ-ਜੈਕਾਰ ਕੀਤੀ।

ਹਜ਼ੂਰੀ ਡ੍ਰਾਈਵਰ, ਦਾਸ ਬਚਨ

(ਬਟਾਲਾ)

## ਅਨਾਜ ਦੇ ਭੜੋਲੇ ਨੂੰ ਵਰਦਾਨ ਦੇਣਾ

ਹਜ਼ੂਰ ਮਹਾਰਾਜ ਜੀ ਜਦੋਂ ਗੱਦੀ'ਤੇ ਵਿਰਾਜਮਾਨ ਹੁੰਦੇ ਤਾਂ ਸੰਗਤ ਦੇ ਦੁੱਖ ਕੱਟਣ ਦੇ ਨਾਲ-ਨਾਲ ਉਹਨਾਂ ਨੂੰ ਖੁਸ਼ ਹੋ ਕੇ ਵਰਦਾਨ ਵੀ ਦੇ ਦਿੰਦੇ। ਮਹਾਰਾਜ ਜੀ ਨੇ ਆਪਣੇ ਮੁਖ਼ਾਰਬਿੰਦ ਤੋਂ ਅਜਿਹਾ ਹੀ ਇੱਕ ਵਰਦਾਨ ਮੈਨੂੰ (ਦਾਸ ਸੁਦਰਸ਼ਨ, ਤੁਲੀ) ਦਿੱਤਾ। ਮੈਂ ਆਪਣੀ ਬੈਂਕ ਦੀ ਨੌਕਰੀ ਤੋਂ ਛੁੱਟੀ ਮਿਲਣ ਦੇ ਬਾਅਦ ਸਾਰਾ ਸਮਾਂ ਹਜ਼ੂਰ ਮਹਾਰਾਜ ਜੀ ਦੇ ਨਾਲ ਹੀ ਬਿਤਾਉਂਦਾ ਸੀ। ਹਜ਼ੂਰ ਨੇ ਮੇਰੇ ਘਰ ਕਈ ਭੋਰੇ (ਇਹ ਇੱਕ ਤਰ੍ਹਾਂ ਦੀ ਭਗਤੀ ਹੈ, ਜੋ ਬੰਦ ਕਮਰੇ ਵਿਚ ਰਹਿ ਕੇ ਕੀਤੀ ਜਾਂਦੀ ਹੈ, ਇਸ ਵਿੱਚ ਕਿਸੇ ਦੇ ਵੀ ਮੱਥੇ ਨਹੀਂ ਲਗਿਆ ਜਾਂਦਾ) ਵੀ ਕੱਟੇ। ਮੇਰੇ ਘਰ ਅਨਾਜ ਰੱਖਣ ਵਾਸਤੇ ਇੱਕ ਬਹੁਤ ਹੀ ਵੱਡਾ ਭੜੋਲਾ ਸੀ (ਇਸ ਦੇ ਉਪਰਲੇ ਢੱਕਣ ਨੂੰ ਖੋਲ੍ਹ ਕੇ ਅਨਾਜ ਭਰਿਆ ਜਾਂਦਾ ਸੀ ਅਤੇ ਕੱਢਣ ਵਾਸਤੇ ਹੇਠਲੇ ਹਿਸੇ ਵਿੱਚ ਇੱਕ ਰਸਤਾ ਹੁੰਦਾ ਸੀ) ਉਸ ਵਿੱਚ ਸੱਤ ਅੱਠ ਮਣ ਅਨਾਜ ਆ ਜਾਂਦਾ ਸੀ। ਪੁਰਾਣੇ ਸਮੇਂ ਵਿੱਚ ਅਨਾਜ ਨੂੰ ਸੰਭਾਲਣ ਲਈ ਭੜੋਲੇ ਦੀ ਹੀ ਵਰਤੋਂ ਕੀਤੀ ਜਾਂਦੀ ਸੀ।

ਮਹਾਰਾਜ ਜੀ ਨੇ 1973 ਵਿੱਚ ਸਾਡੇ ਘਰ 104 ਦਿਨ ਦਾ ਭੋਰਾ ਕੱਟਿਆ। ਜਿਸ ਦਿਨ ਆਪ ਭੋਰੇ ਤੋਂ ਬਾਹਰ ਨਿਕਲੇ ਤਾਂ ਆਪ ਬਹੁਤ ਖੁਸ਼ ਲੱਗ ਰਹੇ ਸਨ ਤੇ ਇਸੇ ਖੁਸ਼ੀ ਦੇ ਵੇਗ ਵਿੱਚ ਆ ਕੇ ਆਪ ਜੀ ਨੇ ਸਾਡੇ ਪਰਿਵਾਰ ਨੂੰ ਵਰਦਾਨ ਦੇ ਦਿੱਤਾ, "ਅੱਜ ਤੋਂ ਬਾਅਦ ਆਪਣੇ ਪਰਿਵਾਰ ਵਾਸਤੇ ਇਸ ਭੜੋਲੇ'ਚੋਂ ਅਨਾਜ ਕੱਢਦੇ ਰਹਿਣਾ। ਇਸ ਵਿੱਚੋਂ ਅਨਾਜ ਨਿਕਲਦਾ ਰਹੇਗਾ ਅਤੇ ਕਦੇ ਵੀ ਅਨਾਜ ਦੀ ਕਮੀ ਨਹੀਂ ਆਵੇਗੀ, ਪਰ ਇਸ ਦਾ ਢੱਕਣ ਚੁੱਕ ਕੇ ਨਾ ਵੇਖਣਾ ਕਿ ਕਿੰਨਾ ਅਨਾਜ ਬਾਕੀ ਹੈ।"

ਸਮਾਂ ਲੰਘਦਾ ਗਿਆ। ਸਾਡਾ ਪਰਿਵਾਰ ਭੜੋਲੇ'ਚੋਂ ਅਨਾਜ ਕੱਢਦਾ ਰਿਹਾ ਅਤੇ ਮਹਾਰਾਜ ਜੀ ਦੇ ਦਿੱਤੇ ਵਰਦਾਨ ਦਾ ਅੰਨਦ ਮਾਣਦਾ ਰਿਹਾ। ਇਕ ਦਿਨ ਬੈਠੇ-ਬੈਠੇ ਮੇਰੇ ਮਨ ਵਿੱਚ ਵਿਚਾਰ ਆਇਆ ਕਿ ਇੰਨੇ ਸਮੇਂ ਤੋਂ ਭੜੋਲੇ 'ਚੋਂ ਅਨਾਜ ਕੱਢ ਕੇ ਵਰਤੀ ਜਾ ਰਹੇ ਹਾਂ ਤੇ ਅਨਾਜ ਮੁੱਕਣ ਤੇ

ਹੀ ਨਹੀਂ ਆ ਰਿਹਾ। ਕਿਉਂ ਨਾ ਵੇਖਿਆ ਜਾਵੇ ਕਿ ਭੜੋਲੇ ਵਿੱਚ ਕਿੰਨਾ ਅਨਾਜ ਬਾਕੀ ਹੈ ਕਿਉਂਕਿ ਅਸੀਂ ਭੜੋਲੇ ਵਿੱਚ ਅਨਾਜ ਤਾਂ ਪਾ ਹੀ ਨਹੀਂ ਰਹੇ ਤੇ ਭੜੋਲੇ ਵਿੱਚ ਅਜਿਹਾ ਕੀ ਹੈ ਕਿ ਅਨਾਜ ਮੁੱਕ ਹੀ ਨਹੀਂ ਰਿਹਾ।

ਮੈਂ ਜਦੋਂ ਭੜੋਲੇ ਦਾ ਢੱਕਣ ਚੁੱਕ ਕੇ ਵੇਖਿਆ ਤਾਂ ਭੜੋਲੇ ਵਿੱਚ ਸਿਰਫ਼ ਮੁੱਠੀ ਭਰ ਹੀ ਅਨਾਜ ਬਾਕੀ ਸੀ। ਮੈਨੂੰ ਬੜਾ ਪਛਤਾਵਾ ਹੋਇਆ ਕਿ ਮੈਂ ਮਹਾਰਾਜ ਜੀ ਦੇ ਵਰਦਾਨ ਦੀ ਕਦਰ ਨਹੀਂ ਕੀਤੀ। ਕਹਾਵਤ ਹੈ ਕਿ "ਅਬ ਪਛਤਾਏ ਕਿਆ ਹੋਤ ਜਬ ਚਿੜੀਆ ਚੁਗ ਗਈ ਖੇਤ।"

ਪਰ ਹੁਣ ਕੁਝ ਵੀ ਨਹੀਂ ਸੀ ਹੋ ਸਕਦਾ। ਜਦੋਂ ਹਜ਼ੂਰ ਮਹਾਰਾਜ ਜੀ ਨੂੰ ਇਹ ਗੱਲ ਪਤਾ ਲੱਗੀ ਤਾਂ ਗੁਰੂ ਸਾਹਿਬ ਜੋਰ-ਜੋਰ ਦੀ ਹੱਸਨ ਲਗ ਪਏ ਅਤੇ ਕਿਹਾ, "ਅਸਾਂ ਤੁਲੀ ਜੀ ਨੂੰ ਮਨ੍ਹਾ ਕੀਤਾ ਸੀ ਕਿ ਵਰਦਾਨ ਤੇ ਸ਼ੱਕ ਨਾ ਕਰਨਾ, ਭੜੋਲੇ ਵਿਚੋਂ ਅਨਾਜ ਕਿਰਪਾ ਰਾਹੀਂ ਨਿਕਲੀ ਜਾ ਰਿਹਾ ਸੀ। ਤੁਲੀ ਜੀ ਨੇ ਕਿਰਪਾ ਤੋਂ ਪਰਦਾ ਚੁੱਕ ਦਿੱਤਾ ਤੇ ਕਿਰਪਾ ਪਿਛਾਂਹ ਹੱਟ ਗਈ।" ਮੈਨੂੰ ਅੱਜ ਵੀ ਉਸ ਗਲ ਦਾ ਪਛਤਾਵਾ ਹੈ।

ਦਾਸ ਸੁਦਰਸ਼ਨ
(ਬਟਾਲਾ)

## ਟੈਂਕੀ 'ਚ ਫੂਕ ਮਾਰ ਕੇ ਮੋਟਰ-ਸਾਈਕਲ ਚਲਾਣਾ

1977 ਵਿਚ ਲੋਨੀ ਡੇਰੇ ਦੀ ਸਥਾਪਨਾ ਤੋਂ ਬਾਅਦ ਮੈਂ ਹਜ਼ੂਰ ਮਹਾਰਾਜ ਜੀ ਦਾ ਸੇਵਕ ਬਣਿਆ। ਮੈਨੂੰ ਕਾਫੀ ਸਮੇਂ ਤਕ ਆਪ ਜੀ ਦੀ ਨਜ਼ਦੀਕੀ ਮਿਲੀ। ਪੇਸ਼ੇ ਤੋਂ ਮੈਂ ਇਕ ਮੋਟਰ ਮਕੈਨਿਕ ਹਾਂ। ਮੇਰੇ ਕੋਲ ਆਪਣੀ ਮੋਟਰ ਸਾਈਕਲ ਵੀ ਸੀ। ਇੱਕ ਦਿਨ ਮੈਂ ਆਪਣੇ ਕੰਮ ਤੋਂ ਫਾਰਗ ਹੋ ਕੇ ਮੋਟਰ ਸਾਈਕਲ ਤੇ ਸਵਾਰ ਹੋ ਕੇ ਲੋਨੀ ਡੇਰੇ ਆਇਆ। ਉਥੇ ਪਹੁੰਚ ਕੇ ਆਪ ਜੀ ਨੂੰ ਮੱਥਾ ਟੇਕਿਆ ਤਾਂ ਆਪ ਜੀ ਨੇ ਆਪਣੀ ਮੌਜ ਵਿੱਚ ਆ ਕੇ ਕਿਹਾ ਕਿ ਅੱਜ ਅਸੀਂ ਤੇਰੀ ਮੋਟਰ ਸਾਈਕਲ ਚਲਾਵਾਂਗੇ, ਤੂੰ ਸਾਡੇ ਪਿੱਛੇ ਬੈਠ ਜਾ। ਆਪ ਜੀ ਨੇ ਮੈਨੂੰ ਪਿੱਛੇ ਬਿਠਾਇਆ ਤੇ ਡੇਰੇ ਤੋਂ ਤੁਰ ਪਏ। ਜਿਸ ਵੇਲੇ ਕਰੋਲ ਬਾਗ ਪਹੁੰਚੇ ਤਾਂ ਗੱਡੀ ਬੰਦ ਹੋ ਗਈ। ਬਹੁਤ ਕੋਸ਼ਿਸ਼ ਕੀਤੀ ਪਰ ਉਹ ਚਾਲੂ ਨਾ ਹੋਈ। ਆਪ ਜੀ ਨੇ ਮੈਨੂੰ ਪੁੱਛਿਆ ਕਿ ਭਾਈ, ਇਸ ਵਿੱਚ ਤੇਲ ਪੁਆਇਆ ਸੀ? ਮੈਂ ਜਵਾਬ ਦਿੱਤਾ ਕਿ ਮਹਾਰਾਜ ਜੀ, ਕੱਲ ਹੀ ਪੁਆਇਆ ਸੀ। ਮੈਂ ਸ਼ੰਕਾ ਜ਼ਾਹਿਰ ਕੀਤੀ ਕਿ ਕਿਤੇ ਤੇਲ ਹੀ ਨਾ ਮੁੱਕ ਗਿਆ ਹੋਵੇ। ਟੈਂਕੀ ਦਾ ਢੱਕਣ ਖੋਲ੍ਹ ਕੇ ਵੇਖਿਆ ਤਾਂ ਮੇਰੀ ਸ਼ੰਕਾ ਬਿਲਕੁਲ ਸਹੀ ਨਿਕਲੀ। ਤੇਲ ਖ਼ਤਮ ਹੋ ਗਿਆ ਸੀ। ਆਸੇ ਪਾਸੇ ਲੋਕਾਂ ਤੋਂ ਪੁੱਛਿਆ ਤਾਂ ਪਤਾ ਲੱਗਾ ਕਿ ਪੈਟ੍ਰੋਲ ਪੰਪ ਵੀ ਇਥੋਂ ਦੂਰ ਹੈ। ਹਜ਼ੂਰ ਮਹਾਰਾਜ ਜੀ ਨੂੰ ਸ਼ਾਇਦ ਕਿਤੇ ਪਹੁੰਚਣ ਦੀ ਜਲਦੀ ਸੀ। ਇਸ ਲਈ ਉਸ ਸਮੇਂ ਉਥੇ ਹਜ਼ੂਰ ਮਹਾਰਾਜ ਜੀ ਨੇ ਇਹ ਵਚਨ ਕੀਤੇ, "ਹੇ ਦਾਤਾ! ਇਸ ਪੈਟ੍ਰੋਲ ਦੀ ਟੈਂਕੀ ਤੇ ਕਿਰਪਾ ਕਰੋ ਅਸੀਂ ਛੇਤੀ ਪਹੁੰਚਣਾ ਹੈ।" ਇਹ ਵਚਨ ਕਰਕੇ ਆਪ ਜੀ ਨੇ ਟੈਂਕੀ ਵਿੱਚ ਫੂਕ ਮਾਰੀ ਤੇ ਉਸ ਦਾ ਢੱਕਣ ਬੰਦ ਕਰ ਦਿੱਤਾ। ਫਿਰ ਕਿੱਕ ਮਾਰੀ ਤਾਂ ਗੱਡੀ ਚਾਲੂ ਹੋ ਗਈ। ਮਹਾਰਾਜ ਜੀ ਅਤੇ ਮੈਂ ਗੱਡੀ ਤੇ ਸਵਾਰ ਹੋ ਗਏ। ਰਸਤੇ ਵਿੱਚ ਆਪ ਜੀ ਨੇ ਮੈਨੂੰ ਕਿਹਾ ਕਿ ਅਸੀਂ ਤੇਰੀ ਮੋਟਰ-ਸਾਈਕਲ ਵਿੱਚ ਅਜਿਹਾ ਪੈਟ੍ਰੋਲ ਪਾ ਦਿੱਤਾ ਹੈ ਜੋ ਕਦੇ ਵੀ ਨਹੀਂ ਮੁਕੇਗਾ, ਬਸ ਤੂੰ ਕਦੇ ਵੀ ਇਸ ਦਾ ਢੱਕਣ ਖੋਲ੍ਹ ਕੇ ਨਾ ਵੇਖੀਂ।

ਪਰ ਮੈਂ ਨਾਸਮਝ, ਹਜ਼ੂਰ ਮਹਾਰਾਜ ਜੀ ਦੇ ਇਸ ਵਰਦਾਨ ਨੂੰ ਸੰਭਾਲ

ਪਰ ਮੈਂ ਨਾਸਮਝ, ਹਜ਼ੂਰ ਮਹਾਰਾਜ ਜੀ ਦੇ ਇਸ ਵਰਦਾਨ ਨੂੰ ਸੰਭਾਲ ਨਾ ਸਕਿਆ ਤੇ ਉਸਨੂੰ ਪਰਖਣ ਦੀ ਗਲਤੀ ਕਰ ਬੈਠਾ। ਤਿੰਨ ਚਾਰ ਦਿਨ ਤਾਂ ਮੈਂ ਖੁਸ਼ੀ-ਖੁਸ਼ੀ ਮੋਟਰ-ਸਾਈਕਲ ਚਲਾਉਂਦਾ ਰਿਹਾ ਪਰ ਜ਼ਿਆਦਾ ਦਿਨਾਂ ਤਕ ਆਪਣੀ ਉਤਸੁਕਤਾ ਨੂੰ ਦਬਾ ਨਾ ਸਕਿਆ ਤੇ ਚਾਰ ਦਿਨਾਂ ਬਾਅਦ ਮੇਰੇ ਮਨ ਵਿੱਚ ਵਿਚਾਰ ਆਇਆ ਕਿ ਗੱਡੀ ਵਿੱਚ ਪੈਟ੍ਰੋਲ ਪੁਆਇਆਂ ਕਈ ਦਿਨ ਹੋ ਗਏ ਹਨ ਤੇ ਗੱਡੀ ਵੀ ਆਪਣੇ ਆਪ ਚਲਦੀ ਹੀ ਜਾ ਰਹੀ ਹੈ, ਵੇਖਾਂ ਤਾਂ ਸਹੀ ਕਿ ਟੈਂਕੀ'ਚ ਪੈਟ੍ਰੋਲ ਕਿੰਨਾ ਕੁ ਹੈ। ਟੈਂਕੀ ਦਾ ਢੱਕਣ ਖੋਲ੍ਹਿਆ ਤਾਂ ਵੇਖਿਆ ਕਿ ਟੈਂਕੀ ਬਿਲਕੁਲ ਖਾਲੀ ਸੀ। ਢੱਕਣ ਬੰਦ ਕਰਕੇ ਜਦ ਮੈਂ ਗੱਡੀ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਗੱਡੀ ਚਾਲੂ ਨਾ ਹੋਈ। ਧੱਕਾ ਲਗਾ ਕੇ ਗੱਡੀ ਪੈਟ੍ਰੋਲ ਪੰਪ ਤਕ ਲਿਜਾ ਕੇ ਉਸ ਵਿੱਚ ਪੈਟ੍ਰੋਲ ਪੁਆਇਆ ਤਾਂ ਗੱਡੀ ਚੱਲੀ। ਉਸੇ ਵੇਲੇ ਮੈਂ ਗੱਡੀ ਲੈ ਕੇ ਡੇਰਾ ਸਾਹਿਬ ਆਪ ਜੀ ਕੋਲ ਪਹੁੰਚਿਆ ਤੇ ਆਪ ਜੀ ਨੂੰ ਸਾਰੀ ਗੱਲ ਦੱਸੀ, ਤਾਂ ਆਪ ਜੀ ਆਖਣ ਲੱਗੇ ਕਿ ਅਸਾਂ ਤੈਨੂੰ ਪਹਿਲਾਂ ਹੀ ਮਨਾ ਕੀਤਾ ਸੀ ਫਿਰ ਤੂੰ ਟੈਂਕੀ ਖੋਲ੍ਹ ਕੇ ਕਿਉਂ ਵੇਖੀ? ਗੱਡੀ ਨੇ ਤਾਂ ਦਾਤੇ ਦੀ ਕਿਰਪਾ ਨਾਲ ਫੂਕ ਨਾਲ ਹੀ ਚਲਦੇ ਰਹਿਣਾ ਸੀ, ਪਰ ਤੇਰੇ ਮਨ ਵਿੱਚ ਸ਼ੱਕ ਆ ਗਿਆ ਤੇ ਤੇਰਾ ਭਰੋਸਾ ਡੋਲ ਗਿਆ ਤੇ ਉਥੇ ਹੀ ਦਾਤੇ ਨੇ ਆਪਣੀ ਕਿਰਪਾ ਵਲੋਂ ਹੱਥ ਪਿਛਾਂਹ ਕਰ ਲਿਆ। ਆਪ ਜੀ ਦੇ ਇਹ ਵਚਨ ਸੁਣ ਕੇ ਮੈਨੂੰ ਆਪਣੀ ਗਲਤੀ ਤੇ ਬੜਾ ਪਛਤਾਵਾ ਹੋਇਆ।

ਦਾਸ ਦਰਸ਼ਨ ਸਿੰਘ
(ਦਿੱਲੀ)

## ਸਹੁਰੇ ਘਰ ਵਿਚ ਸੇਵਕਾਂ ਨੂੰ ਖਾਣਾ ਖਿਲਾਇਆ

ਇਹ ਸਾਖੀ ਹਜ਼ੂਰ ਮਹਾਰਾਜ ਜੀ ਦੇ ਵਿਆਹ ਤੋਂ ਬਾਅਦ ਦੀ ਹੈ। ਵਿਆਹ ਤੋਂ ਬਾਅਦ ਜਦ ਵੀ ਸਹੁਰੇ ਘਰ ਕਪੂਰਥਲਾ ਜਾਂਦੇ ਤਾਂ ਆਪ ਜੀ ਦੀ ਸੱਸ (ਸ਼੍ਰੀਮਤੀ ਕਰਤਾਰ ਦੇਈ ਜਿਸ ਨੂੰ ਆਪ ਜੀ ਭਾਬੋ ਆਖਦੇ ਸੀ) ਹਰ ਵਾਰ ਆਪ ਜੀ ਨਾਲ ਇਹੋ ਸ਼ਿਕਵਾ ਕਰਦੀ ਕਿ ਮਹਾਰਾਜ ਜੀ, ਆਪ ਜਦੋਂ ਵੀ ਘਰ ਆਉਂਦੇ ਹੋ ਕੁਝ ਵੀ ਖਾਂਦੇ ਨਹੀਂ। ਉਸ ਦਿਨ ਜਦੋਂ ਆਪ ਜੀ ਆਪਣੇ ਸਹੁਰੇ ਘਰ ਗਏ ਤਾਂ ਭਾਬੋ ਜੀ ਨੇ ਫਿਰ ਇਹੋ ਸ਼ਿਕਾਇਤ ਕੀਤੀ ਕਿ ਮਹਾਰਾਜ ਜੀ, ਆਪ ਕੁਝ ਖਾਂਦੇ ਨਹੀਂ। ਆਪ ਜੀ ਨੇ ਕਿਹਾ ਕਿ ਠੀਕ ਹੈ ਅਸੀਂ ਅੱਜ ਜਰੂਰ ਖਾਵਾਂਗੇ। ਤੁਸੀਂ ਇੰਜ ਕਰੋ ਕਿ ਖਾਣਾ ਤਿਆਰ ਕਰੋ ਤੇ ਪਹਿਲਾਂ ਸਾਡੇ ਇਹਨਾ ਸੇਵਕਾਂ ਨੂੰ ਖੁਆ ਦਿਓ, ਫਿਰ ਅਸੀਂ ਵੀ ਖਾ ਲਵਾਂਗੇ। ਉਸ ਵੇਲੇ ਮੈਂ (ਦਾਸ ਬਚਨ) ਅਤੇ ਘੁੱਕ (ਦਾਸ ਇੰਦਰਜੀਤ) ਮਹਾਰਾਜ ਜੀ ਦੇ ਨਾਲ ਸੀ।ਘਰ ਦੀਆਂ ਸਿਆਣੀਆਂ ਨੇ ਖਾਣਾ ਤਿਆਰ ਕੀਤਾ ਤੇ ਸਾਨੂੰ ਖਿਲਾਉਣ ਲੱਗ ਪਏ। ਆਪ ਜੀ ਬਾਹਰ ਬਰਾਂਡੇ ਵਿੱਚ ਟਹਿਲਣ ਲੱਗ ਪਏ ਤੇ ਆਪ ਜੀ ਦਾ ਕੌਤਕ ਇਹ ਵਾਪਰਿਆ ਕਿ ਅਸੀਂ ਖਾਣਾ ਖਾਈ ਜਾ ਰਹੇ ਸੀ, ਪਰ ਰੱਜ ਨਹੀਂ ਸੀ ਰਹੇ। ਘਰ ਦੀਆਂ ਔਰਤਾਂ ਆਟੇ ਦੀਆਂ ਪਰਾਤਾਂ ਗੁੰਨ੍ਹ ਗੁੰਨ੍ਹ ਕੇ ਰੋਟੀਆਂ ਬਣਾਈ ਜਾਣ ਤੇ ਆਟਾ ਮੁੱਕੀ ਜਾਵੇ, ਪਰ ਸਾਡਾ ਢਿੱਡ ਨਾ ਭਰਿਆ। ਉਧਰ ਆਪ ਜੀ ਬਾਹਰ ਟਹਿਲ ਰਹੇ ਸਨ ਤੇ ਘਰ ਦੀ ਇੱਕ ਔਰਤ ਨੇ ਜਦੋਂ ਆਪ ਜੀ ਨੂੰ ਬਾਹਰ ਡਕਾਰ ਮਾਰਦੇ ਹੋਏ ਵੇਖਿਆ ਤਾਂ ਸਾਰੀ ਗੱਲ ਉਸਦੀ ਸਮਝ ਵਿੱਚ ਆ ਗਈ ਤੇ ਉਸ ਨੇ ਭਾਬੋ ਜੀ ਨੂੰ ਸਾਰੀ ਗੱਲ ਦੱਸੀ। ਉਸੇ ਵੇਲੇ ਭਾਬੋ ਜੀ ਬਾਹਰ ਆਏ ਤੇ ਹੱਥ ਜੋੜ ਕੇ ਆਪ ਜੀ ਨੂੰ ਕਹਿਣ ਲੱਗੇ ਕਿ ਮਹਾਰਾਜ ਜੀ, ਮੈਨੂੰ ਮਾਫ਼ ਕਰ ਦਿਓ, ਮੈਂ ਅੱਗੇ ਤੋਂ ਆਪ ਜੀ ਨਾਲ ਕੋਈ ਵੀ ਸ਼ਿਕਵਾ ਨਹੀਂ ਕਰਾਂਗੀ ਤੇ ਕਦੇ ਨਹੀਂ ਕਹਾਂਗੀ ਕਿ ਆਪ ਜੀ ਕੁਝ ਖਾਂਦੇ ਨਹੀਂ ਹੋ। ਭਾਬੋ ਜੀ ਦੀ ਗੱਲ ਸੁਣ ਕੇ ਆਪ ਜੀ ਹੱਸ ਪਏ ਤੇ ਸਾਨੂੰ ਅਵਾਜ਼ ਮਾਰ ਕੇ ਕਿਹਾ, "ਹਾਂ

ਬਈ! ਰੱਜ ਗਏ ਹੋਂ।'' ਤਾਂ ਅਸੀਂ ਜਵਾਬ ਦਿੱਤਾ ਕਿ ਹਾਂ ਜੀ। ਫਿਰ ਆਪ ਜੀ ਨੇ ਕਿਹਾ ਕਿ ਪਾਣੀ ਦਾ ਗਿਲਾਸ ਪੀ ਕੇ ਬਾਹਰ ਆ ਜਾਓ। ਅਸੀਂ ਆਪ ਜੀ ਦੇ ਹੁਕਮ ਅਨੁਸਾਰ ਪਾਣੀ ਪੀ ਕੇ ਬਾਹਰ ਆ ਗਏ ਤੇ ਆਪ ਜੀ ਦੇ ਨਾਲ ਵਾਪਸ ਡੇਰੇ ਆ ਗਏ।

ਹਜ਼ੂਰੀ ਡ੍ਰਾਈਵਰ ਦਾਸ ਬਚਨ
(ਬਟਾਲਾ)

## ਸਰਬਜੀਤ ਦੀ ਥਾਂ ਆਪ ਜਾ ਕੇ ਹਾਜਰੀ ਭਰਨਾ

ਵੇਦਾਂ-ਸ਼ਾਸਤਰਾਂ ਅਤੇ ਧਰਮ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਗੁਰੂ ਦੇ ਚਰਣਾਂ ਵਿੱਚ ਹੀ ਪਰਮ-ਸੁਖ ਹੈ ਤੇ ਇਸ ਸੁਖ ਦਾ ਆਨੰਦ ਲੈਣ ਲਈ ਹਜ਼ੂਰ ਮਹਾਰਾਜ ਜੀ ਦੇ ਪ੍ਰੇਮੀ ਆਪਣੇ ਘਰ ਦੇ ਸੁਖ ਛੱਡ ਕੇ ਗੁਰੂ ਸਾਹਿਬ ਦੇ ਦਰਬਾਰ ਵਿੱਚ ਹਾਜ਼ਰੀ ਭਰਦੇ ਸਨ। ਮੈਂ (ਸਰਬਜੀਤ ਸਿੰਘ) ਬੈਂਕ ਵਿੱਚ ਨੌਕਰੀ ਕਰਦਾ ਸੀ ਅਤੇ ਆਪਣੀ ਪਤਨੀ ਨਾਲ ਹਰ ਵਾਰ ਲੋਨੀ ਡੇਰੇ ਸਲਾਨਾ ਭੰਡਾਰਿਆਂ ਤੇ ਆ ਕੇ ਸੇਵਾ ਕਰਦਾ ਤੇ ਗੁਰੂ ਚਰਣਾ ਦਾ ਸੁਖ ਹਾਸਿਲ ਕਰਦਾ ਸੀ।

ਇਕ ਵਾਰ ਦੀ ਗੱਲ ਹੈ ਕਿ ਸਲਾਨਾ ਭੰਡਾਰੇ ਤੇ ਮੈਂ ਦੋ ਦਿਨਾਂ ਦੀ ਛੁੱਟੀ ਲੈ ਕੇ ਲੋਨੀ ਡੇਰੇ ਆਇਆ ਤਾਂ ਭੰਡਾਰੇ ਦੀ ਸਮਾਪਤੀ ਤੋਂ ਬਾਅਦ ਆਪ ਜੀ ਨੇ ਮੈਨੂੰ ਵਾਪਸ ਨਾ ਜਾਣ ਦਿੱਤਾ ਤੇ ਕਿਹਾ ਕਿ ਬੇਟਾ, ਤੁਸੀਂ ਕੁਝ ਦਿਨ ਹੋਰ ਇਥੇ ਰਹੋ। ਉਸ ਵੇਲੇ ਮੈਂ ਆਪ ਜੀ ਦੀ ਆਗਿਆ ਨੂੰ ਮੋੜ ਨਾ ਸਕਿਆ, ਪਰ ਮੇਰੇ ਦਿਲ ਵਿੱਚ ਇਹ ਵਿਚਾਰ ਆ ਰਿਹਾ ਸੀ ਕਿ ਮੈਂ ਹਜ਼ੂਰ ਜੀ ਦੀ ਆਗਿਆ ਮੰਨ ਕੇ ਰੁਕ ਤਾਂ ਗਿਆ ਹਾਂ, ਪਰ ਮੈਂ ਆਪਣੇ ਬੈਂਕ ਤੋਂ ਛੁੱਟੀ ਤਾਂ ਲਈ ਹੀ ਨਹੀਂ। ਮੈਂ ਬਾਰ-ਬਾਰ ਇਹੋ ਸੋਚ ਰਿਹਾ ਸੀ ਕਿ ਬੈਂਕ ਤਕ ਸੁਨੇਹਾ ਕਿਸ ਤਰ੍ਹਾਂ ਪਹੁੰਚਾਇਆ ਜਾਵੇ, ਕਿਉਂਕਿ ਉਹਨਾਂ ਦਿਨਾਂ ਵਿੱਚ ਫੋਨ ਦੀ ਸਹੂਲਤ ਬਹੁਤ ਘਟ ਸੀ। ਮੇਰੇ ਮਨ ਵਿੱਚ ਇਹੋ ਡਰ ਸੀ ਕਿ ਕਿਤੇ ਨੌਕਰੀ ਹੀ ਨਾ ਚਲੀ ਜਾਵੇ।

ਦੋ ਦਿਨਾਂ ਬਾਅਦ ਮੈਂ ਹੌਂਸਲਾ ਕਰਕੇ ਹਜ਼ੂਰ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਹਜ਼ੂਰ ਜੀ, ਮੇਰੀ ਬੈਂਕ ਦੀ ਨੌਕਰੀ......। ਪਰ ਮੈਂ ਅਜੇ ਆਪਣੇ ਬੋਲ ਪੂਰੇ ਵੀ ਨਹੀਂ ਸੀ ਕਰ ਸਕਿਆ ਕਿ ਆਪ ਜੀ ਨੇ ਮੈਨੂੰ ਆਖਿਆ, "ਭਾਈ ਬੈਂਕ ਦੀ ਨੌਕਰੀ ਤੁਸੀਂ ਨਹੀਂ ਕਰ ਰਹੇ। ਅਸੀਂ ਤੁਹਾਡੇ ਤੋਂ ਕਰਵਾਣੀ ਹੈ ਤਾਂ ਤੁਸੀਂ ਕਰਨੀ ਹੈ। ਜਾਓ, ਨਾਮ ਸਿਮਰਨ ਵਲ ਧਿਆਨ ਲਗਾਓ।" ਇੰਨੀ ਗੱਲ ਸੁਣ ਕੇ ਮੈਂ ਚੁੱਪ ਕਰ ਗਿਆ।

ਜਦੋਂ 15-20 ਦਿਨ ਹੋਰ ਲੰਘ ਗਏ ਤਾਂ ਮੈਂ ਫਿਰ ਆਪ ਜੀ ਤੋਂ ਛੁੱਟੀ ਮੰਗੀ ਤਾਂ ਆਪ ਜੀ ਨੇ ਕਿਹਾ, "ਭਾਈ ਅਜੇ ਕਿਥੇ ਜਾਣਾ ਹੈ? ਡੇਰੇ ਵਿੱਚ ਸੇਵਾ ਕਰੋ ਤੇ ਰੱਬ ਦਾ ਗੁਣਗਾਨ ਕਰੋ। ਤੁਸੀਂ ਆਪਣੀ ਨੌਕਰੀ ਵਲੋਂ ਬੇਫਿਕਰ ਰਹੋ, ਉਹ ਅਸੀਂ ਆਪ ਵੇਖ ਲਵਾਂਗੇ।" ਆਪ ਜੀ ਦੀ ਇਹ ਗੱਲ ਸੁਣ ਕੇ ਮੈਂ ਸਤਿ-ਬਚਨ ਕਿਹਾ ਤੇ ਸੇਵਾ ਕਰਨ ਲੱਗ ਪਿਆ।

ਮੈਨੂੰ ਡੇਰੇ ਵਿੱਚ ਰਹਿੰਦਿਆਂ ਮਹੀਨਾ ਬੀਤ ਗਿਆ, ਪਰ ਹੁਣ ਮੈਂ ਮਨ ਵਿੱਚ ਇਹ ਧਾਰ ਲਿਆ ਸੀ ਕਿ ਹੁਣ ਮੈਂ ਹਜ਼ੂਰ ਮਹਾਰਾਜ ਜੀ ਨੂੰ ਡੇਰੇ ਤੋਂ ਜਾਣ ਦੀ ਗੱਲ ਨਹੀਂ ਆਖਾਂਗਾ। ਜਦੋਂ ਉਹ ਆਪ ਜਾਣ ਲਈ ਕਹਿਣਗੇ, ਉਦੋਂ ਹੀ ਜਾਵਾਂਗਾ।

ਕੁਝ ਦਿਨਾਂ ਬਾਅਦ ਆਪ ਜੀ ਨੇ ਮੈਨੂੰ ਆਪਣੇ ਕੋਲ ਬੁਲਾਇਆ ਤੇ ਆਖਣ ਲਗੇ, "ਤੁਹਾਨੂੰ ਇਥੇ ਰਹਿੰਦਿਆਂ ਕਾਫੀ ਸਮਾਂ ਹੋ ਗਿਆ ਹੈ, ਹੁਣ ਸਮਾਂ ਆ ਗਿਆ ਹੈ ਕਿ ਤੁਸੀਂ ਘਰ ਜਾਓ ਤੇ ਆਪਣੀ ਨੌਕਰੀ ਕਰੋ। ਸਾਡੇ ਵਲੋਂ ਤੁਹਾਨੂੰ ਛੁੱਟੀ ਹੈ। ਅਸੀਂ ਕੁਝ ਦਿਨਾਂ ਤਕ ਬਟਾਲਾ ਪਹੁੰਚਾਂਗੇ ਤੇ ਉਥੇ ਤੁਹਾਨੂੰ ਮਿਲਾਂਗੇ।" ਮੈਂ ਉਸੇ ਵੇਲੇ ਮੱਥਾ ਟੇਕਿਆ ਤੇ ਵਾਪਿਸ ਘਰ ਵਲ ਤੁਰ ਪਿਆ। ਦੂਜੇ ਦਿਨ, ਜਦੋਂ ਸਵੇਰੇ ਬੈਂਕ ਜਾ ਰਿਹਾ ਸਾਂ ਤਾਂ ਮੈਂ ਰਸਤੇ ਵਿੱਚ ਇਹ ਸੋਚਦਾ ਗਿਆ ਕਿ ਬੈਂਕ ਜਾ ਕੇ ਮੈਂ ਕੀ ਜਵਾਬ ਦਿਆਂਗਾ? ਤਰ੍ਹਾਂ-ਤਰ੍ਹਾਂ ਦੇ ਜਵਾਬ ਸੋਚਦੇ ਹੋਏ ਤੇ ਹਜ਼ੂਰ ਮਹਾਰਾਜ ਜੀ ਨੂੰ ਯਾਦ ਕਰਦਿਆਂ ਮੈਂ ਬੈਂਕ ਪਹੁੰਚਿਆ ਤੇ ਚੁੱਪਚਾਪ ਜਾ ਕੇ ਆਪਣੀ ਸੀਟ ਤੇ ਬੈਠ ਗਿਆ। ਬੈਂਕ ਦਾ ਮੈਨੇਜਰ ਅਜੇ ਆਇਆ ਨਹੀਂ ਸੀ। ਬਾਕੀ ਸਾਰਿਆਂ ਨੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ, ਪਰ ਮੈਂ ਕੁਝ ਵੀ ਨਾ ਕਿਹਾ। ਮੈਨੂੰ ਹੈਰਾਨੀ ਉਦੋਂ ਹੋਈ ਜਦੋਂ ਮੈਂ ਹਾਜ਼ਰੀ ਵਾਲਾ ਰਜਿਸਟਰ ਵੇਖਿਆ, ਜਿਸ ਵਿਚ ਮੇਰੀ ਕੋਈ ਵੀ ਗੈਰ ਹਾਜ਼ਰੀ ਨਹੀਂ ਸੀ। ਪਰ ਡਰ ਦੇ ਕਾਰਣ ਕਿਸੇ ਕੋਲੋਂ ਪੁੱਛਣ ਦੀ ਹਿੰਮਤ ਨਾ ਕੀਤੀ।

ਜਦੋਂ ਮੈਂ ਛੋਟੇ ਮੈਨੇਜਰ ਤੋਂ ਇਹ ਭੇਦ ਜਾਨਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਮੈਨੂੰ ਵੇਖਦਿਆਂ ਹੀ ਇਹ ਕਿਹਾ, "ਸਿੰਘ ਸਾਹਿਬ, ਕੀ ਗੱਲ ਹੈ? ਕੱਲ

ਤਾਂ ਤੁਸੀਂ ਬਹੁਤ ਹੀ ਸੋਹਣੇ ਲੱਗ ਰਹੇ ਸੀ, ਅੱਜ ਮੂੰਹ ਕਿਉਂ ਉਤਰਿਆ ਹੋਇਆ ਹੈ? ਤਬੀਅਤ ਤਾਂ ਠੀਕ ਹੈ ਨਾ? ਉਸ ਦੀ ਗੱਲ ਸੁਣ ਕੇ ਮੈਂ ਚੁੱਪਚਾਪ ਬਾਹਰ ਆ ਗਿਆ, ਪਰ ਮੇਰੀ ਹੈਰਾਨੀ ਵੱਧਦੀ ਹੀ ਜਾ ਰਹੀ ਸੀ। ਮੈਨੇਜਰ ਵੀ ਆ ਗਿਆ ਪਰ ਉਸਨੇ ਵੀ ਕੁਝ ਨਾ ਕਿਹਾ। ਕਿਸੇ ਨੇ ਵੀ ਅਜਿਹਾ ਵਤੀਰਾ ਨਹੀਂ ਕੀਤਾ, ਜਿਵੇਂ ਮੈਂ ਬਹੁਤ ਦਿਨਾਂ ਬਾਅਦ ਮਿਲ ਰਿਹਾ ਹੋਵੇ। ਮੈਂ ਰੋਜ਼ਾਨਾ ਵਾਂਗ ਹੀ ਆਪਣਾ ਕੰਮ ਕਰਦਾ ਰਿਹਾ। ਸ਼ਾਮ ਨੂੰ ਮੈਂ ਡਰਦੇ-ਡਰਦੇ ਮੈਨੇਜਰ ਦੇ ਕਮਰੇ ਵਿੱਚ ਗਿਆ ਤਾਂ ਮੇਰੇ ਕਹਿਣ ਤੋਂ ਪਹਿਲਾਂ ਹੀ ਮੈਨੇਜਰ ਨੇ ਕਿਹਾ ਕਿ ਕੀ ਗੱਲ ਹੈ ਸਰਬਜੀਤ, ਅੱਜ ਬੜੇ ਉਦਾਸ ਲੱਗ ਰਹੇ ਹੋ? ਕੱਲ ਤਾਂ ਤੁਸੀਂ ਬਹੁਤ ਖੁਸ਼ ਸੀ, ਪਰ ਅੱਜ ਕੀ ਗੱਲ ਹੈ? ਇਹ ਗੱਲ ਸੁਣ ਕੇ ਮੈਂ ਪੁੱਛਿਆ ਕਿ ਤੁਹਾਨੂੰ ਮੇਰੇ ਵਿੱਚ ਕੀ ਫਰਕ ਨਜ਼ਰ ਆ ਰਿਹਾ ਹੈ? ਮੈਨੇਜਰ ਨੇ ਜਵਾਬ ਦਿੱਤਾ ਕਿ ਪਿੱਛਲੇ ਕੁਝ ਦਿਨਾਂ ਤੋਂ ਤੁਹਾਡਾ ਚਿਹਰਾ ਹਰਦਮ ਖਿੜਿਆ ਰਹਿੰਦਾ ਸੀ ਅਤੇ ਸਾਰੇ ਕੰਮ ਤੁਸੀਂ ਬੜੀ ਫੁਰਤੀ ਨਾਲ ਕਰਦੇ ਸੀ। ਪਰ ਅੱਜ ਤੁਹਾਡਾ ਚਿਹਰਾ ਮੁਰਝਾਇਆ ਹੋਇਆ ਹੈ।

ਮੈਨੇਜਰ ਦੀ ਇਹ ਗੱਲ ਸੁਣ ਕੇ ਤੇ ਬਾਕੀਆਂ ਦੇ ਵਿਵਹਾਰ ਤੋਂ ਮੈਨੂੰ ਇਹ ਗੱਲ ਸਮਝ ਆ ਗਈ ਕਿ ਹਜ਼ੂਰ ਮਹਾਰਾਜ ਜੀ ਆਪ ਮੇਰੀ ਥਾਂ ਤੇ ਬੈਂਕ ਵਿੱਚ ਹਾਜ਼ਰੀ ਭਰਦੇ ਰਹੇ।।

ਕੁਝ ਦਿਨਾਂ ਬਾਅਦ ਜਦ ਹਜ਼ੂਰ ਮਹਾਰਾਜ ਜੀ ਬਟਾਲਾ ਪਹੁੰਚੇ ਤਾਂ ਮੈਂ ਆਪ ਜੀ ਨੂੰ ਮਿਲਣ ਲਈ ਡੇਰੇ ਗਿਆ। ਸਤਿਸੰਗ ਤੋਂ ਬਾਅਦ ਆਪ ਜੀ ਨੇ ਮੈਨੂੰ ਆਪਣੇ ਕੋਲ ਬੁਲਾਇਆ ਤੇ ਆਖਿਆ, "ਕਿਉਂ ਭਾਈ ਸਰਬਜੀਤ! ਠੀਕ ਹੈ ਨਾ, ਅਸੀਂ ਤੇਰਾ ਪੂਰਾ ਸਾਥ ਨਿਭਾਇਆ ਹੈ।" ਆਪ ਜੀ ਦੀ ਇਹ ਗੱਲ ਸੁਣ ਕੇ ਮੇਰੇ ਮੂੰਹੋਂ ਕੋਈ ਗੱਲ ਨਾ ਨਿਕਲੀ, ਬਸ ਮੱਥਾ ਟੇਕ ਦਿੱਤਾ ਤੇ ਕਿਹਾ ਕਿ ਮਹਾਰਾਜ ਜੀ, ਆਪ ਜੀ ਦੀਆਂ ਰਮਜ਼ਾਂ ਨੂੰ ਅਸੀਂ ਨਹੀਂ ਸਮਝ ਸਕਦੇ।

ਦਾਸ ਸਰਬਜੀਤ (ਬਟਾਲਾ)

## ਰੂਹ ਦਾ ਪਲਟਾਣਾ

ਇਹ ਘਟਨਾ ਉਹਨਾਂ ਦਿਨਾਂ ਦੀ ਹੈ, ਜਦੋਂ ਹਜ਼ੂਰ ਮਹਾਰਾਜ ਜੀ ਲੋਨੀ ਡੇਰੇ ਵਿੱਚ ਰਿਹਾ ਕਰਦੇ ਸਨ। ਰਾਤ ਦਾ ਸਮਾਂ ਸੀ ਅਤੇ ਆਪ ਜੀ ਕੁਝ ਸੇਵਕਾਂ ਨਾਲ ਟਹਿਲ ਰਹੇ ਸਨ। ਜਿਹਨਾਂ ਵਿੱਚ ਮੈਂ (ਅਨਿਲ ਖੁਰਾਣਾ) ਅਤੇ ਮਿੰਨਾ ਨਾਮ ਦਾ ਸੇਵਕ ਵੀ ਸੀ, ਜਿਸ ਦਾ ਚਾਚਾ ਲੰਗਰ ਘਰ ਵਿੱਚ ਸੇਵਾ ਕਰਦਾ ਹੁੰਦਾ ਸੀ। ਸੁਭਾਅ ਕੌੜਾ ਹੋਣ ਕਰਕੇ ਆਪ ਜੀ ਉਸਨੂੰ 'ਚਾਚਾ ਮਿਰਚੀ' ਕਹਿ ਕੇ ਬੁਲਾਉਂਦੇ ਹੁੰਦੇ ਸੀ। ਉਸ ਰਾਤ ਚਾਚਾ ਮਿਰਚੀ ਸੇਵਾ ਕਰਨ ਤੋਂ ਬਾਅਦ ਲੰਗਰ ਘਰ ਦੇ ਕੋਲ ਹੀ ਆਪਣਾ ਮੰਜਾ ਡਾਹ ਕੇ ਸੁੱਤਾ ਹੋਇਆ ਸੀ। ਆਪ ਜੀ ਦੀ ਨਜ਼ਰ ਅਚਾਨਕ ਉਥੇ ਪਈ ਤੇ ਇੱਕ ਸੇਵਕ ਨੂੰ ਪੁੱਛਿਆ, ''ਉਹ ਮੰਜੇ ਤੇ ਕੌਣ ਸੁੱਤਾ ਹੈ।'' ਸੇਵਕਾਂ ਨੇ ਜਵਾਬ ਦਿੱਤਾ ਕਿ ਮਹਾਰਾਜ ਜੀ, ਚਾਚਾ ਮਿਰਚੀ ਸੌਂ ਰਿਹਾ ਹੈ। ਸੇਵਕਾਂ ਦਾ ਜਵਾਬ ਸੁਣ ਕੇ ਆਪ ਜੀ ਨੇ ਵਚਨ ਕੀਤੇ, ਵੇਖੋ ਹੁਣ ਅਸੀਂ ਕੀ ਕਰਦੇ ਹਾਂ। ਇਹ ਵਚਨ ਕਰਕੇ ਆਪ ਜੀ ਨੇ ਚਾਚਾ ਮਿਰਚੀ ਨੂੰ ਅਵਾਜ਼ ਮਾਰ ਕੇ ਪੁੱਛਿਆ, ''ਤੂੰ ਕੌਣ ਹੈਂ?'' ਅੱਗੋਂ ਚਾਚਾ ਮਿਰਚੀ ਨੇ ਸੁੱਤੇ-ਸੁੱਤੇ ਹੀ ਜਵਾਬ ਦਿੱਤਾ, ''ਹਜ਼ੂਰ, ਗੁਲਾਮ ਮੁਹੰਮਦ''। ਆਪ ਜੀ ਨੇ ਪੁੱਛਿਆ ਤੂੰ ਕਿਥੋਂ ਆਇਆ ਹੈਂ? ਤਾਂ ਉਸ ਨੇ ਕਿਹਾ ਕਿ ਪਾਕਿਸਤਾਨ ਤੋਂ? ਇੰਨੀ ਗੱਲ ਬਾਤ ਕਰਕੇ ਆਪ ਜੀ ਜੋਰ ਨਾਲ ਹੱਸ ਪਏ ਤੇ ਮਿੰਨੇ ਨੂੰ ਕਹਿਣ ਲੱਗੇ, ''ਵੇਖ ਲੈ ਤੇਰੇ ਚਾਚੇ ਨੂੰ ਕੀ ਹੋ ਗਿਆ? ਉਹ ਮੁਸਲਮਾਨ ਬਣ ਗਿਆ ਹੈ।'' ਮਿੰਨੇ ਨੇ ਹੱਥ ਜੋੜ ਕੇ ਆਪ ਜੀ ਨੂੰ ਕਿਹਾ ਕਿ ਮਹਾਰਾਜ ਜੀ, ਆਪ ਜੀ ਦੀਆਂ ਰਮਜ਼ਾਂ ਸਾਡੀ ਸਮਝ ਤੋਂ ਪਰੇ ਹਨ। ਮਹਾਰਾਜ ਜੀ ਮੁਸਕਰਾ ਪਏ ਤੇ ਚਾਚਾ ਮਿਰਚੀ ਨੂੰ ਫਿਰ ਪੁੱਛਿਆ, ''ਬਈ ਤੂੰ ਕੌਣ ਹੈਂ?'' ਤਾਂ ਇਸ ਵਾਰ ਆਪ ਜੀ ਦੀ ਅਵਾਜ਼ ਸੁਣ ਕੇ ਚਾਚਾ ਮਿਰਚੀ ਨੀਂਦ 'ਚੋਂ ਜਾਗਿਆ ਤੇ ਫਟਾਫਟ ਉਠ ਕੇ ਆਖਣ ਲੱਗਾ ਕਿ ਮਹਾਰਾਜ ਜੀ, ਮੈਂ ਆਪ ਜੀ ਦਾ ਸੇਵਕ ਹਾਂ, ਜਿਸਨੂੰ ਆਪ ਮਿਰਚੀ ਕਹਿ ਕੇ ਬੁਲਾਉਂਦੇ ਹੋ। ਸਾਨੂੰ ਬੜੀ ਹੈਰਾਨੀ ਹੋਈ ਕਿ ਇਹ

ਸਭ ਕੀ ਹੋ ਰਿਹਾ ਹੈ? ਸਾਡੀ ਜਿਗਿਆਸਾ ਨੂੰ ਸ਼ਾਂਤ ਕਰਨ ਲਈ ਆਪ ਜੀ ਨੇ ਦੱਸਿਆ, "ਅਸੀਂ ਇਸਦੀ ਰੂਹ ਪਲਟ ਦੀਤੀ ਸੀ।" ਇੰਨੀ ਗੱਲ ਸੁਣ ਕੇ ਅਸੀਂ ਆਪ ਜੀ ਨੂੰ ਨਮਸਕਾਰ ਕੀਤਾ ਤੇ ਆਪਣੇ ਆਪ ਨੂੰ ਬੜਾ ਵਡਭਾਗੀ ਜਾਣਿਆ ਕਿ ਅਸੀਂ ਜਿਸ ਸਤਿਗੁਰੂ ਦੀ ਸ਼ਰਣੀ ਲੱਗੇ ਹੋਏ ਹਾਂ, ਉਹ ਇੰਨੀ ਤਾਕਤ ਦਾ ਮਾਲਿਕ ਹੈ ਕਿ ਉਹ ਰੂਹਾਂ ਵੀ ਪਲਟ ਸਕਦਾ ਹੈ।

ਦਾਸ ਅਨਿਲ

(ਮੋਤੀ ਨਗਰ, ਦਿੱਲੀ)

## ਮੁਰਦੇ ਨੂੰ ਜੀਵਨ ਦਾਨ

ਇਹ ਸਾਖੀ ਉਸ ਵੇਲੇ ਦੀ ਹੈ ਜਦੋਂ ਹਜ਼ੂਰ ਮਹਾਰਾਜ ਜੀ ਲੋਨੀ ਡੇਰਾ ਸਾਹਿਬ ਵਿਖੇ ਰਹਿ ਰਹੇ ਸਨ ਅਤੇ ਆਪ ਜੀ ਦੀ ਸੋਭਾ ਦੂਰ-ਦੂਰ ਤਕ ਫੈਲ ਰਹੀ ਸੀ। ਉਸ ਦਿਨ ਵੀ ਰੋਜ਼ਾਨਾ ਵਾਂਗ ਦਰਬਾਰ ਸਜਿਆ ਹੋਇਆ ਸੀ। ਹਜ਼ੂਰ ਮਹਾਰਾਜ ਜੀ ਦੇ ਸਾਜੇ ਬਾਬਾ ਜੀ ਗੱਦੀ ਭੁਗਤਾ ਰਹੇ ਸਨ ਅਤੇ ਸੇਵਾਦਾਰ ਆਪਣੀ ਡਿਊਟੀ ਤੇ ਖੜੇ ਸਨ। ਉਸ ਵੇਲੇ ਇੱਕ ਪਰਿਵਾਰ ਰੋਂਦਾ ਕੁਰਲਾਂਦਾ ਡੇਰੇ ਵਿੱਚ ਆਇਆ। ਉਹ ਪਰਿਵਾਰ ਲੋਨੀ ਵਿੱਚ ਹੀ ਰਹਿੰਦਾ ਸੀ ਅਤੇ ਉਹਨਾਂ ਦੇ ਘਰ ਦੇ ਇੱਕ ਜੀਵ ਦੀ ਮੌਤ ਹੋ ਗਈ ਸੀ। ਉਸ ਪਰਿਵਾਰ ਵਾਲਿਆਂ ਨੇ ਆਪ ਜੀ ਦੀ ਸੋਭਾ ਸੁਣੀ ਹੋਈ ਸੀ ਕਿ ਇਥੇ ਇੱਕ ਬਾਬਾ ਜੀ ਰਹਿੰਦੇ ਹਨ, ਜਿਹਨਾਂ ਦੇ ਮੁਖਾਰਬਿੰਦ'ਚੋਂ ਨਿਕਲੀ ਹਰ ਗੱਲ ਪੂਰੀ ਹੁੰਦੀ ਹੈ। ਆਪ ਜੀ ਦਾ ਜਸ ਸੁਣ ਕੇ ਲੋਕ ਮਿਰਤਕ ਨੂੰ ਲੈ ਕੇ ਡੇਰੇ ਆ ਗਏ ਤੇ ਉਹ ਬਾਬਾ ਜੀ ਨੂੰ ਹੀ ਮਹਾਰਾਜ ਜੀ ਸਮਝ ਕੇ ਅਤੇ ਉਹਨਾਂ ਦੇ ਸਾਹਮਣੇ ਲੋਥ ਰੱਖ ਕੇ ਵਿਰਲਾਪ ਕਰਨ ਲੱਗ ਪਏ। ਬਾਬਾ ਜੀ ਦੇ ਪੁੱਛਣ ਤੇ ਉਹਨਾਂ ਨੇ ਦੱਸਿਆ ਕਿ ਇਹ ਮਿਰਤਕ ਆਪਣੇ ਪਰਿਵਾਰ ਦਾ ਇੱਕੋ ਇੱਕ ਪੁੱਤਰ ਸੀ ਅਤੇ ਘਰ ਵਿੱਚ ਇਹ ਇੱਕਲਾ ਹੀ ਕਮਾਉਣ ਵਾਲਾ ਸੀ। ਸਾਰਾ ਪਰਿਵਾਰ ਇਸਦੇ ਸਹਾਰੇ ਹੀ ਜਿਉਂਦਾ ਸੀ ਤੇ ਹੁਣ ਇਸ ਦੀ ਮੌਤ ਹੋ ਜਾਣ ਨਾਲ ਸਾਡਾ ਸਭ ਕੁਝ ਖ਼ਤਮ ਹੋ ਗਿਆ ਹੈ ਤੇ ਉਚੀ-ਉਚੀ ਵਿਰਲਾਪ ਕਰਣ ਲੱਗ ਪਏ। ਬਾਬਾ ਜੀ ਨੇ ਉਹਨਾ ਨੂੰ ਹੌਂਸਲਾ ਦਿੰਦਿਆ ਕਿਹਾ ਕਿ ਇਹ ਤਾਂ ਰੱਬ ਦਾ ਭਾਣਾ ਹੈ ਅਤੇ ਇਸ ਨੂੰ ਕੋਈ ਬਦਲ ਨਹੀਂ ਸਕਦਾ। ਜਿਸਨੇ ਵੀ ਇਸ ਧਰਤੀ ਤੇ ਜਨਮ ਲਿਆ ਹੈ, ਉਸ ਦੀ ਮੌਤ ਤੈਅ ਹੈ। ਤੁਸੀਂ ਰੱਬ ਦੇ ਭਾਣੇ ਨੂੰ ਮਨ ਕੇ ਧੀਰਜ ਰਖੋ। ਪਰ ਮਿਰਤਕ ਦੇ ਪਰਿਵਾਰ ਵਾਲੇ ਇਕੋ ਹੀ ਗੱਲ ਬਾਰ ਬਾਰ ਆਖ ਰਹੇ ਸਨ ਕਿ ਨਹੀਂ ਬਾਬਾ ਜੀ ਤੁਸੀਂ ਇਸ ਤੇ ਕਿਰਪਾ ਕਰੋ, ਅਸੀਂ ਤੁਹਾਡੀ ਸੋਭਾ ਸੁਣ ਕੇ ਆਏ ਹਾਂ ਤੇ ਅਸੀਂ ਜਾਣਦੇ ਹਾਂ ਕਿ ਜੇ ਆਪ ਇੱਕ ਵਾਰ ਵਚਨ ਕਰ ਦਿਓਗੇ ਤਾਂ ਇਹ

ਉਠ ਕੇ ਖੜ੍ਹਾ ਹੋ ਜਾਵੇਗਾ। ਡੇਰੇ ਵਿੱਚ ਰਹਿ ਰਹੇ ਦਾਸ ਸਾਹਨੀ ਜੀ, ਜੋ ਪੇਸ਼ੇ ਤੋਂ ਡਾਕਟਰ ਸਨ, ਉਹਨਾਂ ਨੇ ਉਸ ਲੋਥ ਨੂੰ ਚੈਕ ਕੀਤਾ ਤੇ ਦੱਸਿਆ ਕਿ ਇਸਨੂੰ ਮਰੇ ਹੋਏ ਕਾਫੀ ਸਮਾਂ ਬੀਤ ਚੁੱਕਿਆ ਹੈ। ਬਾਬਾ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਤੁਸੀਂ ਇਸ ਨੂੰ ਲੈ ਜਾਓ ਤੇ ਇਸ ਦਾ ਸੰਸਕਾਰ ਕਰ ਦੇਵੋ। ਮਿਰਤਕ ਦੀ ਪਤਨੀ ਦਾ ਵਿਰਲਾਪ ਸੁਣਕੇ ਇਕ ਸੇਵਾਦਾਰ ਦਾ ਹਿਰਦਾ ਪਸੀਜ ਗਿਆ ਅਤੇ ਉਸਨੇ ਉਸ ਔਰਤ ਨੂੰ ਕਿਹਾ ਕਿ ਜਿਸ ਦੀ ਸੋਭਾ ਸੁਣਕੇ ਆਪ ਇਥੇ ਆਏ ਹੋ, ਉਹ ਇਹ ਬਾਬਾ ਜੀ ਨਹੀਂ ਹਨ, ਸਗੋਂ ਇਹ ਤਾਂ ਉਹਨਾਂ ਦੇ ਸੇਵਾਦਾਰ ਹਨ। ਮਹਾਰਾਜ ਜੀ ਤਾਂ ਉਹ ਸਾਹਮਣੇ ਆ ਰਹੇ ਹਨ, ਤੁਸੀਂ ਜਾ ਕੇ ਉਹਨਾਂ ਦੇ ਚਰਣ ਪਕੜ ਲਵੋ, ਜੇ ਉਹ ਚਾਹੁਣ ਤਾਂ ਉਹ ਇਸਨੂੰ ਜ਼ਿੰਦਗੀ ਬਖ਼ਸ਼ ਸਕਦੇ ਹਨ।

ਮਹਾਰਾਜ ਜੀ ਉਸ ਵੇਲੇ ਕੁਝ ਸੇਵਾਦਾਰਾਂ ਨਾਲ, ਡੇਰੇ ਵਿੱਚ ਪਿੱਛੇ ਰਹਿਣ ਵਾਲੇ ਪਰਿਵਾਰਾਂ ਨੂੰ ਮਿਲ ਕੇ ਆ ਰਹੇ ਸਨ ਤੇ ਅਜੇ-ਰਮਾਇਣ ਭਵਨ ਦੇ ਨੇੜੇ ਹੀ ਪਹੁੰਚੇ ਸਨ। ਮਿਰਤਕ ਦੇ ਪਰਿਵਾਰ ਵਾਲਿਆਂ ਨੂੰ ਜਿਵੇਂ ਉਸ ਦੀ ਜ਼ਿੰਦਗੀ ਦਾ ਦੀਵਾ ਮੁੜ ਬਲਣ ਦੀ ਆਸ ਬੱਝ ਗਈ ਹੋਵੇ ਤੇ ਉਹ ਦੌੜ ਕੇ ਮਹਾਰਾਜ ਜੀ ਦੇ ਚਰਣਾਂ ਵਿੱਚ ਡਿੱਗ ਕੇ ਵਿਰਲਾਪ ਕਰਨ ਲੱਗੇ। ਮਿਰਤਕ ਦੀ ਪਤਨੀ ਨੇ ਰੋ ਰੋ ਕੇ ਆਪਣੀ ਸਾਰੀ ਵਿਅਥਾ ਮਹਾਰਾਜ ਜੀ ਨੂੰ ਸੁਣਾਈ। ਮਹਾਰਾਜ ਜੀ ਨੇ ਉਸ ਨੂੰ ਦਿਲਾਸਾ ਦਿੰਦਿਆਂ ਕਿਹਾ ਕਿ ਬੀਬਾ, ਰੱਬ ਦੀ ਮਰਜ਼ੀ ਅੱਗੇ ਕਿਸੇ ਦੀ ਦਲੀਲ ਨਹੀਂ ਚਲਦੀ, ਸੋ ਉਸ ਦਾ ਭਾਣਾ ਮੰਨੋ। ਪਰ ਉਸ ਔਰਤ ਨੇ ਆਪ ਜੀ ਦੇ ਚਰਣ ਫੜ ਲਏ ਤੇ ਉੱਚੀ ਉੱਚੀ ਵਿਰਲਾਪ ਕਰਦੀ ਰਹੀ। ਉਸਦਾ ਇਹ ਵਿਰਲਾਪ ਆਪ ਜੀ ਤੋਂ ਸਹਿਣ ਨਾ ਹੋਇਆ ਤੇ ਆਪ ਜੀ ਨੇ ਇੱਕ ਸੇਵਕ ਨੂੰ ਸਰੋਵਰ ਸਾਹਿਬ'ਚੋਂ ਇੱਕ ਕਟੋਰੀ ਜਲ ਮੰਗਾਇਆ ਤੇ ਉਹ ਜਲ ਹੱਥ ਵਿੱਚ ਲੈ ਕੇ ਵਚਨ ਕੀਤੇ, "ਹੇ ਨਾਨਕ! ਇਹ ਆਪ ਜੀ ਦਾ ਬੱਚਾ ਹੈ, ਇਸ ਤੇ ਦਇਆ ਕਰੋ ਤੇ ਇਸ ਨੂੰ ਜੀਵਨ ਦਾਨ ਬਖ਼ਸ਼ੋ।" ਫਿਰ ਜਲ ਦਾ ਛਿੱਟਾ ਉਸ ਲੋਥ ਤੇ ਮਾਰਿਆ। ਉਸੇ ਵੇਲੇ ਮਿਰਤਕ ਦੇ ਸਰੀਰ ਵਿੱਚ ਕੁਝ ਹਲਚਲ ਹੋਈ। ਆਪ ਜੀ ਨੇ ਦੋ ਤਿੰਨ

ਬਾਰ ਫਿਰ ਛਿੱਟੇ ਮਾਰੇ ਅਤੇ ਜਦੋਂ ਉਸ ਜੀਵ ਨੂੰ (ਜਿਸ ਦਾ ਸਰੀਰ ਹੁਣ ਹਰਕਤ ਵਿੱਚ ਆ ਗਿਆ ਸੀ) ਮੁਖਾਤਿਬ ਹੋ ਕੇ ਆਖਿਆ, "ਬੇਟਾ, ਉਠ ਜਾਓ" ਤੇ ਉਹ ਉਠ ਕੇ ਬੈਠ ਗਿਆ। ਉਸ ਜੀਵ ਦੇ ਘਰ ਵਾਲਿਆਂ ਦਾ ਵਿਰਲਾਪ ਖੁਸ਼ੀ ਵਿੱਚ ਬਦਲ ਗਿਆ। ਆਪ ਜੀ ਦਾ ਇਹ ਕੌਤਕ ਵੇਖ ਕੇ ਉਥੇ ਖੜੇ ਸਾਰੇ ਜੀਵਾਂ ਨੇ ਆਪ ਜੀ ਦੀ ਜੈ-ਜੈਕਾਰ ਕੀਤੀ।

ਇਸ ਕੌਤਕ ਤੋਂ ਬਾਅਦ ਆਪ ਜੀ ਨੇ ਉਸ ਪਰਿਵਾਰ ਵਾਲਿਆਂ ਨੂੰ ਇਹ ਹੁਕਮ ਦਿੱਤਾ ਕਿ ਅਸੀਂ ਆਪਣਾ ਕੰਮ ਕਰ ਦਿੱਤਾ ਹੈ ਤੇ ਹੁਣ ਤੁਸੀਂ ਇਸ ਨੂੰ ਇਥੋਂ ਲੈ ਜਾਓ ਤੇ ਪਿੱਛੇ ਮੁੜ ਕੇ ਨਾ ਵੇਖਣਾ। ਇੰਜ ਮੁਰਦਿਆਂ ਨੂੰ ਜੀਵਨ ਦਾਨ ਦੇਣ ਵਾਲੇ ਸਤਿਗੁਰੂ ਦਰਸ਼ਨ ਦਾਸ ਜੀ ਦਾ ਜਿੰਨਾ ਵੀ ਗੁਣਗਾਨ ਕੀਤਾ ਜਾਵੇ, ਘੱਟ ਹੈ।

ਦਾਸ ਗੁੱਜ਼ਰਮਲ
(ਰੋਹਣੀ ਡੇਰਾ, ਦਿੱਲੀ)

# ਜਨਮ ਮਰਣ ਤੋਂ ਮੁਕਤੀ

ਇਹ ਸਾਖੀ ਮੇਰੇ ਭਰਾ (ਦਾਸ ਕਾਲਾ) ਦੀ ਹੈ, ਜੋ ਮੇਰਠ ਦਾ ਰਹਿਣ ਵਾਲਾ ਸੀ ਤੇ ਟਰੱਕ ਡ੍ਰਾਈਵਰ ਸੀ। ਮੈਂ ਉਦੋਂ ਲੋਨੀ ਡੇਰੇ ਵਿੱਚ ਹੀ ਰਹਿੰਦੀ ਸੀ ਅਤੇ ਉਹ ਵੀ ਡੇਰੇ ਵਿੱਚ ਸਤਿਸੰਗ ਸੁਣਨ ਤੇ ਸੇਵਾ ਕਰਨ ਲਈ ਆਉਂਦਾ ਹੁੰਦਾ ਸੀ।

ਇੱਕ ਵਾਰ ਉਹ ਡੇਰੇ ਵਾਸਤੇ ਲੱਕੜੀਆਂ ਦਾ ਟਰੱਕ ਲੈ ਕੇ ਡੇਰੇ ਆਇਆ ਤਾਂ ਹਜ਼ੂਰ ਮਹਾਰਾਜ ਜੀ ਸਰੋਵਰ ਦੇ ਕੋਲ ਟਹਿਲ ਰਹੇ ਸਨ। ਕਾਲਾ ਜਦੋਂ ਮਹਾਰਾਜ ਜੀ ਕੋਲ ਪਹੁੰਚਿਆ ਤਾਂ ਮਹਾਰਾਜ ਜੀ ਉਸਨੂੰ ਵੇਖ ਕੇ ਕਹਿਣ ਲੱਗੇ ਕਿ ਅਸੀਂ ਤੇਰੀ ਸੇਵਾ ਤੋਂ ਬਹੁਤ ਖੁਸ਼ ਹਾਂ ਅੱਜ ਤੂੰ ਜੋ ਸਾਡੇ ਕੋਲੋਂ ਮੰਗੇਗਾਂ, ਅਸੀਂ ਤੈਨੂੰ ਦੇਵਾਂਗੇ, ਮੰਗ ਕੀ ਮੰਗਦਾ ਹੈਂ? ਆਪ ਜੀ ਦੇ ਇਹ ਦਿਆਲਤਾ ਭਰੇ ਵਚਨ ਸੁਣ ਕੇ ਉਸਨੇ ਆਪ ਜੀ ਦਾ ਸ਼ੁਕਰੀਆ ਅਦਾ ਕਰਦੇ ਹੋਏ ਜਵਾਬ ਦਿੱਤਾ ਕਿ ਮਹਾਰਾਜ ਜੀ, ਮੇਰੇ ਕੋਲ ਆਪ ਜੀ ਦਾ ਦਿੱਤਾ ਹੋਇਆ ਸਭ ਕੁਝ ਹੈ, ਮੈਨੂੰ ਕਿਸੇ ਵੀ ਚੀਜ ਦੀ ਲੋੜ ਨਹੀਂ ਹੈ। ਮਹਾਰਾਜ ਜੀ ਨੇ ਦੁਬਾਰਾ ਕਿਹਾ ਕਿ ਪੁੱਤਰ! ਫਿਰ ਵੀ ਜੋ ਮੰਗਣਾ ਹੈ, ਮੰਗ ਲੈ, ਅਸੀਂ ਬਹੁਤ ਖੁਸ਼ ਹਾਂ। ਉਸਨੇ ਫਿਰ ਇਨਕਾਰ ਕਰ ਦਿੱਤਾ ਤਾਂ ਹਜ਼ੂਰ ਨੇ ਤੀਜੀ ਵਾਰ ਕਿਹਾ ਕਿ ਜੋ ਤੂੰ ਅੱਜ ਮੰਗੇਗਾਂ ਅਸੀਂ ਤੈਨੂੰ ਦੇਵਾਂਗੇ। ਇਸ ਵਾਰੀ ਕਾਲੇ ਨੇ ਹੱਥ ਜੋੜ ਕੇ ਬੇਨਤੀ ਕੀਤੀ ਮਹਾਰਾਜ ਜੀ, ਮੈਨੂੰ ਜੀਵਨ ਮਰਣ ਦੇ ਬੰਧਨ ਤੋਂ ਮੁਕਤ ਕਰ ਦਿਓ। ਕਾਲੇ ਦੀ ਇਹ ਮੰਗ ਸੁਣ ਕੇ ਮਹਾਰਾਜ ਜੀ ਨੇ ਕਿਹਾ ਕਿ ਕਾਲੇ ਇੰਨੀ ਵੱਡੀ ਚੀਜ਼ ਅੱਜ ਤੱਕ ਸਾਡੇ ਕੋਲੋਂ ਕਿਸੇ ਨੇ ਨਹੀਂ ਮੰਗੀ, ਇਹ ਤੂੰ ਸਾਡੇ ਕੋਲੋਂ ਕੀ ਮੰਗ ਲਿਆ? ਪਰ ਅਸਾਂ ਤੈਨੂੰ ਵਚਨ ਦਿੱਤਾ ਹੈ, ਇਸ ਕਰਕੇ ਅਸੀਂ ਇਹ ਵਚਨ ਜ਼ਰੂਰ ਪੂਰਾ ਕਰਾਂਗੇ। ਹਜ਼ੂਰ ਮਹਾਰਾਜ ਜੀ ਦੇ ਕਾਲੇ ਨੂੰ ਦਿੱਤੇ ਇਹਨਾ ਵਚਨਾਂ ਤੋਂ ਬਾਅਦ ਕਾਫੀ ਸਮਾਂ ਲੰਘ ਗਿਆ। ਹਜ਼ੂਰ ਮਹਾਰਾਜ ਜੀ ਇੰਗਲੈਂਡ ਚਲੇ ਗਏ ਤੇ ਕਾਲਾ ਉਸੇ ਤਰ੍ਹਾਂ ਆਪਣੀ ਸੇਵਾ ਕਰਦਾ ਰਿਹਾ। ਅਚਾਨਕ ਕਾਲਾ

ਕਾਫੀ ਬੀਮਾਰ ਹੋ ਗਿਆ। ਉਸਨੂੰ ਮੇਰਠ ਦੇ ਸਰਕਾਰੀ ਹਸਪਤਾਲ ਵਿੱਚ ਦਾਖਿਲ ਕਰਵਾ ਦਿੱਤਾ ਗਿਆ ਤੇ ਉਥੇ ਉਹ ਦੋ-ਤਿੰਨ ਦਿਨ ਰਿਹਾ। ਮੈਂ ਉਸ ਦੇ ਲਈ ਘਰੋਂ ਰੋਟੀ ਲੈ ਕੇ ਜਾਂਦੀ ਹੁੰਦੀ ਸੀ। ਇਕ ਦਿਨ ਕਾਲੇ ਨੇ ਸ਼ਾਮ ਦੇ ਸਮੇਂ ਗੁੱਗੀ ਨੂੰ ਕਿਹਾ ਕਿ ਸਵੇਰੇ ਮੇਰੇ ਲਈ ਮਟਰ ਪਨੀਰ ਦੀ ਸਬਜ਼ੀ ਬਣਾ ਕੇ ਲੈ ਆਈਂ ਅਤੇ ਅੱਠ ਵਜੇ ਤੱਕ ਆ ਜਾਈਂ। ਜੇ ਅੱਠ ਵਜੇ ਤੱਕ ਨਾ ਆ ਸਕੇਂ ਤਾਂ ਨਾ ਆਵੀਂ। ਮੈਂ ਘਰ ਜਾ ਕੇ ਸਾਰਿਆਂ ਨੂੰ ਕਾਲੇ ਦੀ ਇੱਛਾ ਬਾਰੇ ਦੱਸਿਆ ਅਤੇ ਰਾਤ ਨੂੰ ਹੀ ਸਬਜ਼ੀ ਵਾਸਤੇ ਸਮਾਨ ਮੰਗਵਾ ਕੇ ਰੱਖ ਲਿਆ। ਪਰ ਸਵੇਰੇ ਸਬਜ਼ੀ ਬਣਾਦੇ ਹੋਏ ਮੈਂ ਲੇਟ ਹੋ ਗਈ।

ਉਸ ਵੇਲੇ ਹਸਪਤਾਲ ਵਿੱਚ ਕਾਲੇ ਕੋਲ ਕਮਾਨੀਆ ਦਾ ਕੰਮ ਕਰਨ ਵਾਲਾ ਇਕ ਸੇਵਕ ਜੀਤ ਸਿੰਘ ਅਤੇ ਸਾਡੀ ਵੱਡੀ ਭੈਣ ਹੀ ਸਨ। ਅੱਠ ਵੱਜਣ ਤੋਂ ਕੁਝ ਮਿੰਟ ਪਹਿਲਾਂ ਉਹਨਾਂ ਨੂੰ ਇੰਜ ਲੱਗਾ ਜਿਵੇਂ ਕੋਈ ਦਰਵਾਜ਼ਾ ਖੋਲ੍ਹ ਕੇ ਅੰਦਰ ਆਇਆ ਹੋਵੇ। ਕਾਲੇ ਨੇ ਦੋਨੋ ਹੱਥ ਜੋੜ ਕੇ ਤੇ ਥੋੜਾ ਜਿਹਾ ਉਠ ਕੇ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ" ਬੁਲਾਈ ਅਤੇ ਕਿਹਾ, ਮਹਾਰਾਜ ਜੀ, ਤੁਸੀਂ ਆ ਗਏ? ਇੰਨਾ ਕਹਿ ਕੇ ਉਹ ਲੇਟ ਗਿਆ ਅਤੇ ਥੋੜ੍ਹੀ ਹੀ ਦੇਰ ਬਾਅਦ ਉਸਨੇ ਸਰੀਰ ਛੱਡ ਦਿੱਤਾ। ਜੀਤ ਜਦੋਂ ਇਹ ਖ਼ਬਰ ਦੇਣ ਲਈ ਹਸਪਤਾਲ ਤੋਂ ਸਾਡੇ ਘਰ ਪਹੁੰਚਿਆ ਤਾਂ ਮੈਂ ਰੋਟੀ ਦਾ ਡੱਬਾ ਲੈ ਕੇ ਪੌੜੀਆਂ ਉਤਰ ਰਹੀ ਸੀ। ਜੀਤ ਨੇ ਮੈਨੂੰ ਪੁੱਛਿਆ ਕਿ ਗੁੱਗੀ ਤੂੰ ਕਿਥੇ ਜਾ ਰਹੀ ਹੈਂ? ਮੈਂ ਕਿਹਾ ਕਿ ਕਾਲੇ ਨੇ ਮਟਰ ਪਨੀਰ ਦੀ ਸਬਜ਼ੀ ਮੰਗੀ ਸੀ, ਉਹ ਹੀ ਬਣਾ ਕੇ ਲੈ ਜਾ ਰਹੀ ਹਾਂ। ਜੀਤ ਨੇ ਕਿਹਾ ਕਿ ਹੁਣ ਹਸਪਤਾਲ ਜਾਣ ਦੀ ਕੋਈ ਲੋੜ ਨਹੀਂ ਹੈ, ਕਾਲਾ ਘਰ ਹੀ ਆ ਰਿਹਾ ਹੈ। ਮੈਂ ਪੁਛਿਆ ਕਿ ਕੀ ਕਾਲੇ ਨੂੰ ਛੁੱਟੀ ਮਿਲ ਗਈ ਹੈ? ਤਾਂ ਜੀਤ ਨੇ ਕਿਹਾ ਕਿ ਹਾਂ, ਉਸਨੂੰ ਹਮੇਸ਼ਾ ਲਈ ਛੁੱਟੀ ਮਿਲ ਗਈ ਹੈ ਤੇ ਕਾਲੇ ਦੀ ਮੌਤ ਦੀ ਗੱਲ ਮੈਨੂੰ ਦੱਸੀ। ਮੈਂ ਕਾਲੇ ਦੀ ਮੌਤ ਦੀ ਖ਼ਬਰ ਦੇਣ ਲਈ ਜਦੋਂ ਹਜ਼ੂਰ ਮਹਾਰਾਜ ਜੀ ਨੂੰ ਇੰਗਲੈਂਡ ਫੋਨ ਕੀਤਾ ਅਤੇ ਉਧਰੋਂ ਹੈਲੋ ਦੀ ਅਵਾਜ਼ ਆਈ ਤੇ ਮੈਂ ਅਜੇ ਇੰਨੀ ਗੱਲ ਕੀਤੀ ਸੀ ਕਿ "ਮਹਾਰਾਜ

ਜੀ, ਕਾਲਾ!'' ਹਜ਼ੂਰ ਮਹਾਰਾਜ ਜੀ ਨੇ ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਆਖ ਦਿੱਤਾ, ''ਬੇਟਾ, ਕਾਲਾ ਸਾਡੇ ਕੋਲ ਪਹੁੰਚ ਗਿਆ ਹੈ। ਅਸੀਂ ਉਸਨੂੰ ਆਪਣੇ ਕੋਲ ਲੈ ਆਏ ਹਾਂ ਤੇ ਉਸਨੇ ਸਾਡੇ ਤੋਂ ਜੋ ਵਚਨ ਮੰਗਿਆ ਸੀ, ਉਹ ਅੱਜ ਅਸੀਂ ਪੂਰਾ ਕਰ ਦਿੱਤਾ ਹੈ। ਉਸਨੂੰ ਜਨਮ-ਮਰਣ ਤੋਂ ਮੁਕਤ ਕਰ ਦਿੱਤਾ ਹੈ।'' ਇੰਜ ਆਪ ਜੀ ਨੇ ਮੌਜ ਵਿਚ ਆ ਕੇ ਆਪਣੇ ਸੇਵਕ ਨੂੰ ਜੋ ਵੀ ਵਚਨ ਦਿੱਤਾ, ਉਹ ਪੂਰਾ ਕੀਤਾ। ਪੂਰਣ ਮਹਾਪੁਰਖ ਦੇ ਮੁੱਖ ਤੋਂ ਨਿਕਲਿਆ ਹੋਇਆ ਇਕ ਇਕ ਵਚਨ ਅਟਲ ਹੁੰਦਾ ਹੈ, ਸੱਚ ਹੁੰਦਾ ਹੈ। ਧਰਤੀ ਇਧਰ ਉਧਰ ਹੋ ਸਕਦੀ ਹੈ ਪਰ ਸਤਿਗੁਰੂ ਦਾ ਵਚਨ ਨਹੀਂ।

ਦਾਸ ਗੁਰਿੰਦਰ ਕੌਰ (ਗੁੱਗੀ)
(ਲੋਨੀ ਡੇਰਾ, ਉੱਤਰ ਪ੍ਰਦੇਸ਼)

## ਬੌਬ ਨੂੰ ਅਪਾਹਜ ਹੋਣ ਤੋਂ ਬਚਾਣਾ

ਇਹ ਘਟਨਾ 1985 ਦੀ ਹੈ। ਮੰਗਲਵਾਰ ਦਾ ਦਿਨ ਸੀ। ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਮਿੱਥੇ ਪ੍ਰੋਗਰਾਮ ਮੁਤਾਬਕ ਚੈਟਮ (ਇੰਗਲੈਂਡ) ਵਿਖੇ ਸਤਿਸੰਗ ਕਰਨ ਪਹੁੰਚੇ। ਉਸ ਵੇਲੇ ਦਰਬਾਰ ਵਿੱਚ ਬੈਠੀ ਸਾਧ-ਸੰਗਤ ਰੂਹਾਨੀ ਕੀਰਤਨ ਦੀ ਅੰਮ੍ਰਿਤ ਬਰਖਾ ਨਾਲ ਨਿਹਾਲ ਹੋ ਰਹੀ ਸੀ। ਸਤਿਸੰਗ ਤੋਂ ਪਹਿਲਾਂ ਹਜ਼ੂਰ ਮਹਾਰਾਜ ਜੀ ਦੇ ਨਾਲ ਆਏ ਹੋਏ ਸੇਵਕਾਂ ਨੇ ਨਾਸ਼ਤਾ-ਪਾਣੀ ਕੀਤਾ, ਪਰ ਹਜ਼ੂਰ ਨੇ ਕੁਝ ਵੀ ਨਹੀਂ ਖਾਧਾ। ਹਜ਼ੂਰ ਨੇ ਸਤਿਸੰਗ ਕੀਤਾ ਅਤੇ ਸਤਿਸੰਗ ਤੋਂ ਬਾਅਦ ਸੰਗਤ ਭੁਗਤਾਨ ਤੋਂ ਪਹਿਲਾਂ ਹਜ਼ੂਰ ਕਪੜੇ ਬਦਲਣ ਲਈ ਕਮਰੇ ਵਿੱਚ ਗਏ ਅਤੇ ਕਮੇਟੀ ਦੇ ਪ੍ਰਧਾਨ ਨੂੰ ਕਿਹਾ ਕਿ ਸਾਨੂੰ ਕੁਝ ਦੇਰ ਵਾਸਤੇ ਕਮਰੇ ਵਿਚ ਇਕੱਲਾ ਛੱਡ ਦਿਓ। ਇਹ ਕਹਿ ਕੇ ਹਜ਼ੂਰ ਉਥੇ ਪਈ ਇਕ ਸੈਟੀ ਉਤੇ ਲੇਟ ਗਏ। ਨਾਲ ਆਏ ਹੋਏ ਸੇਵਕਾਂ ਨੂੰ ਘਬਰਾਹਟ ਜਿਹੀ ਹੋਈ ਕਿ ਪਤਾ ਨਹੀਂ ਹਜ਼ੂਰ ਨੂੰ ਕੀ ਹੋਇਆ ਹੈ? ਅੱਜ ਤਕ ਕਦੀ ਵੀ ਹਜ਼ੂਰ ਨੇ ਇਸ ਤਰ੍ਹਾਂ ਸਤਿਸੰਗ ਤੋਂ ਬਾਅਦ ਅਰਾਮ ਕਰਨ ਵਾਸਤੇ ਨਹੀਂ ਸੀ ਕਿਹਾ। ਸੇਵਕਾਂ ਨੇ ਆਪ ਜੀ ਨੂੰ ਪੁੱਛਿਆ ਕਿ ਹਜ਼ੂਰ ਆਪ ਜੀ ਨੂੰ ਕੁਝ ਚਾਹੀਦਾ ਹੈ? ਪਰ ਆਪ ਜੀ ਨੇ ਕੋਈ ਜਵਾਬ ਨਾ ਦਿੱਤਾ, ਬਸ ਅੱਖਾਂ ਬੰਦ ਕਰਕੇ ਲੇਟੇ ਰਹੇ। ਇਸ ਤਰ੍ਹਾਂ ਲਗ ਰਿਹਾ ਸੀ ਕਿ ਆਪ ਸਰੀਰਕ ਤੌਰ ਤੇ ਤਾਂ ਉਥੇ ਹੀ ਸਨ ਪਰ ਆਤਮਕ ਤੌਰ ਤੇ ਨਹੀਂ। ਕਾਫੀ ਸਮਾਂ ਲੇਟੇ ਰਹਿਣ ਤੋਂ ਬਾਅਦ ਆਪ ਉਠੇ ਅਤੇ ਕਪੜੇ ਬਦਲ ਕੇ ਸੰਗਤ ਭੁਗਤਾਣ ਵਾਸਤੇ ਵਾਪਸ ਸਤਿਸੰਗ ਹਾਲ ਵਿੱਚ ਆ ਗਏ। ਸੇਵਾਦਾਰਾਂ ਨੇ ਆਪ ਜੀ ਨੂੰ ਪੁੱਛਿਆ ਕਿ ਹਜ਼ੂਰ ਕੀ ਹੋਇਆ ਸੀ? ਪਰ ਆਪ ਨੇ ਕੋਈ ਜਵਾਬ ਨਾ ਦਿੱਤਾ। ਸੰਗਤ ਭੁਗਤਾਨ ਤੋਂ ਬਾਅਦ ਆਪ ਕਿਸੇ ਸੇਵਕ ਦੇ ਘਰ ਚਰਣ ਪਾਉਣ ਗਏ ਤਾਂ ਮੌਕਾ ਵੇਖ ਕੇ ਸੇਵਾਦਾਰਾਂ ਨੇ ਦੁਬਾਰਾ ਬੇਨਤੀ ਕੀਤੀ ਕਿ ਆਪ ਜੀ ਨੂੰ ਕੀ ਹੋਇਆ ਸੀ। ਆਪ ਜੀ ਕਾਫੀ ਦੇਰ ਅਰਾਮ ਕਰਦੇ ਰਹੇ ਅਤੇ ਕਿਸੇ ਦੇ ਵੀ ਸਵਾਲ ਦਾ ਜਵਾਬ ਨਹੀਂ ਸੀ ਦੇ

ਰਹੇ? ਕੁਝ ਦੇਰ ਬਾਅਦ ਆਪਣੀ ਚੁੱਪ ਤੋੜਦੇ ਹੋਏ ਆਪ ਜੀ ਨੇ ਸੇਵਕਾਂ ਨੂੰ ਕਿਹਾ ਕਿ ਬੌਬ (ਇਕ ਸੇਵਕ ਦਾ ਨਾਂ) ਦੇ ਪਿਤਾ ਕਰਨੈਲ ਸਿੰਘ ਨੂੰ ਫੋਨ ਕਰਕੇ ਪੁੱਛੋ ਕਿ ਹੁਣ ਬੌਬ ਦੀ ਤਬੀਅਤ ਕਿਸ ਤਰ੍ਹਾਂ ਹੈ?

ਉਹਨਾਂ ਦਿਨਾਂ ਵਿੱਚ ਮੋਬਾਈਲ ਫੋਨ ਨਹੀਂ ਸਨ ਹੋਇਆ ਕਰਦੇ। ਪਰ ਮਹਾਰਾਜ ਜੀ ਦੀ ਕੁਝ ਐਸੀ ਲੀਲਾ ਹੋਈ ਕਿ ਕਰਨੈਲ ਸਿੰਘ ਦਾ ਫੋਨ ਉਸੇ ਸੇਵਕ ਦੇ ਘਰ ਆ ਗਿਆ ਅਤੇ ਉਹਨਾਂ ਨੇ ਦੱਸਿਆ ਕਿ ਬੌਬ ਹੁਣ ਠੀਕ ਹੈ। ਉਸ ਫੋਨ ਤੋਂ ਬਾਅਦ ਸੇਵਕਾਂ ਨੂੰ ਪਤਾ ਲੱਗਾ ਕਿ ਬੌਬ ਦੇ ਸਰੀਰ ਦੇ ਹੇਠਲੇ ਹਿੱਸੇ ਵਿੱਚ ਖੂਨ ਦੀ ਸਪਲਾਈ ਬੰਦ ਹੋ ਗਈ ਸੀ ਤੇ ਡਾਕਟਰਾਂ ਨੇ ਉਸਦੇ ਠੀਕ ਹੋਣ ਦੀ ਉਮੀਦ ਘੱਟ ਹੀ ਦੱਸੀ ਸੀ। ਜਿਸ ਸਮੇਂ ਮਹਾਰਾਜ ਜੀ ਚੈਟਮ ਵਿੱਚ ਸਤਿਸੰਗ ਕਰ ਰਹੇ ਸਨ, ਉਸ ਸਮੇਂ ਬੌਬ ਦੇ ਪਿਤਾ ਜੀ ਹਜ਼ੂਰ ਮਹਾਰਾਜ ਜੀ ਦੀ ਤਸਵੀਰ ਸਾਹਮਣੇ ਖੜੇ ਹੋ ਕੇ ਆਪਣੇ ਪੁੱਤਰ ਦੀ ਤੰਦਰੁਸਤੀ ਲਈ ਅਰਦਾਸ ਕਰ ਰਹੇ ਸੀ। ਉਸ ਵੇਲੇ ਹਜ਼ੂਰ ਨੇ ਉਸਦਾ ਦੁੱਖ ਕੱਟ ਦਿੱਤਾ, ਨਹੀਂ ਤਾਂ ਉਸਨੂੰ ਸਾਰੀ ਜ਼ਿੰਦਗੀ ਅਪਾਹਿਜ ਹੀ ਰਹਿਣਾ ਪੈਂਦਾ। ਸਾਰੇ ਸੇਵਕਾਂ ਨੇ ਆਪ ਜੀ ਦੀ ਜੈ-ਜੈਕਾਰ ਕਰਦੇ ਹੋਏ ਆਪ ਜੀ ਦਾ ਸ਼ੁਕਰੀਆ ਅਦਾ ਕੀਤਾ।

ਦਾਸ ਲਲਿਤ (ਯੂ.ਕੇ.)

## ਜੌਰਜ ਬਾਬਾ ਜੀ ਦਾ ਦੁੱਖ ਕੱਟਣਾ

ਹਜ਼ੂਰ ਮਹਾਰਾਜ ਜੀ ਇੰਗਲੈਂਡ ਵਿੱਚ ਸ਼ਨਿਚਰਵਾਰ ਵਾਲੇ ਦਿਨ ਸਤਿਸੰਗ ਕਰਦੇ ਸਨ, ਸਤਿਸੰਗ ਚਲ ਰਿਹਾ ਸੀ ਤਾਂ ਇੱਕ ਨਰਸ ਵੀਲਚੇਅਰ (Wheel Chair) ਤੇ ਇੱਕ ਗੋਰੇ ਨੂੰ, ਜਿਸ ਦਾ ਨਾਂ ਜੌਰਜ ਸੀ, ਲੈ ਕੇ ਆਈ। (ਜਿਸ ਹਸਪਤਾਲ ਵਿੱਚ ਉਹ ਦਾਖਿਲ ਸੀ, ਉਥੇ ਕਿਸੇ ਨੇ ਉਸ ਨੂੰ ਮਹਾਰਾਜ ਜੀ ਬਾਰੇ ਦੱਸਿਆ ਸੀ ਕਿ ਤੂੰ ਉਸ ਮਹਾਪੁਰਖ ਕੋਲ ਜਾ ਉਹ ਤੇਰਾ ਦੁੱਖ ਦੂਰ ਕਰ ਸਕਦੇ ਹਨ, ਉਸ ਦੀ ਗੱਲ ਮੰਨ ਕੇ ਉਹ ਮਹਾਰਾਜ ਜੀ ਦੇ ਦਰਬਾਰ ਵਿੱਚ ਆਇਆ ਸੀ।) ਇੱਕ ਸੇਵਾਦਾਰ ਨੂੰ ਜੌਰਜ ਨੇ ਕਿਹਾ ਕਿ ਉਹ ਜ਼ਿਆਦਾ ਸਮਾਂ ਬੈਠ ਨਹੀਂ ਸਕਦਾ, ਇਸ ਲਈ ਉਸਨੂੰ ਮਹਾਰਾਜ ਜੀ ਕੋਲ ਪਹਿਲਾਂ ਮਿਲਣ ਵਾਸਤੇ ਭੇਜ ਦਿੱਤਾ ਜਾਵੇ। ਸਤਿਸੰਗ ਸਮਾਪਤ ਹੋਣ ਤੋਂ ਬਾਅਦ ਸੇਵਕ ਨੇ ਉਸ ਦੀ ਬੇਨਤੀ ਮਹਾਰਾਜ ਜੀ ਤਕ ਪਹੁੰਚਾਈ ਤੇ ਮਹਾਰਾਜ ਜੀ ਨੇ ਜੌਰਜ ਨੂੰ ਬੁਲਾ ਲਿਆ। ਮਹਾਰਾਜ ਜੀ ਨੇ ਉਸਨੂੰ ਪੁੱਛਿਆ ਕਿ ਕੀ ਗੱਲ, ਤੂੰ ਇਹ ਬੈਲਟਾਂ ਜਿਹੀਆਂ ਕਿਉਂ ਬਨ੍ਹੀਆਂ ਹੋਈਆਂ ਹਨ ਤਾਂ ਉਸਨੇ ਆਪਣਾ ਸਾਰਾ ਦੁੱਖ-ਦਰਦ ਬਿਆਨ ਕੀਤਾ। ਅਜੇ ਉਸਦੀ ਗੱਲ ਪੂਰੀ ਨਹੀਂ ਸੀ ਹੋਈ ਕਿ ਹਜ਼ੂਰ ਨੇ ਉਸਨੂੰ ਹੁਕਮ ਕੀਤਾ ਕਿ ਤੂੰ ਆਪਣੀਆਂ ਸਾਰੀਆਂ ਬੈਲਟਾਂ ਲਾਹ ਦੇ ਅਤੇ ਜੋ ਵੀ ਦਵਾਈਆਂ ਤੇਰੇ ਕੋਲ ਹਨ, ਉਹ ਵੀ ਸੁੱਟ ਦੇ। ਇਹ ਸੁਣ ਕੇ ਜੌਰਜ ਅਤੇ ਉਸਦੀ ਨਰਸ ਬਹੁਤ ਹੀ ਹੈਰਾਨ ਹੋਏ। ਹਜ਼ੂਰ ਨੇ ਜੌਰਜ ਨੂੰ ਹੁਕਮ ਕੀਤਾ ਕਿ ਕੁਰਸੀ ਤੋਂ ਉਠ ਕੇ ਖੜ੍ਹਾ ਹੋ ਜਾ। ਜੌਰਜ ਤੇ ਨਰਸ ਨੇ ਬੜੀ ਹੈਰਾਨੀ ਨਾਲ ਇੱਕ ਦੂਸਰੇ ਵਲ ਦੇਖਿਆ। ਹਜ਼ੂਰ ਨੇ ਉਸਨੂੰ ਫਿਰ ਉਠਣ ਵਾਸਤੇ ਕਿਹਾ। ਉਸ ਨੇ ਉਠਣ ਦੀ ਕੋਸ਼ਿਸ਼ ਤਾਂ ਕੀਤੀ, ਪਰ ਉਠ ਨਾ ਸੱਕਿਆ। ਹਜ਼ੂਰ ਨੇ ਉਸੇ ਵੇਲੇ, ਜੌਰਜ ਉਤੇ ਐਸੀ ਮਿਹਰ ਦੀ ਨਜ਼ਰ ਪਾਈ ਕਿ ਉਸ ਦੇ ਸਾਰੇ ਦੁੱਖ ਦੂਰ ਕਰ ਦਿੱਤੇ ਅਤੇ ਉਸਨੂੰ ਫਿਰ ਦੁਬਾਰਾ ਉਠਣ ਵਾਸਤੇ ਕਿਹਾ। ਉਹ ਉਠ ਕੇ ਖੜਾ ਹੋ ਗਿਆ। ਹਜ਼ੂਰ ਨੇ ਉਸਨੂੰ ਕਿਹਾ ਕਿ ਉਹ

ਸਾਹਮਣੇ ਦੀਵਾਰ ਨੂੰ ਹੱਥ ਲਗਾ ਕੇ ਆ। ਉਸ ਨੇ ਹਜ਼ੂਰ ਦੇ ਹੁਕਮ ਦੀ ਪਾਲਣਾ ਕੀਤੀ ਅਤੇ ਦੀਵਾਰ ਨੂੰ ਹੱਥ ਲਗਾ ਕਿ ਵਾਪਸ ਆਇਆ ਤਾਂ ਹਜ਼ੂਰ ਨੇ ਕਿਹਾ ਕਿ ਅਸੀਂ ਤੇਰੇ ਸਾਰੇ ਦੁੱਖ ਕੱਟ ਦਿੱਤੇ ਹਨ। ਹੁਣ ਤੂੰ ਬਿਲਕੁਲ ਠੀਕ ਹੈਂ। ਤੈਨੂੰ ਹੁਣ ਕਿਸੇ ਦਵਾਈ ਦੀ ਲੋੜ ਨਹੀਂ ਹੈ। ਅਸੀਂ ਤੇਰੇ ਕੋਲੋਂ ਮਿਸ਼ਨ ਦੇ ਕੰਮ ਲੈਣੇ ਹਨ। ਤੁਸੀਂ ਸੰਗਤ ਦੀ ਸੇਵਾ ਕਰਨੀ ਹੈ। ਇਸ ਤਰ੍ਹਾਂ ਹਜ਼ੂਰ ਨੇ ਇੱਕ ਪਲ ਵਿੱਚ ਉਸਦੇ ਵਰ੍ਹਿਆਂ ਦੇ ਦੁੱਖ ਕੱਟ ਕੇ, ਉਸ ਨੂੰ ਨਵਾਂ ਜੀਵਨ ਦਿੱਤਾ। ਸੰਗਤ ਦੇ ਕਿਸੇ ਜੀਵ ਨੇ ਹਜ਼ੂਰ ਨੂੰ ਹੌਂਸਲਾ ਕਰਕੇ ਪੁੱਛ ਹੀ ਲਿਆ ਕਿ ਮਹਾਰਾਜ ਜੀ ਕਈ ਜੀਵਾਂ ਨੂੰ ਤੁਸੀਂ ਇੱਕ ਪਲ ਵਿੱਚ ਹੀ ਠੀਕ ਕਰ ਦਿੰਦੇ ਹੋ ਅਤੇ ਕਿਸੇ ਨੂੰ ਠੀਕ ਕਰਨੋ ਮਨਾਂ ਕਰ ਦਿੰਦੇ ਹੋ, ਇਸ ਵਿੱਚ ਕੀ ਰਾਜ਼ ਹੈ? ਹਜ਼ੂਰ ਨੇ ਆਖਿਆ ਕਿ ਭਾਈ ਮਰਜ਼ੀ ਸਾਡੀ ਨਹੀਂ ਸਾਡੇ ਮਾਲਿਕ ਦੀ ਚਲਦੀ ਹੈ। ਕਿਸੇ ਵੀ ਜੀਵ ਦਾ ਦੁਖ ਦਰਦ ਦੂਰ ਕਰਨ ਤੋਂ ਪਹਿਲਾਂ, ਉਸ ਦੀ ਸ਼ਰਧਾ ਤੇ ਭਰੋਸੇ ਨੂੰ ਵੇਖਿਆ ਜਾਂਦਾ ਹੈ। ਜਿਸ ਦਾ ਭਰੋਸਾ ਜਿੰਨਾ ਪੱਕਾ ਹੁੰਦਾ ਹੈ, ਉਸ ਦਾ ਦੁੱਖ-ਦਰਦ ਉਨੀ ਜਲਦੀ ਕੱਟਿਆ ਜਾਂਦਾ ਹੈ। ਉਸ ਤੋਂ ਬਾਅਦ ਹਜ਼ੂਰ ਨੇ ਜੌਰਜ ਨੂੰ ਬਾਬਾ ਜੀ ਬਣਾ ਕੇ ਮਿਸ਼ਨ ਦੇ ਪ੍ਰਚਾਰ ਦੀ ਡਿਊਟੀ ਦਿੱਤੀ।

ਹਜੂਰੀ ਡ੍ਰਾਈਵਰ ਦਾਸ ਪ੍ਰੀਤਮ (ਯੂ.ਕੇ.)

## ਪੂਰਨ ਪੁਰਖ ਦੇ ਰੂਪ 'ਚ ਮਿਲਣਾ

ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਦੀ 'ਲੋਨੀ ਵਾਲੇ ਬਾਬਾ ਜੀ' ਦੇ ਨਾਮ ਤੋਂ ਜਸ ਕੀਰਤੀ ਦਿਨੋ ਦਿਨ ਵੱਧ ਰਹੀ ਸੀ। ਦਿੱਲੀ ਦੇ ਪੱਛਮੀ ਹਿੱਸੇ ਵਿੱਚ ਖਿਆਲਾ ਨਾਮ ਦੀ ਇਕ ਜਗ੍ਹਾ ਹੈ। ਮੇਰਾ ਨਾਮ ਗੁਰਚਰਣ ਸਿੰਘ ਹੈ। ਮੈਂ ਵੀ ਉਦੋਂ ਖਿਆਲਾ ਹੀ ਰਹਿੰਦਾ ਸੀ। ਮੈਂ ਹਰ ਸਾਲ ਹਜ਼ੂਰ ਸਾਹਿਬ ਮੱਥਾ ਟੇਕਣ ਲਈ ਜਾਂਦਾ ਹੁੰਦਾ ਸੀ। ਇਸ ਵਾਰ ਜਦ ਮੈਂ ਹਜ਼ੂਰ ਸਾਹਿਬ (ਨੰਦੇੜ, ਮਹਾਰਾਸ਼ਟਰ)ਗਿਆ ਤਾਂ ਮਨ ਵਿੱਚ ਬੈਰਾਗ ਅਤੇ ਅੱਖਾਂ ਵਿੱਚ ਹੰਝੂ ਭਰ ਕੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ, ਜੇ ਧਰਤੀ ਤੇ ਕੋਈ ਵਕਤ ਦਾ ਹਾਕਿਮ, ਕੋਈ ਪੂਰਣ ਮਹਾਪੁਰਖ, ਸੰਸਾਰ ਦਾ ਵਾਲੀ ਹੈ ਤਾਂ ਮੇਰੇ ਉਪਰ ਕਿਰਪਾ ਕਰੋ ਕਿ ਮੈਂ ਉਸ ਦੇ ਚਰਣਾਂ ਨਾਲ ਜੁੜ ਸਕਾਂ ਅਤੇ ਆਪਣਾ ਜੀਵਨ ਸਫਲ ਕਰ ਸਕਾਂ। ਮੱਥਾ ਟੇਕ ਕੇ ਮੈਂ ਘਰ ਵਾਪਸ ਆ ਗਿਆ। ਘਰ ਵਾਪਸ ਆਉਂਦਿਆਂ ਹੀ ਮੇਰੇ ਕਿਸੇ ਜਾਨਣ ਵਾਲੇ ਨੇ ਦੱਸਿਆ ਕਿ ਲੋਨੀ ਵਿੱਚ ਇਕ ਬਾਬਾ ਜੀ ਹਨ, ਜੋ ਦੁਨੀਆਂ ਤੇ ਬਹੁਤ ਕ੍ਰਿਪਾ ਬਰਸਾ ਰਹੇ ਹਨ, ਦੂਰ ਦੂਰ ਤੋਂ ਲੋਕ ਆ ਕੇ ਉਹਨਾਂ ਪਾਸੋਂ ਮੰਗੀਆਂ ਮੁਰਾਦਾਂ ਲੈ ਕੇ ਜਾਂਦੇ ਹਨ। ਮੈਂ ਦਰਸ਼ਨ ਕਰਨ ਜਾ ਰਿਹਾ ਹਾਂ, ਆਓ ਤੁਸੀਂ ਵੀ ਚਲੋ। ਮੈਂ ਉਸ ਵੇਲੇ ਪੱਗ ਬੰਨ੍ਹ ਰਿਹਾ ਸੀ, ਮੇਰੇ ਦਿਮਾਗ ਵਿੱਚ ਆਇਆ ਕਿ ਛੱਡੋ, ਕੀ ਬਾਬਿਆਂ ਦੇ ਕੋਲ ਜਾਣਾ ਹੈ। ਸ਼ਾਇਦ ਤਕਦੀਰ ਵਿੱਚ ਦਰਸ਼ਨ ਕਰਨਾ ਨਹੀ ਸੀ ਲਿਖਿਆ, ਸੋ ਮੈਂ ਇਨਕਾਰ ਕਰ ਦਿੱਤਾ। ਦਿਨ ਨਿਕਲ ਗਿਆ। ਫਿਰ ਮੰਨ ਵਿੱਚ ਪੂਰਣ ਮਹਾਪੁਰਖ ਦੇ ਪ੍ਰਤੀ ਬੈਰਾਗ ਆਇਆ ਕਿ ਆਪੇ ਹੀ ਤਾਂ ਅਰਦਾਸ ਕਰਕੇ ਆਇਆ ਹੈਂ ਕਿ ਕੋਈ ਪੂਰਣ ਮਹਾਪੁਰਖ ਮਿਲਾ ਦੇ ਅਤੇ ਹੁਣ ਜਦੋਂ ਜਾਣ ਦਾ ਮੌਕਾ ਆਇਆ ਹੈ ਤਾਂ ਆਪ ਹੀ ਜਾਂਣਾ ਨਹੀਂ ਚਾਹੁੰਦਾ। ਮੈਂ ਆਪਣੇ ਉਸੇ ਮਿਤੱਰ ਦੇ ਨਾਲ ਮਿਲ ਕੇ ਲੋਨੀ ਜਾਣ ਦਾ ਪ੍ਰੋਗ੍ਰਾਮ ਬਣਾ ਲਿਆ। ਜਿੱਸ ਬਸ ਵਿੱਚ ਅਸੀਂ ਬੈਠੇ ਸੀ, ਉਹ ਸੰਗਤ ਨਾਲ ਭਰੀ ਹੋਈ ਸੀ। ਸਫ਼ਰ ਦੇ ਦੌਰਾਨ ਗੁਰੂ ਸਾਹਿਬ ਦੀਆਂ ਪੁਰਾਣੀਆਂ ਸਾਖੀਆਂ ਅਤੇ ਸੰਗਤ ਤੇ ਹੋਈ ਕ੍ਰਿਪਾ ਮਿਹਰ ਬਾਰੇ ਮੈਨੂੰ ਸੰਗਤ ਤੋਂ ਪਤਾ

ਲੱਗਿਆ। ਮੈਂ ਸੁਣਦਾ ਤਾਂ ਰਿਹਾ ਪਰ ਮਨ ਵਿੱਚ ਪੂਰਾ ਵਿਸ਼ਵਾਸ ਨਹੀਂ ਸੀ, ਬਸ ਇੰਨਾ ਹੀ ਸੀ ਕਿ ਕਿਸੇ ਬਾਬਾ ਜੀ ਦੇ ਦਰਸ਼ਨ ਕਰਨ ਜਾ ਰਹੇ ਹਾਂ। ਕਡੰਕਟਰ ਨੇ ਪੁੱਛਿਆ ਕਿ ਭਾਈ ਕਿਥੇ ਜਾਣਾ ਹੈ? ਤਾਂ ਮੈਂ ਕਿਹਾ ਕਿ ਦੋ ਨੰਬਰ ਬਸ ਸਟਾਪ ਤੇ ਜਿਥੇ ਬਾਬਾ ਦਰਸ਼ਨ ਦਾਸ ਜੀ ਦਾ ਡੇਰਾ ਹੈ। ਕਡੰਕਟਰ ਨੇ ਇਹ ਗੱਲ ਸੁਣਦੇ ਹੀ ਕਿਹਾ ਕਿ ਮੈਂ ਵੀ ਉਥੇ ਗਿਆ ਸੀ, ਬਾਬਾ ਜੀ ਬੜੀ ਹੀ ਕਰਨੀ ਵਾਲੇ ਹਨ। ਮੇਰਾ ਵੀ ਕੋਈ ਕੰਮ ਨਹੀਂ ਸੀ ਬਣ ਰਿਹਾ, ਗੁਰੂ ਸਾਹਿਬ ਨੇ ਮੇਰੇ ਤੇ ਕਿਰਪਾ ਕੀਤੀ ਤਾਂ ਮੈਨੂੰ ਪਤਾ ਹੀ ਨਹੀਂ ਚਲਿਆ ਕਿ ਕਿਸ ਤਰ੍ਹਾਂ ਮੇਰੇ ਕੰਮ ਆਪਣੇ ਆਪ ਹੀ ਹੋ ਗਏ। ਹੁਣ ਮੇਰੇ ਮਨ ਦੇ ਵਿਚਾਰ ਨਿਰਮਲ ਹੋਣ ਲੱਗ ਪਏ ਕਿ ਗੁਰੂ ਸਾਹਿਬ ਦੀ ਕੀਰਤੀ ਤਾਂ ਚਾਰੋਂ ਪਾਸੇ ਸੁਣਨ ਨੂੰ ਮਿਲ ਰਹੀ ਹੈ, ਕੋਈ ਕਰਨੀ ਵਾਲੇ ਬਾਬਾ ਜੀ ਲੱਗ ਰਹੇ ਹਨ। ਇਸ ਨਾਲ ਮੇਰਾ ਭਰੋਸਾ ਪੱਕਾ ਹੋ ਗਿਆ ਕਿ ਬਾਬਾ ਜੀ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ। ਡੇਰੇ ਪਹੁੰਚੇ ਤਾਂ ਦੇਖਿਆ ਕਿ ਕਾਫੀ ਸੰਗਤ ਬੈਠੀ ਸੀ ਅਤੇ ਗੁਰੂ ਸਾਹਿਬ ਜੀ ਡੱਬਾ ਵਜਾ ਕੇ ਕੀਰਤਨ ਕਰ ਰਹੇ ਸਨ। ਕੀਰਤਨ ਦਾ ਭੋਗ ਪਾ ਕੇ ਗੁਰੂ ਸਾਹਿਬ ਨੇ ਵਾਰੀ-ਵਾਰੀ ਸੰਗਤ ਦੇ ਜੀਵਾਂ ਨੂੰ ਬੁਲਾਣਾ ਸ਼ੁਰੂ ਕਰ ਦਿੱਤਾ। ਮੈਂ ਬੈਠਾ-ਬੈਠਾ ਸਭ ਕੁਝ ਵੇਖਦਾ ਰਿਹਾ। ਹੁਣ ਮੇਰੇ ਭਾਗ ਜਾਗਣ ਦਾ ਮੌਕਾ ਆ ਗਿਆ। ਸਭ ਦੇ ਦਿੱਲਾਂ ਦੀਆਂ ਜਾਨਣ ਵਾਲੇ, ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੇ ਮਹਾਰਾਜ ਜੀ ਨੇ ਅਵਾਜ਼ ਲਗਾਈ ਕਿ ਸਰਦਾਰ ਜੀ! ਉਥੇ ਕਾਫੀ ਸਰਦਾਰ ਬੈਠੇ ਸਨ। ਮੇਰੀ ਸਮਝ ਵਿੱਚ ਕੁਝ ਵੀ ਨਾ ਆਇਆ ਤਾਂ ਮੈਂ ਪਿਛਾਂਹ ਨੂੰ ਮੁੜ ਕੇ ਵੇਖਿਆ ਕਿ ਪਤਾ ਨਹੀਂ ਬਾਬਾ ਜੀ ਨੇ ਕਿਸਨੂੰ ਅਵਾਜ਼ ਲਗਾਈ ਹੈ। ਮੈਂ ਆਪਣੇ ਪਿੱਛੇ ਬੈਠੇ ਸਰਦਾਰ ਜੀ ਨੂੰ ਕਿਹਾ ਕਿ ਬਾਬਾ ਜੀ ਤੁਹਾਨੂੰ ਬੁਲਾ ਰਹੇ ਹਨ। ਮਹਾਰਾਜ ਜੀ ਨੇ ਫਿਰ ਕਿਹਾ ਕਿ ਸਰਦਾਰ ਜੀ ਖੜੇ ਹੋ ਜਾਓ, ਕਿ ਹੁਣ ਤੁਹਾਡਾ ਨਾਮ ਲੈ ਕੇ ਬੁਲਾਈਏ? ਪਗੜੀ ਦਾ ਰੰਗ ਦਸ ਕੇ ਆਪ ਜੀ ਨੇ ਕਿਹਾ ਕਿ ਲਾਲ ਰੰਗ ਦੀ ਪਗੜੀ ਵਾਲੇ ਸਰਦਾਰ ਜੀ ਆਉਣ। ਮੈਂ ਹੱਥ ਜੋੜ ਕੇ ਖੜਾ ਹੋ ਗਿਆ। ਮਹਾਰਾਜ ਜੀ ਨੇ ਮੈਨੂੰ ਆਪਣੇ ਕੋਲ ਬੁਲਾ ਕੇ

ਪੁੱਛਿਆ ਕਿ ਦੱਸੋ ਕੀ ਗੱਲ ਹੈ। ਮੈਂ ਕਿਹਾ ਕਿ ਜੀ ਕੁਝ ਨਹੀਂ, ਬਸ ਆਪ ਜੀ ਦੇ ਦਰਸ਼ਨ ਕਰਨ ਆਇਆ ਹਾਂ। ਮਹਾਰਾਜ ਜੀ ਨੇ ਕਿਹਾ ਕਿ ਨਹੀਂ ਤੁਸੀ ਦਰਸ਼ਨ ਕਰਨ ਜਾਂ ਪ੍ਰਸ਼ਾਦਿ ਲੈਣ ਨਹੀਂ ਆਏ, ਜੋ ਕੰਮ ਕਰਨ ਆਏ ਹੋ, ਉਹ ਕਿਉਂ ਨਹੀਂ ਕਹਿੰਦੇ? ਮੇਰੇ ਨਾਲ ਜੋ ਸੇਵਾਦਾਰ ਸੀ, ਉਸਨੇ ਵੀ ਹਾਮੀ ਭਰੀ ਕਿ ਹਜ਼ੂਰ, ਇਹ ਆਪ ਜੀ ਦੇ ਦਰਸ਼ਨ ਕਰਨ ਹੀ ਆਇਆ ਹੈ। ਹੁਣ ਮਹਾਰਾਜ ਜੀ ਨੇ ਜ਼ਰਾ ਗੁੱਸੇ ਨਾਲ ਕਿਹਾ ਕਿ ਜਿਸ ਕੰਮ ਆਇਆ ਹੈਂ ਉਹ ਕਿਉਂ ਨਹੀਂ ਕਹਿੰਦਾ? ਫਿਰ ਵੀ ਮੈਂ ਕਿਹਾ ਕਿ ਬਾਬਾ ਜੀ, ਮੈਂ ਤਾਂ ਸਿਰਫ ਆਪ ਜੀ ਦੇ ਦਰਸ਼ਨ ਹੀ ਕਰਨ ਆਇਆ ਹਾਂ। ਮਹਾਰਾਜ ਜੀ ਦੀਆਂ ਅੱਖਾਂ ਜਿਵੇਂ ਰੋਸ਼ਨੀ ਨਾਲ ਭਰ ਗਈਆਂ, ਚਿਹਰੇ ਤੇ ਨੂਰ ਝਲਕ ਰਿਹਾ ਸੀ। ਮੈਂ ਹਜ਼ੂਰ ਦੇ ਜਲਾਲ ਦੀ ਤਾਬ ਨਾ ਝੱਲ ਸਕਿਆ ਤੇ ਮੈਂ ਅੱਖਾਂ ਝੁਕਾ ਲਈਆਂ। ਗੁਰੂ ਸਾਹਿਬ ਨੇ ਹੁਣ ਨਾਮ ਲੈ ਕੇ ਕਿਹਾ ਕਿ ਗੁਰਚਰਣ ਤੂੰ ਇੰਨੀ ਦੂਰ ਹਜ਼ੂਰ ਸਾਹਿਬ ਜਾ ਕੇ ਅਰਦਾਸ ਕਰਕੇ ਆਇਆ ਹੈਂ ਕਿ ਮੈਨੂੰ ਕੋਈ ਸਤਿਗੁਰੂ ਮਿਲਾ ਦਿਓ ਤੇ ਹੁਣ ਮੇਰੇ ਸਾਹਮਣੇ ਝੂਠ ਬੋਲ ਰਿਹਾ ਹੈਂ ਕਿ ਸਿਰਫ ਦਰਸ਼ਨ ਕਰਨ ਹੀ ਆਇਆ ਹਾਂ। ਇੰਨਾ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਤੇ ਅੱਖਾਂ ਖੁਲ ਗਈਆਂ ਕਿ ਬਾਬਾ ਜੀ ਵਾਕਈ ਕੋਈ ਪੂਰਣ ਮਹਾਪੁਰਖ ਹਨ, ਜਿਹਨਾਂ ਨੇ ਮੇਰੇ ਦਿਲ ਦੀ ਗੱਲ ਜਾਣ ਲਈ ਹੈ। ਫਿਰ ਮੈਂ ਚਰਣੀਂ ਮੱਥਾ ਟੇਕ ਕੇ ਕਿਹਾ ਕਿ ਦਾਤਾ ਜੀ, ਤੁਸੀਂ ਦਿਲਾਂ ਦੀਆਂ ਜਾਨਣ ਵਾਲੇ ਹੋ। ਅੱਜ ਤੋਂ ਮੈਂ ਆਪ ਜੀ ਦਾ ਮੁਰੀਦ ਹਾਂ। ਮੇਰੇ ਚੰਗੇ ਮਾੜੇ ਕਰਮਾਂ ਤੇ ਪਰਦਾ ਪਾ ਕੇ ਮੈਨੂੰ ਬਖਸ਼ ਲਵੋ ਤੇ ਆਪਣੇ ਚਰਣਾਂ ਵਿੱਚ ਥਾਂ ਦੇਵੋ। ਮੈਂ ਜਿਸ ਕਾਰਣ ਆਇਆ ਸੀ ਆਪ ਨੇ ਪਹਿਚਾਣ ਲਿਆ। ਮੈਂ ਭੁਲ ਗਿਆ ਸਾਂ, ਪਰ ਆਪ ਜੀ ਨਹੀਂ ਭੁੱਲੇ। ਬਸ ਹੁਣ ਮੈਨੂੰ ਆਪਣੇ ਚਰਣਾਂ ਨਾਲ ਜੋੜ ਲਵੋ। ਮੈਂ ਅੱਜ ਵੀ ਹਜ਼ੂਰ ਦਾ ਸੇਵਕ ਹਾਂ ਅਤੇ ਗੁਰੂ ਸਾਹਿਬ ਦੇ ਪੂਰਨਿਆਂ ਤੇ ਚੱਲ ਕੇ ਡੇਰੇ ਦੀ ਸੇਵਾ ਕਰ ਰਿਹਾ ਹਾਂ।

ਦਾਸ ਗੁਰਚਰਣ ਸਿੰਘ
(ਰੋਹਣੀ, ਦਿੱਲੀ)

## ਪਾਣੀ ਨਾਲ ਗੱਡੀ ਚਲਾਉਣਾ

ਮਹਾਰਾਜ ਦਰਸ਼ਨ ਦਾਸ ਜੀ ਦੀਆਂ ਰਹਿਮਤਾਂ ਨੂੰ ਸਮਝ ਸਕਣਾ ਬੜਾ ਔਖਾ ਹੈ। ਮਹਾਰਾਜ ਜੀ ਦਾ ਡ੍ਰਾਈਵਰ ਹੋਣ ਕਰਕੇ ਮੈਨੂੰ ਉਹਨਾਂ ਦੇ ਨਾਲ ਰਹਿ ਕੇ ਸੇਵਾ ਕਰਨ ਦਾ ਮੌਕਾ ਮਿਲਿਆ। ਮਹਾਰਾਜ ਜੀ ਦੇ ਬੇਸ਼ੁਮਾਰ ਕੌਤਕਾਂ ਦੀ ਗਵਾਹੀ ਭਰਨਾ ਮੇਰੇ ਲਈ ਬੜੇ ਮਾਣ ਦੀ ਗੱਲ ਹੈ। ਇੱਕ ਵਾਰ ਦੀ ਗੱਲ ਹੈ ਕਿ ਮਹਾਰਾਜ ਜੀ ਬਟਾਲਾ ਤੋਂ ਦਿੱਲੀ ਆ ਰਹੇ ਸਨ। ਰਾਤ ਦਾ ਸਮਾਂ ਸੀ। ਸਫਰ ਦੇ ਦੌਰਾਨ ਮਹਾਰਾਜ ਜੀ ਅਕਸਰ ਕਾਰ ਦੀ ਪਿਛਲੀ ਸੀਟ ਤੇ ਲੇਟ ਜਾਇਆ ਕਰਦੇ ਸਨ। ਉਸ ਸਮੇਂ ਵੀ ਮਹਾਰਾਜ ਜੀ ਪਿਛਲੀ ਸੀਟ ਤੇ ਅਰਾਮ ਕਰ ਰਹੇ ਸੀ। ਜਦੋਂ ਕਾਰ ਬਿਆਸ ਦੇ ਲਾਗੇ ਪਹੁੰਚੀ ਤੇ ਅਚਾਨਕ ਕਾਰ ਵਿੱਚੋਂ ਪੈਟ੍ਰੋਲ ਖ਼ਤਮ ਹੋ ਗਿਆ ਤੇ ਕਾਰ ਬੰਦ ਹੋ ਗਈ। ਦਰਅਸਲ ਮੈਂ ਬਟਾਲਾ ਤੋਂ ਚੱਲਣ ਤੋਂ ਪਹਿਲਾਂ ਹਮੇਸ਼ਾਂ ਟੈਂਕੀ ਭਰਵਾ ਕੇ ਚੱਲਦਾ ਸੀ। ਪਰ ਇਸ ਵਾਰ ਮੈਂ ਭੁੱਲ ਗਿਆ ਸੀ ਤੇ ਮੈਨੂੰ ਆਪਣੀ ਇਸ ਗਲਤੀ ਦਾ ਬੜਾ ਪਛਤਾਵਾ ਹੋਇਆ। ਜਦੋਂ ਮਹਾਰਾਜ ਜੀ ਨੇ ਪੁੱਛਿਆ ਕਿ ਕੀ ਗੱਲ ਹੈ, ਕਾਰ ਕਿਉਂ ਰੋਕ ਦਿੱਤੀ ਹੈ ਤਾਂ ਮੈਂ ਮਹਾਰਾਜ ਜੀ ਨੂੰ ਆਪਣੀ ਗਲਤੀ ਦੱਸੀ ਤੇ ਨਾਲ ਹੀ ਮਾਫੀ ਮੰਗੀ।

ਕਾਰ ਵੀ ਅਜਿਹੀ ਜਗ੍ਹਾ ਤੇ ਆ ਕੇ ਬੰਦ ਹੋਈ, ਜਿੱਥੇ ਆਲੇ-ਦੁਆਲੇ ਕਿਤੇ ਵੀ ਪੈਟ੍ਰੋਲ ਪੰਪ ਨਹੀਂ ਸੀ ਤੇ ਰਾਤ ਵੀ ਕਾਫੀ ਹੋ ਚੁੱਕੀ ਸੀ। ਮਹਾਰਾਜ ਜੀ ਨੇ ਕਿਹਾ ਕਿ ਤੂੰ ਇੱਦਾਂ ਕਰ, ਜੇ ਕੋਈ ਗੱਡੀ ਲੰਘੇ ਤਾਂ ਉਸ ਨੂੰ ਰੁਕਵਾ ਕੇ ਥੋੜ੍ਹਾ ਜਿਹਾ ਪੈਟ੍ਰੋਲ ਲੈ ਲਵੀਂ। ਮੈਂ ਕਾਫੀ ਦੇਰ ਬਾਹਰ ਸੜਕ ਤੇ ਖੜ੍ਹਾ ਰਿਹਾ ਪਰ ਕੋਈ ਗੱਡੀ ਨਾ ਆਈ। ਹਜ਼ੂਰ ਮਹਾਰਾਜ ਜੀ ਕਾਰ 'ਚੋਂ ਨਿਕਲ ਕੇ ਬਾਹਰ ਆ ਗਏ ਤੇ ਮੈਨੂੰ ਪੁੱਛਿਆ ਕਿ ਕਾਰ ਵਿੱਚ ਕੋਈ ਖਾਲੀ ਕੈਨੀ ਹੈ। ਮੈਂ ਹਾਂ ਵਿੱਚ ਜਵਾਬ ਦਿੱਤਾ। ਆਪ ਜੀ ਨੇ ਵਚਨ ਕੀਤੇ ਕਿ ਸੜਕ ਦੇ ਇਸ ਪਾਸੇ ਇੱਕ ਛੋਟਾ ਜਿਹਾ ਰਸਤਾ ਹੈ, ਜੋ ਥੱਲੇ ਨੂੰ ਉਤਰਦਾ ਹੈ ਤੇ ਉਥੇ ਇੱਕ ਛੱਪੜ ਹੈ। ਤੂੰ ਜਾ ਕੇ ਉਥੋਂ ਕੈਨੀ ਵਿਚ ਪਾਣੀ ਭਰ ਕੇ ਲਿਆ। ਸਿੱਧਾ

ਉਸ ਰਸਤੇ ਤੁਰਦਾ ਜਾਵੀਂ ਤੇ ਇਧਰ-ਉਧਰ ਨਾ ਵੇਖੀਂ। ਮਹਾਰਾਜ ਜੀ ਦੀ ਆਗਿਆ ਮੰਨ ਕੇ ਮੈਂ ਕੈਨੀ ਲੈ ਕੇ ਉਸ ਰਸਤੇ ਵਲ ਤੁਰ ਪਿਆ ਤੇ ਥੱਲੇ ਉਤਰ ਕੇ ਵੇਖਿਆ ਤਾਂ ਸੱਚਮੁਚ ਉਥੇ ਇਕ ਛੱਪੜ ਸੀ। ਮੈਂ ਉਥੋਂ ਕੈਨੀ ਭਰ ਕੇ ਵਾਪਸ ਆ ਗਿਆ। ਫਿਰ ਮਹਾਰਾਜ ਜੀ ਨੇ ਵਚਨ ਕੀਤੇ, "ਹੇ ਦਾਤਾ, ਅਸੀਂ ਆਪ ਜੀ ਦਾ ਨਾਂ ਲੈ ਕੇ ਪੈਟ੍ਰੋਲ ਦੀ ਥਾਂ ਪਾਣੀ ਪਾ ਰਹੇ ਹਾਂ ਕਿਉਂਕਿ ਸਾਡੇ ਡ੍ਰਾਈਵਰ ਨੇ ਅੱਜ ਗੱਡੀ 'ਚ ਤੇਲ ਨਹੀਂ ਪੁਆਇਆ ਤੇ ਕੋਈ ਪੈਟ੍ਰੋਲ ਪੰਪ ਵੀ ਨਹੀਂ ਖੁੱਲ੍ਹਾ ਹੈ ਤੇ ਅਸੀਂ ਜੰਗਲ ਵਿਚ ਖੜੇ ਹਾਂ। ਆਪ ਡ੍ਰਾਈਵਰ ਦੀ ਗਲਤੀ ਮਾਫ ਕਰਕੇ ਤੇ ਪਾਣੀ ਨੂੰ ਪੈਟ੍ਰੋਲ ਬਣਾ ਕੇ ਸਾਨੂੰ ਦਿੱਲੀ ਪਹੁੰਚਾ ਦਿਓ। ਇਹ ਬੇਨਤੀ ਕਰਕੇ ਮਹਾਰਾਜ ਜੀ ਨੇ ਮੈਨੂੰ ਕਿਹਾ ਕਿ ਬਚਨ, ਇਹ ਪਾਣੀ ਟੈਂਕੀ ਵਿਚ ਪਾ ਕੇ ਗੱਡੀ ਸਟਾਰਟ ਕਰ। ਮੈਂ ਮਹਾਰਾਜ ਜੀ ਦੇ ਹੁਕਮ ਦੀ ਪਾਲਣਾ ਕੀਤੀ ਤੇ ਪਾਣੀ ਟੈਂਕੀ ਵਿੱਚ ਪਾ ਕੇ ਜਦੋਂ ਗੱਡੀ ਸਟਾਰਟ ਕੀਤੀ ਤਾਂ ਗੱਡੀ ਸਟਾਰਟ ਹੋ ਗਈ ਤੇ ਅਸੀਂ ਦਿੱਲੀ ਪਹੁੰਚ ਗਏ। ਰਸਤੇ ਵਿੱਚ ਮੈਂ ਮਹਾਰਾਜ ਜੀ ਨੂੰ ਪੁੱਛਿਆ ਕਿ ਮਹਾਰਾਜ ਜੀ, ਆਪ ਇੰਨੀ ਤਾਕਤ ਦੇ ਮਾਲਿਕ ਹੋ ਕਿ ਪਾਣੀ ਨਾਲ ਗੱਡੀ ਚਲਾ ਸਕਦੇ ਹੋ ਤਾਂ ਫਿਰ ਸਾਨੂੰ ਪੈਟ੍ਰੋਲ ਪੁਆਉਣ ਦੀ ਕੀ ਲੋੜ ਹੈ? ਮਹਾਰਾਜ ਜੀ ਨੇ ਜਵਾਬ ਦਿੱਤਾ ਕਿ ਰੱਬ ਦੀ ਤਾਕਤ ਦੁਨੀਆ ਦੇ ਭਲੇ ਲਈ ਵਰਤੀ ਜਾਂਦੀ ਹੈ ਨਾ ਕਿ ਆਪਣੇ ਸੁੱਖ-ਅਰਾਮ ਲਈ।

ਹਜ਼ੂਰੀ ਡ੍ਰਾਈਵਰ ਦਾਸ ਬਚਨ

(ਬਟਾਲਾ)

## ਉਂਗਲੀ ਦੇ ਇਸ਼ਾਰੇ ਨਾਲ ਪੈਟ੍ਰੋਲ ਪਾਣਾ

ਮਹਾਰਾਜ ਜੀ ਦਾ ਇਕ ਹੋਰ ਕੌਤਕ ਮੈਨੂੰ ਵੇਖਣ ਨੂੰ ਮਿਲਿਆ ਕਿ ਇਕ ਵਾਰ ਇਸੇ ਤਰ੍ਹਾਂ ਰਸਤੇ ਵਿੱਚ ਪੈਟ੍ਰੋਲ ਮੁੱਕ ਗਿਆ ਤੇ ਕਾਰ ਬੰਦ ਹੋ ਗਈ। ਉਦੋਂ ਵੀ ਪੈਟ੍ਰੋਲ ਪੰਪ ਦੂਰ ਸੀ। ਮਹਾਰਾਜ ਜੀ ਕਾਰ'ਚੋਂ ਬਾਹਰ ਨਿਕਲ ਕੇ ਖੜੇ ਹੋ ਗਏ। ਮੈਂ ਵੇਖਿਆ ਕਿ ਜਦੋਂ ਵੀ ਕੋਈ ਗੱਡੀ ਲੰਘਦੀ ਤਾਂ ਮਹਾਰਾਜ ਜੀ ਉਸ ਵਲ ਉਂਗਲ ਨਾਲ ਇਸ਼ਾਰਾ ਕਰਦੇ ਤੇ ਆਖਦੇ, "ਚਲ ਬਈ ਇਕ ਲੀਟਰ।" ਇਸ ਤਰ੍ਹਾਂ ਚਾਰ-ਪੰਜ ਵਾਰ ਹੋਇਆ ਤੇ ਫਿਰ ਮਹਾਰਾਜ ਜੀ ਕਾਰ ਵਿਚ ਬੈਠ ਗਏ ਤੇ ਮੈਨੂੰ ਕਹਿਣ ਲੱਗੇ, ਚਲ ਹੁਣ ਗੱਡੀ ਚਲਾ। ਅੱਗੇ ਜਾ ਕੇ ਰਸਤੇ ਵਿੱਚ ਜਦੋਂ ਪੈਟ੍ਰੋਲ ਪੰਪ ਆਇਆ ਤਾਂ ਮਹਾਰਾਜ ਜੀ ਨੇ ਮੈਨੂੰ ਪੈਟ੍ਰੋਲ ਪੁਆਉਣ ਲਈ ਕਿਹਾ। ਮੈਂ ਟੈਂਕੀ ਫੁਲ ਕਰਵਾਈ। ਰਸਤੇ ਵਿੱਚ ਮੈਂ ਮਹਾਰਾਜ ਜੀ ਨੂੰ ਇਸ ਕੌਤਕ ਬਾਰੇ ਪੁੱਛਿਆ ਤਾਂ ਆਪ ਜੀ ਨੇ ਦੱਸਿਆ ਕਿ ਅਸੀਂ ਜਿਹਨਾਂ ਤੋਂ ਇਕ-ਇਕ ਲੀਟਰ ਤੇਲ ਪੁਆਇਆ ਸੀ, ਉਹਨਾਂ ਨੂੰ ਵਾਪਸ ਵੀ ਤਾਂ ਕਰਨਾ ਹੈ। ਇਹ ਤੇਲ ਹੁਣ ਉਹਨਾਂ ਦੀ ਟੈਂਕੀ ਵਿੱਚ ਚਲਾ ਗਿਆ ਹੈ। ਆਪ ਜੀ ਦੇ ਇਹ ਵਚਨ ਸੁਣ ਕੇ ਮੈਂ ਆਪ ਜੀ ਨੂੰ ਨਮਸਕਾਰ ਕੀਤੀ।

ਹਜ਼ੂਰੀ ਡ੍ਰਾਈਵਰ ਦਾਸ ਬਚਨ
(ਬਟਾਲਾ)

## ਪਰਤੱਖ ਪਰਮਾਣ

ਮਹਾਰਾਜ ਦਰਸ਼ਨ ਦਾਸ ਜੀ ਜਦੋਂ ਵੀ ਲੋਨੀ ਡੇਰੇ ਵਿਚ ਕੀਰਤਨ ਕਰਬਾਰ ਸਜਾਉਂਦੇ ਤਾਂ ਉਹਨਾਂ ਦੀ ਇਹੋ ਕੋਸ਼ਿਸ਼ ਰਹਿੰਦੀ ਸੀ ਕਿ ਸੰਗਤ ਦਾ ਹਰੇਕ ਜੀਵ ਉਸ ਅੰਮ੍ਰਿਤ ਵਰਖਾ ਦਾ ਆਨੰਦ ਲਵੇ ਤਾਂਕਿ ਉਸ ਨੂੰ ਪਰਮਾਤਮਾ ਨਾਲ ਇਕਮਿਕ ਹੋਣ ਦਾ ਮੌਕਾ ਮਿਲ ਸਕੇ।

ਜਿਸ ਦਿਨ ਦੀ ਇਹ ਘਟਨਾ ਹੈ ਉਦੋਂ ਸਰਦੀਆਂ ਦੇ ਦਿਨ ਸਨ ਤੇ ਸ਼ਾਮ ਦਾ ਵੇਲਾ ਸੀ। ਡੇਰੇ ਵਿਚ ਕਾਫੀ ਤਾਦਾਦ ਵਿਚ ਸੰਗਤ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਪਹੁੰਚੀ ਹੋਈ ਸੀ। ਲੋਨੀ ਡੇਰੇ ਵਿਚ ਰਾਮਾਇਣ ਭਵਨ ਸੀ ਜਿਸ ਦੇ ਸਾਹਮਣੇ ਹਜ਼ੂਰ ਮਹਾਰਾਜ ਜੀ ਦੀ ਗੱਦੀ ਲਗੀ ਹੋਈ ਸੀ। ਮਹਾਰਾਜ ਜੀ ਰੱਬੀ ਗਿਆਨ ਦੀ ਵਰਖਾ ਕਰਦੇ ਹੋਏ ਬਿਆਨ ਕਰ ਰਹੇ ਸਨ ਕਿ ਪਰਮਾਤਮਾ ਸਰਬਵਿਆਪੀ ਹੈ ਤੇ ਉਸ ਦੀ ਮਰਜੀ ਤੋਂ ਬਗੈਰ ਪੱਤਾ ਵੀ ਨਹੀਂ ਹਿਲ ਸਕਦਾ। ਹਜ਼ੂਰ ਮਹਾਰਾਜ ਜੀ ਦੇ ਇਹ ਵਚਨ ਸੁਣ ਕੇ ਇਕ ਸੇਵਕ ਨੇ ਬੜੀ ਹਿੰਮਤ ਕਰਦੇ ਹੋਏ ਮਹਾਰਾਜ ਜੀ ਦੇ ਚਰਣਾਂ ਵਿਚ ਬੇਨਤੀ ਕੀਤੀ ਤੇ ਕਿਹਾ ਕਿ ਮਹਾਰਾਜ ਜੀ, ਆਪ ਜੀ ਨੇ ਆਪਣੇ ਸਤਸੰਗਾਂ ਵਿਚ ਕਈ ਵਾਰ ਰੱਬ ਦੀ ਮਰਜੀ ਜਾਂ ਰੱਬ ਦੀ ਰਜ਼ਾ ਦਾ ਜਿਕਰ ਕੀਤਾ ਹੈ ਪਰ ਸਾਡੇ ਵਰਗੇ ਜੀਵਾਂ ਦੀ ਸੋਚ ਛੋਟੀ ਹੋਣ ਕਰਕੇ ਅਸੀਂ ਇਹਨਾਂ ਗੱਲਾਂ ਨੂੰ ਸਮਝ ਨਹੀਂ ਪਾਉਂਦੇ। ਸੋ ਆਪ ਕਿਰਪਾ ਕਰਕੇ ਇਸ ਬਾਰੇ ਖੁੱਲ੍ਹ ਕੇ ਬਿਆਨ ਕਰੋ ਤਾਂਕਿ ਸਾਡਾ ਭਰੋਸਾ ਹੋਰ ਮਜ਼ਬੂਤ ਹੋਵੇ ਤੇ ਸਾਡੇ ਭਰਮ ਮੁੱਕ ਜਾਣ। ਮਹਾਰਾਜ ਜੀ ਨੇ ਆਪਣੇ ਬੁੱਲਾਂ ਤੇ ਰਮਜ ਭਰੀ ਮੁਸਕਾਨ ਲਿਆਉਂਦੇ ਹੋਏ ਉਸ ਸੇਵਕ ਨੂੰ ਤੱਕਿਆ। ਕਿਹਾ ਜਾਂਦਾ ਹੈ ਕਿ ਜਦੋਂ ਵੀ ਕੋਈ ਮਹਾਂਪੁਰਖ ਮੁਸਕੁਰਾ ਦੇਵੇ ਤਾਂ ਸਮਝੋ ਕਿ ਕੋਈ ਲੀਲਾ ਜਾਂ ਕੌਤਕ ਵਾਪਰਣ ਵਾਲਾ ਹੈ।

ਦਰਬਾਰ ਸਜਿਆ ਹੋਇਆ ਸੀ। ਸੰਗਤ ਗੁਰੂ ਸਾਹਿਬ ਨੂੰ ਮੱਥਾ ਟੇਕ ਰਹੀ ਸੀ। ਇੰਨੀ ਦੇਰ ਨੂੰ ਇਕ ਸੇਵਕ ਰਾਮ ਲੁਭਾਇਆ ਮੱਥਾ ਟੇਕਣ

ਲਈ ਆਇਆ। ਉਸ ਨੇ ਕੁਰਤਾ ਪਜਾਮਾ ਤੇ ਅੱਧੀ ਬਾਹਾਂ ਦਾ ਸਵੈਟਰ ਪਾਇਆ ਹੋਇਆ ਸੀ। ਉਹ ਜਿਵੇਂ ਹੀ ਮਹਾਰਾਜ ਜੀ ਨੂੰ ਮੱਥਾ ਟੇਕਣ ਲਈ ਅੱਗੇ ਨੂੰ ਝੁਕਿਆ ਤਾਂ ਮਹਾਰਾਜ ਜੀ ਨੇ ਮੁਸਕੁਰਾਉਂਦੇ ਹੋਏ ਰਾਮ ਲੁਭਾਇਆ ਵਲ ਉਂਗਲ ਨਾਲ ਇਸ਼ਾਰਾ ਕਰਦਿਆਂ ਕਿਹਾ, ਬਸ ਪੁੱਤਰ! ਇੰਨੀ ਗੱਲ ਆਖਦਿਆਂ ਹੀ ਰਾਮ ਲੁਭਾਇਆ ਉਥੇ ਦਾ ਉਥੇ ਹੀ ਖੜਾ ਹੋ ਗਿਆ ਤੇ ਉਥੋਂ ਬਿਲਕੁਲ ਵੀ ਹਿਲ ਨਾ ਸਕਿਆ। ਮਹਾਰਾਜ ਜੀ ਦੋ ਢਾਈ ਘੰਟੇ ਤਕ ਲਗਾਤਾਰ ਕੀਰਤਨ ਕਰਦੇ ਰਹੇ ਤੇ ਉਹ ਜਿਵੇਂ ਖੜਾ ਸੀ ਉਵੇਂ ਹੀ ਬੁੱਤ ਬਣ ਕੇ ਖੜਾ ਰਿਹਾ। ਕੀਰਤਨ ਦੀ ਸਮਾਪਤੀ ਤੋਂ ਬਾਅਦ ਮਹਾਰਾਜ ਜੀ ਨੇ ਉਂਗਲ ਦੇ ਇਸ਼ਾਰੇ ਨਾਲ ਉਸ ਨੂੰ ਅਜਾਦ ਕਰ ਦਿੱਤਾ ਤੇ ਉਹ ਮਹਾਰਾਜ ਜੀ ਨੂੰ ਮੱਥਾ ਟੇਕ ਕੇ ਉਥੇ ਹੀ ਡਿੱਗ ਗਿਆ। ਮਹਾਰਾਜ ਜੀ ਨੇ ਉਸ ਸੇਵਕ ਨੂੰ, ਜਿਸ ਨੇ ਸਵਾਲ ਪੁੱਛਿਆ ਸੀ, ਉਸ ਨੂੰ ਖੜਾ ਕੀਤਾ ਤੇ ਕਿਹਾ, ਮੈਂ ਤਾਂ ਆਪਣੇ ਮਾਲਿਕ ਦਾ ਨਿਮਾਣਾ ਜਿਹਾ ਮੁਰੀਦ ਹਾਂ, ਮੇਰੇ ਇਕ ਨਿੱਕੇ ਜਿਹੇ ਇਸ਼ਾਰੇ ਨਾਲ ਇਹ ਇੰਨੀ ਦੇਰ ਤੱਕ ਹਿਲ ਨਹੀਂ ਸਕਿਆ ਤਾਂ ਸੋਚੋ ਕਿ ਜੇ ਮੇਰੇ ਮਾਲਿਕ ਦੀ ਇੱਛਾ ਹੋਵੇ ਕਿ ਪੱਤਾ ਵੀ ਨਹੀਂ ਹਿਲਣਾ ਚਾਹੀਦਾ ਤਾਂ ਉਹ ਕਿਵੇਂ ਹਿਲ ਜਾਵੇਗਾ? ਊਂਜ ਤਾਂ ਸੰਸਾਰ ਆਪਣੀ ਚਾਲੇ ਚਲੀ ਜਾ ਰਿਹਾ ਹੈ ਪਰ ਜੇ ਰੱਬ ਨਹੀਂ ਚਾਹੁੰਦਾ ਕਿ ਇਹ ਕੰਮ ਹੋਵੇ ਤਾਂ ਉਹ ਨਹੀਂ ਹੋਣ ਦਿੰਦਾ। ਉਸਦੇ ਸਿਰਫ ਸੋਚਣ ਨਾਲ ਹੀ ਉਹ ਕੰਮ ਰੁਕ ਜਾਂਦਾ ਹੈ। ਜੇ ਉਹ ਚਾਹਵੇ ਤਾਂ ਜੁਗ ਵੀ ਰੁਕ ਜਾਵੇ, ਧਰਤੀ, ਸੂਰਜ ਖੜ ਜਾਣ। ਇਹ ਤਾਂ ਰੱਬ ਦੀ ਰਚਨਾ ਹੈ ਤੇ ਇਹ ਉਸ ਦੀ ਮਰਜੀ ਨਾਲ ਹੀ ਚਲਦੀ ਹੈ। ਇੰਜ ਹਜੂਰ ਮਹਾਰਾਜ ਜੀ ਨੇ ਸਾਨੂੰ ਰੱਬੀ ਗਿਆਨ ਬਾਰੇ ਨਾ ਸਿਰਫ ਖੁੱਲ੍ਹ ਕੇ ਵਰਣਨ ਕੀਤਾ ਸਗੋਂ ਇਹ ਕੌਤਕ ਕਰਕੇ ਉਸਦਾ ਪਰਤੱਖ ਪਰਮਾਣ ਵੀ ਪੇਸ਼ ਕੀਤਾ।

ਦਾਸ ਗੁੱਜਰਮਲ
(ਰੋਹਿਣੀ, ਦਿੱਲੀ)

## ਅੰਤਰਯਾਮੀ

ਮੇਰਾ ਨਾਂ ਦਾਸ ਸੁਖਵਿੰਦਰ ਹੈ ਤੇ ਮੈਂ ਬਟਾਲਾ ਸ਼ਹਿਰ ਦਾ ਰਹਿਣ ਵਾਲਾ ਹਾਂ। ਸੰਨ 1982 ਵਿਚ ਦਾਸ ਧਰਮ ਸਥਾਪਨਾ ਦਿਵਸ ਦੇ ਮੌਕੇ ਤੇ ਮੈਂ ਪਹਿਲੀ ਵਾਰ ਲੋਨੀ ਡੇਰੇ ਆਇਆ ਸੀ। ਬਟਾਲੇ ਤੋਂ ਕਾਫੀ ਸੰਗਤ ਇਸ ਮੌਕੇ ਤੇ ਸੇਵਾ ਕਰਨ ਲਈ ਲੋਨੀ ਡੇਰੇ ਪਹੁੰਚੀ ਸੀ। ਡੇਰੇ ਵਿਚ ਲੰਗਰ ਦਾ ਇੰਤਜਾਮ ਬਹੁਤ ਵਧੀਆ ਸੀ। ਡੇਰੇ ਨੂੰ ਲਾਈਟਾਂ ਨਾਲ ਸਜਾਇਆ ਗਿਆ ਸੀ। ਰਾਤ ਨੂੰ ਡੇਰਾ ਖ਼ੂਬ ਜਗਮਗਾ ਰਿਹਾ ਸੀ।

ਭੰਡਾਰੇ ਤੋਂ ਬਾਅਦ ਮਹਾਰਾਜ ਜੀ ਅਕਸਰ ਸੰਗਤ ਨਾਲ ਲਗਾਤਾਰ ਕਾਫੀ ਸਮੇਂ ਤਕ ਬੈਠੇ ਰਹਿੰਦੇ ਸਨ। ਉਸ ਦਿਨ ਵੀ ਭੰਡਾਰੇ ਤੋਂ ਬਾਅਦ ਮਹਾਰਾਜ ਜੀ ਬਟਾਲੇ ਦੀ ਸੰਗਤ ਨਾਲ ਬੈਠੇ ਹੋਏ ਸਨ। ਸੰਗਤ ਮਹਾਰਾਜ ਜੀ ਨਾਲ ਸਵਾਲ ਜਵਾਬ ਕਰ ਰਹੀ ਸੀ। ਮੇਰੇ ਦਿਲ ਵਿਚ ਵੀ ਕਈ ਸਵਾਲ ਸਨ ਪਰ ਮੈਂ ਆਪਣੇ ਦਿਲ ਵਿਚ ਇਹ ਧਾਰਿਆ ਸੀ ਕਿ ਜੇ ਮਹਾਰਾਜ ਜੀ ਮੇਰੇ ਸਵਾਲਾਂ ਦਾ ਜਵਾਬ ਦੇਣਗੇ ਤਾਂ ਹੀ ਮੈਂ ਮੰਨਾਗਾਂ ਕਿ ਮਹਾਰਾਜ ਜੀ ਰੱਬੀ ਤਾਕਤ ਦੇ ਮਾਲਿਕ ਹਨ। ਸੰਗਤ ਦੀ ਤਾਦਾਦ ਵਧੇਰੇ ਸੀ ਤੇ ਮੇਰੇ ਦਿਮਾਗ ਵਿਚ ਇਹੋ ਗੱਲ ਘੁੰਮ ਰਹੀ ਸੀ ਕਿ ਮਹਾਰਾਜ ਜੀ ਮੈਨੂੰ ਇਕੱਲੇ ਬਿਠਾ ਕੇ ਪੁੱਛਣ ਕਿ ਦੱਸੋ ਉਹ ਕਿਹੜੇ ਸਵਾਲ ਹਨ ਜਿਹੜੇ ਤੁਸੀਂ ਪੁੱਛਣਾ ਚਾਹੁੰਦੇ ਹੋ? ਇੰਨੀ ਦੇਰ ਨੂੰ ਹਜ਼ੂਰ ਨੇ ਸੰਗਤ ਨੂੰ ਬਾਹਰ ਜਾਣ ਦਾ ਹੁਕਮ ਦਿੱਤਾ। ਜਦੋਂ ਸੰਗਤ ਜਾਣ ਲਗੀ ਤਾਂ ਮੈਂ ਸੋਚਿਆ ਕਿ ਮੈਨੂੰ ਵੀ ਕਮਰੇ ਤੋਂ ਬਾਹਰ ਜਾਣਾ ਚਾਹੀਦਾ ਹੈ। ਅਜੇ ਮੈਂ ਇਕ ਕਦਮ ਹੀ ਕਮਰੇ ਤੋਂ ਬਾਹਰ ਰੱਖਿਆ ਸੀ ਕਿ ਮਹਾਰਾਜ ਜੀ ਨੇ ਪਿੱਛੋਂ ਅਵਾਜ ਦਿੰਦਿਆਂ ਕਿਹਾ, ਮਾਸਟਰ ਜੀ, ਤੁਸੀਂ ਇਥੇ ਆਓ ਤੇ ਸਾਡੇ ਨਾਲ ਬੈਠੋ। ਮੈਂ ਹਜ਼ੂਰ ਦੇ ਚਰਣਾਂ ਵਿਚ ਬੈਠ ਗਿਆ। ਥੋੜ੍ਹੀ ਦੇਰ ਚੁੱਪ ਰਹਿਣ ਮਗਰੋਂ ਮਹਾਰਾਜ ਜੀ ਬੋਲੇ, ਪੁੱਛੋ ਮਾਸਟਰ ਜੀ! ਤੁਸੀਂ ਕੀ ਪੁੱਛਣਾ ਚਾਹੁੰਦੇ ਹੋ? ਅਜਿਹੇ ਕਿਹੜੇ ਸਵਾਲ ਹਨ ਜਿਹਨਾਂ ਕਰਕੇ ਤੁਸੀਂ ਸਾਨੂੰ ਬਟਾਲੇ ਦੀ ਸੰਗਤ ਨਾਲ ਠੀਕ ਤਰ੍ਹਾਂ ਨਾਲ ਗੱਲ ਵੀ

ਨਹੀਂ ਕਰਨ ਦਿੱਤੀ। ਤੁਸੀਂ ਜੋ ਵੀ ਪੁੱਛਣਾ ਹੈ ਪੁੱਛ ਕੇ ਆਪਣੀ ਤਸੱਲੀ ਕਰ ਲਵੋ। ਮੈਨੂੰ ਬੜੀ ਹੈਰਾਨੀ ਹੋਈ ਕਿ ਮੈਂ ਤਾਂ ਅਜੇ ਸੋਚ ਹੀ ਰਿਹਾ ਸੀ ਤੇ ਮਹਾਰਾਜ ਜੀ ਨੇ ਮੇਰੇ ਦਿਲ ਦੀ ਗੱਲ ਬੁੱਝ ਲਈ। ਮੇਰੇ ਅੰਦਰ ਬੈਰਾਗ ਪੈਦਾ ਹੋ ਗਿਆ ਤੇ ਮੈਂ ਹਜ਼ੂਰ ਦੇ ਚਰਣਾਂ ਵਿਚ ਸਿਰ ਰੱਖ ਦਿੱਤਾ।

ਮਹਾਰਾਜ ਜੀ ਨੇ ਮੈਨੂੰ ਮੋਢਿਆਂ ਤੋਂ ਫੜ ਕੇ ਖੜਾ ਕੀਤਾ ਤੇ ਕਿਹਾ, ਪੁਤੱਰ! ਕੀ ਪੁੱਛਣਾ ਚਾਹੁੰਦੇ ਹੋ? ਮੈਂ ਕਿਹਾ ਮਹਾਰਾਜ ਜੀ ਮੇਰੇ ਮਨ ਦਾ ਸ਼ੱਕ ਮਿਟ ਗਿਆ ਤੇ ਹੁਣ ਹੋਰ ਕੋਈ ਸਵਾਲ ਬਾਕੀ ਨਹੀਂ ਰਹਿ ਗਿਆ। ਮੇਰੀ ਤਸੱਲੀ ਹੋ ਗਈ ਹੈ। ਕਿਹਾ ਜਾਂਦਾ ਹੈ ਕਿਸੇ ਵੀ ਸੰਤ ਮਹਾਤਮਾ ਦੀ ਸ਼ਰਣ ਵਿਚ ਜਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਠੋਕ ਵਜਾ ਕੇ ਤਸੱਲੀ ਕਰ ਲੈਣੀ ਚਾਹੀਦੀ ਹੈ। ਬਜ਼ੁਰਗਾਂ ਦਾ ਕਹਿਣਾ ਹੈ ਕਿ ਕਿਸੇ ਵੀ ਰਸਤੇ ਤੇ ਤੁਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਵਿਚਾਰ ਕਰ ਲੈਣੀ ਚਾਹੀਦੀ ਹੈ ਤੇ ਧਾਰਣ ਕਰਨ ਤੋਂ ਬਾਅਦ ਸਭ ਕੁਝ ਉਸ ਤੇ ਹੀ ਛੱਡ ਦੇਣਾ ਚਾਹੀਦਾ ਹੈ ਤੇ ਉਸ ਤੇ ਭਰੋਸਾ ਕਰਨਾ ਚਾਹੀਦਾ ਹੈ। ਮੇਰੇ ਨਾਲ ਵੀ ਇਵੇਂ ਹੀ ਹੋਇਆ। ਉਸ ਦਿਨ ਤੋਂ ਬਾਅਦ ਮੈਂ ਮਹਾਰਾਜ ਜੀ ਨੂੰ ਆਪਣਾ ਗੁਰੂ ਧਾਰਣ ਕਰ ਲਿਆ ਤੇ ਉਹਨਾਂ ਤੇ ਪੂਰਾ ਭਰੋਸਾ ਕਰ ਕੇ ਉਹਨਾਂ ਦੀ ਸੇਵਾ ਵਿਚ ਲਗ ਗਿਆ।

ਕੁਝ ਚਿਰਾਂ ਬਾਅਦ ਮੈਨੂੰ ਫਿਰ ਲੋਨੀ ਡੇਰੇ ਜਾਣ ਦਾ ਮੌਕਾ ਮਿਲਿਆ। ਸ਼ਾਮ ਦਾ ਵੇਲਾ ਸੀ ਤੇ ਮੈਂ ਸਰੋਵਰ ਸਾਹਿਬ ਦੀ ਪਰੀਕਰਮਾ ਕਰ ਰਿਹਾ ਸੀ ਤੇ ਦਿਲ ਵਿਚ ਸੋਚ ਰਿਹਾ ਸੀ ਕਿ ਮਹਾਰਾਜ ਜੀ ਕਿੰਨੀ ਤਾਕਤ ਦੇ ਮਾਲਿਕ ਹਨ ਕਿ ਉਹ ਸਮੁੱਚੀ ਦੁਨੀਆ ਦੇ ਜੀਵਾਂ ਦੀ ਸੰਭਾਲ ਕਰਦੇ ਹਨ। ਉਧਰ ਮਹਾਰਾਜ ਜੀ ਆਪਣੇ ਕੁਝ ਸੇਵਕਾਂ ਨਾਲ ਬੈਠੇ ਹੋਏ ਸਨ ਤੇ ਉਹਨਾਂ ਨੇ ਇਕ ਸੇਵਾਦਾਰ ਨੂੰ ਇਹ ਕਹਿ ਕੇ ਮੇਰੇ ਕੋਲ ਭੇਜਿਆ ਕਿ ਉਹ ਆਦਮੀ ਜਿਹੜਾ ਸਰੋਵਰ ਸਾਹਿਬ ਦੇ ਨੇੜੇ ਘੁੰਮ ਰਿਹਾ ਹੈ, ਉਸ ਨੂੰ ਪੁੱਛੋ ਕਿ ਜੇ ਉਹ ਬਟਾਲੇ ਵਾਲਾ ਪ੍ਰੋਫੈਸਰ ਹੈ ਤਾਂ ਉਸ ਨੂੰ ਆਖੋ ਕਿ ਉਹ ਸਾਡੇ ਕੋਲ ਆਵੇ। ਮੈਂ ਸੇਵਾਦਾਰ ਨਾਲ ਮਹਾਰਾਜ ਜੀ ਦੇ ਕੋਲ ਪਹੁੰਚਿਆ। ਉਸ ਵੇਲੇ ਹਜ਼ੂਰ ਦੇ ਲਾਗੇ ਕੁਝ ਬੱਚੇ ਬੈਠੇ ਸਨ ਜਿਹਨਾਂ ਨੂੰ ਮਹਾਰਾਜ ਜੀ ਤਬਲਾ ਤੇ

ਹਾਰਮੋਨਿਯਮ ਸਿਖਾ ਰਹੇ ਸਨ। ਮਹਾਰਾਜ ਜੀ ਨੇ ਇਕ ਸੇਵਕ ਨੂੰ ਕਹਿ ਕੇ ਕੁਰਸੀ ਮੰਗਵਾਈ ਤੇ ਮੈਨੂੰ ਬੈਠਣ ਨੂੰ ਕਿਹਾ। ਮੈਂ ਕਿਹਾ ਕਿ ਮਹਾਰਾਜ ਜੀ, ਮੈਂ ਆਪ ਜੀ ਦੇ ਸਾਹਮਣੇ ਕੁਰਸੀ ਤੇ ਕਿਵੇਂ ਬੈਠ ਸਕਦਾ ਹਾਂ ਤਾਂ ਹਜ਼ੂਰ ਨੇ ਕਿਹਾ ਕਿ ਇਹ ਸਾਡਾ ਹੁਕਮ ਹੈ ਕਿ ਤੁਸੀਂ ਕੁਰਸੀ ਤੇ ਬੈਠੋ। ਮੈਂ ਉਹਨਾਂ ਦਾ ਹੁਕਮ ਮੰਨ ਕੇ ਕੁਰਸੀ ਤੇ ਬੈਠ ਗਿਆ। ਮਹਾਰਾਜ ਜੀ ਆਪਣੇ ਹੱਥਾਂ ਨਾਲ ਆਪਣੀ ਦਾੜ੍ਹੀ ਸੰਵਾਰਨ ਲਗੇ। ਹਜ਼ੂਰ ਦੀ ਦਾੜ੍ਹੀ ਬੜੀ ਸੁੰਦਰ, ਭਰਵੀਂ ਤੇ ਕਾਲੀ ਸੀ। ਮੇਰੇ ਦਿਲ ਵਿਚ ਵਿਚਾਰ ਆਇਆ ਕਿ ਇੰਨੀ ਸੋਹਣੀ ਦਾੜ੍ਹੀ ਤਾਂ ਸਿਰਫ ਰੱਬ ਦੀ ਹੀ ਹੋ ਸਕਦੀ ਹੈ। ਮੇਰੇ ਦਿਲ ਵਿਚ ਇਹ ਗੱਲ ਅਜੇ ਚਲ ਹੀ ਰਹੀ ਸੀ ਕਿ ਮਹਾਰਾਜ ਜੀ ਨੇ ਕਿਹਾ, ਹਾਂ ਪ੍ਰੋਫੈਸਰ ਸਾਹਿਬ! ਅਜਿਹੀ ਦਾੜ੍ਹੀ ਤਾਂ ਸਿਰਫ ਰੱਬ ਦੀ ਹੀ ਹੋ ਸਕਦੀ ਹੈ। ਉਹਨਾਂ ਦੀ ਇਹ ਗੱਲ ਸੁਣ ਕੇ ਮੈਂ ਚੁੱਪ ਕਰ ਗਿਆ ਤੇ ਕੁਝ ਨਹੀਂ ਬੋਲਿਆ।

ਉਸ ਤੋਂ ਬਾਅਦ ਸੰਨ 1983 ਦੀ ਗੱਲ ਹੈ ਤੇ ਮੈਂ ਬਟਾਲਾ ਡੇਰੇ ਵਿਚ ਸੀ। ਮਹਾਰਾਜ ਜੀ ਨੇ ਦਿੱਲੀ ਤੋਂ ਆਉਣਾ ਸੀ ਤੇ ਸੰਗਤ ਉਹਨਾਂ ਦਾ ਇੰਤਜਾਰ ਕਰ ਰਹੀ ਸੀ। ਸ਼ਾਮ ਦੇ ਵੇਲੇ ਜਦੋਂ ਹਜ਼ੂਰ ਮਹਾਰਾਜ ਜੀ ਡੇਰੇ ਪਹੁੰਚੇ ਤਾਂ ਉਹਨਾਂ ਨੇ ਸਾਰਿਆਂ ਦਾ ਹਾਲ ਚਾਲ ਪੁੱਛਿਆ ਤੇ ਸੰਗਤ ਨਾਲ ਗੱਲਬਾਤ ਕਰਨ ਲੱਗੇ। ਗੱਲਬਾਤ ਦੇ ਦੌਰਾਨ ਮਹਾਰਾਜ ਜੀ ਨੇ ਇਕ ਐਲਾਨ ਕੀਤਾ ਕਿ ਸਾਨੂੰ ਅੱਜ ਕੁਝ ਅਜਿਹੇ ਜੀਵ ਚਾਹੀਦੇ ਹਨ ਜਿਹੜੇ ਸਾਨੂੰ ਇਸੇ ਸਮੇਂ ਇਕ ਹਜਾਰ ਰੁਪਏ ਦੀ ਸੇਵਾ ਦੇ ਸਕਣ। ਬਦਕਿਸਮਤੀ ਨਾਲ ਉਸ ਦਿਨ ਮੇਰੀ ਜੇਬ ਵਿਚ ਇੰਨੇ ਪੈਸੇ ਨਹੀਂ ਸਨ। ਮੈਂ ਮਨ ਹੀ ਮਨ ਆਪਣੇ ਆਪ ਨੂੰ ਕੋਸਦਾ ਰਿਹਾ। ਸੰਗਤ ਵਿਚੋਂ ਬਹੁਤ ਜੀਵਾਂ ਨੇ ਉਠ ਕੇ ਮਹਾਰਾਜ ਜੀ ਨੂੰ ਸੇਵਾ ਦਿੱਤੀ ਤੇ ਮਹਾਰਾਜ ਜੀ ਉਹਨਾਂ ਦਾ ਨਾਮ ਆਪਣੀ ਡਾਇਰੀ ਵਿਚ ਲਿਖ ਰਹੇ ਸਨ। ਮੈਂ ਆਪਣੇ ਆਪ ਨੂੰ ਕੋਸਦੇ ਹੋਏ ਆਖ ਰਿਹਾ ਸੀ ਕਿ ਜੇ ਮਹਾਰਾਜ ਜੀ ਅੱਜ ਉਧਾਰ ਕਰ ਲੈਣ ਤਾਂ ਕਿੰਨਾ ਚੰਗਾ ਹੋਵੇ ਤੇ ਇੰਜ ਮੇਰਾ ਨਾਮ ਵੀ ਮਹਾਰਾਜ ਜੀ ਦੀ ਡਾਇਰੀ ਵਿਚ ਲਿਖਿਆ ਜਾਵੇ। ਜਿਹਨਾਂ ਨੇ ਸੇਵਾ ਦੇਣੀ ਸੀ ਜਦੋਂ ਉਹ ਸੇਵਾ ਦੇ ਚੁੱਕੇ ਤਾਂ ਮਹਾਰਾਜ

ਜੀ ਨੇ ਅਚਾਨਕ ਇਹ ਐਲਾਨ ਕਰ ਦਿੱਤਾ ਕਿ ਜੇ ਕਿਸੇ ਕੋਲ ਇਸ ਵੇਲੇ ਸੇਵਾ ਨਹੀਂ ਹੈ ਤਾਂ ਉਹ ਵੀ ਆਪਣਾ ਨਾਮ ਲਿਖਵਾ ਦੇਣ ਤੇ ਉਹ ਕੱਲ੍ਹ ਸੇਵਾ ਦੇ ਸਕਦੇ ਹਨ। ਮੇਰੀ ਤਾਂ ਜਿਵੇਂ ਮਨ ਦੀ ਮੁਰਾਦ ਪੂਰੀ ਹੋ ਗਈ ਤੇ ਮੈਂ ਉਸੇ ਵੇਲੇ ਉਠ ਕੇ ਸਭ ਤੋਂ ਪਹਿਲਾਂ ਆਪਣਾ ਨਾਮ ਹਜ਼ੂਰ ਦੀ ਡਾਇਰੀ ਵਿਚ ਲਿਖਵਾਇਆ।

ਉਸ ਦਿਨ ਡੇਰੇ ਵਿਚ ਮਹਾਰਾਜ ਜੀ ਨਾਲ ਬੈਠੇ ਬੈਠੇ ਕਾਫੀ ਰਾਤ ਹੋ ਗਈ ਤੇ ਮਹਾਰਾਜ ਜੀ ਨੇ ਸਾਰਿਆਂ ਨੂੰ ਹਿਦਾਇਤ ਦਿੱਤੀ ਕਿ ਕੋਈ ਵੀ ਡੇਰੇ ਨਹੀਂ ਰੁਕੇਗਾ, ਸਾਰੇ ਆਪਣੇ ਆਪਣੇ ਘਰਾਂ ਨੂੰ ਜਾਣਗੇ। ਹੁਣ ਰਾਤ ਕਾਫੀ ਹੋ ਗਈ ਸੀ ਤੇ ਮੈਂ ਸੋਚਿਆ ਕਿ ਮੈਂ ਆਪਣੀ ਛੋਟੀ ਭੈਣ ਦੇ ਘਰ ਰੁੱਕ ਜਾਂਦਾ ਹਾਂ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਹਜ਼ੂਰ ਨੇ ਮੇਰੇ ਦਿਲ ਦੀ ਗੱਲ ਸੁਣ ਲਈ ਤੇ ਹੁਕਮ ਕੀਤਾ ਕਿ ਕੋਈ ਆਪਣੇ ਰਿਸ਼ਤੇਦਾਰ ਦੇ ਘਰ ਵੀ ਨਹੀਂ ਰੁਕੇਗਾ। ਉਧਰੋਂ ਮੈਨੂੰ ਆਪਣੀ ਪਤਨੀ ਵਲੋਂ ਸਖ਼ਤ ਹਿਦਾਇਤ ਸੀ ਕਿ ਹਨੇਰਾ ਹੋਣ ਤੋਂ ਪਹਿਲਾਂ ਘਰ ਪਹੁੰਚਣਾ ਹੈ। ਜੇ ਰਾਤ ਹੋ ਜਾਵੇ ਤਾਂ ਜਿਥੇ ਹੋਵੇਂ ਉਥੇ ਹੀ ਰੁੱਕ ਜਾਣਾ ਹੈ। ਮਹਾਰਾਜ ਜੀ ਦੇ ਹੁਕਮ ਕਾਰਨ ਜਦੋਂ ਸਾਰੇ ਰਸਤੇ ਬੰਦ ਹੋ ਗਏ ਤਾਂ ਮੈਂ ਪੈਦਲ ਹੀ ਆਪਣੇ ਘਰ ਜਾਣ ਦਾ ਫੈਸਲਾ ਕੀਤਾ। ਮੇਰਾ ਘਰ ਉਥੋਂ ਦੂਰ ਸੀ। ਪੈਦਲ ਤੁਰਦਾ ਤੁਰਦਾ ਮੈਂ ਕਾਦੀਆਂ ਚੁੰਗੀ ਤਕ ਪਹੁੰਚ ਗਿਆ। ਹੁਣ ਹਜ਼ੂਰ ਦਾ ਕੌਤਕ ਵੇਖੋ ਕਿ ਨੇੜੇ ਦੇ ਹੋਟਲ ਤੇ ਰੋਟੀ ਖਾਂਦਾ ਹੋਇਆ ਇਕ ਟਰੱਕ ਡਰਾਇਵਰ ਰੋਟੀ ਛੱਡ ਕੇ ਮੇਰੇ ਕੋਲ ਆਇਆ ਤੇ ਪੁੱਛਣ ਲੱਗਾ ਕਿ ਸਰਦਾਰ ਜੀ, ਤੁਸੀਂ ਕਿਥੇ ਜਾਣਾ ਹੈ? ਮੈਂ ਉਸ ਨੂੰ ਜਵਾਬ ਦਿੱਤਾ, 'ਕਾਦੀਆਂ।' ਉਸ ਨੇ ਕਿਹਾ ਕਿ ਮੈਂ ਹਰਖੋਵਾਲ ਜਾਣਾ ਹੈ। ਮੈਂ ਦੋ ਰਾਤਾਂ ਤੋਂ ਜਾਗ ਰਿਹਾ ਹਾਂ। ਤੁਸੀਂ ਮੇਰੇ ਨਾਲ ਟਰੱਕ ਤੇ ਚਲੋ ਤੇ ਤੁਸੀਂ ਮੈਨੂੰ ਸੌਣ ਨਾ ਦੇਣਾ, ਮੈਨੂੰ ਜਗਾ ਕੇ ਰੱਖਣਾ ਕਿ ਕਿਤੇ ਮੈਨੂੰ ਨੀਂਦ ਨਾ ਆ ਜਾਵੇ। ਰੋਟੀ ਖਾ ਕੇ ਅਸੀਂ ਟੱਰਕ ਵਿਚ ਬੈਠ ਗਏ। ਮੈਂ ਰਸਤੇ ਵਿਚ ਉਸ ਨਾਲ ਰੱਬ ਦੀਆਂ ਗੱਲਾਂ ਕਰਦਾ ਰਿਹਾ ਤੇ ਉਸਨੂੰ ਜਗਾ ਕੇ ਰੱਖਿਆ। ਜਦੋਂ ਹਰਖੋਵਾਲ ਦਾ ਮੋੜ ਆਇਆ ਤਾਂ ਉਹ ਕਹਿਣ ਲਗਾ,

ਭਾਈ! ਤੁਸੀਂ ਮੈਨੂੰ ਜਗਾ ਕੇ ਰੱਖਿਆ ਹੈ, ਚਲੋ ਮੈਂ ਕਾਦੀਆਂ ਵਲੋਂ ਲੰਘ ਜਾਂਦਾ ਹਾਂ। ਕਾਦੀਆਂ ਪਹੁੰਚ ਕੇ ਉਹ ਮੈਨੂੰ ਮੇਰੇ ਘਰ ਦੇ ਕੋਲ ਛੱਡ ਕੇ ਚਲਾ ਗਿਆ। ਹੁਣ ਮੈਂ ਡਰਦੇ ਡਰਦੇ ਘਰ ਵੱਲ ਤੁਰ ਪਿਆ ਤੇ ਸੋਚਦਾ ਰਿਹਾ ਕਿ ਕਿਤੇ ਘਰਵਾਲੀ ਨਾਲ ਝਗੜਾ ਨਾ ਹੋ ਜਾਵੇ। ਮੈਂ ਮਹਾਰਾਜ ਜੀ ਅਗੇ ਅਰਦਾਸ ਕੀਤੀ ਕਿ ਮੈਨੂੰ ਘਰਵਾਲੀ ਦੀ ਝਿੜਕਾਂ ਤੋਂ ਬਚਾ ਲੈਣਾ। ਜਦੋਂ ਮੈਂ ਘਰ ਦੇ ਦਰਵਾਜੇ ਤੇ ਪਹੁੰਚਿਆ ਤਾਂ ਹੈਰਾਨੀ ਵਾਲੀ ਗੱਲ ਇਹ ਹੋਈ ਕਿ ਮੈਂ ਦਰਵਾਜੇ ਦੀ ਘੰਟੀ ਵਜਾਉਣ ਤੋਂ ਪਹਿਲਾਂ ਹੱਥ ਨਾਲ ਦਰਵਾਜਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਦਰਵਾਜਾ ਖੁੱਲ੍ਹ ਗਿਆ। ਜਦੋਂ ਮੈਂ ਘਰ ਦੇ ਅੰਦਰ ਵੜਿਆ ਤਾਂ ਦਰਵਾਜਾ ਬੰਦ ਕਰਦੇ ਹੋਏ ਥੋੜ੍ਹਾ ਜਿਹਾ ਖੜਕਾ ਹੋਇਆ। ਦਰਵਾਜੇ ਦੀ ਅਵਾਜ ਸੁਣ ਕੇ ਮੇਰੀ ਘਰਵਾਲੀ ਨੇ ਅਵਾਜ ਦਿੱਤੀ ਕਿ ਕੌਣ ਹੈ? ਮੈਂ ਕਿਹਾ ਕਿ ਮੈਂ ਹਾਂ। ਉਹ ਗੁੱਸੇ ਨਾਲ ਲਾਲ ਪੀਲੀ ਹੋਈ ਉਠ ਕੇ ਬਾਹਰ ਆਈ ਤੇ ਮੈਂ ਦਿਲ ਹੀ ਦਿਲ ਮਹਾਰਾਜ ਜੀ ਅੱਗੇ ਅਰਦਾਸ ਕਰਦਾ ਰਿਹਾ ਕਿ ਮਹਾਰਾਜ ਜੀ ਇਸ ਦਾ ਗੁੱਸਾ ਠੰਡਾ ਰੱਖਣਾ। ਉਹ ਇੰਨੇ ਗੁੱਸੇ ਵਿਚ ਸੀ ਕਿ ਕੁਝ ਬੋਲ ਨਾ ਸਕੀ ਬਸ ਗੁੱਸੇ ਵਿਚ ਪੈਰ ਮਾਰਦੀ ਹੋਈ ਦੂਜੇ ਕਮਰੇ ਵਿਚ ਜਾ ਕੇ ਸੌਂ ਗਈ। ਸਵੇਰੇ ਉਠ ਕੇ ਜਦੋਂ ਮੈਂ ਆਪਣੀ ਡਿਊਟੀ ਤੇ ਜਾਣ ਲੱਗਾ ਤਾਂ ਉਸ ਨੇ ਹਰ ਰੋਜ ਵਾਂਗ ਮੈਨੂੰ ਨਾਸ਼ਤਾ ਕਰਵਾਇਆ। ਇੰਜ ਲੱਗ ਰਿਹਾ ਸੀ ਜਿਵੇਂ ਰਾਤ ਵਾਲੀ ਗੱਲ ਉਸ ਨੂੰ ਯਾਦ ਹੀ ਨਹੀਂ ਸੀ। ਇਸ ਬਾਰੇ ਜਦੋਂ ਮੈਂ ਮਹਾਰਾਜ ਜੀ ਨੂੰ ਦੱਸਿਆ ਤਾਂ ਮਹਾਰਾਜ ਜੀ ਬਹੁਤ ਹੱਸੇ ਜਿਵੇਂ ਉਹ ਪਹਿਲਾਂ ਹੀ ਸਾਰੀ ਗੱਲ ਜਾਣਦੇ ਹੋਣ ਤੇ ਇਹ ਸਾਰਾ ਕੌਤਕ ਉਹਨਾਂ ਨੇ ਹੀ ਰਚਿਆ ਹੋਵੇ। ਮਹਾਰਾਜ ਦਰਸ਼ਨ ਦਾਸ ਜੀ ਦੀ ਤਾਕਤ ਨੂੰ ਸਮਝਣਾ ਬੜਾ ਔਖਾ ਹੈ, ਉਹਨਾਂ ਦੀ ਮਹਿਮਾ ਅਪਰਮਪਾਰ ਹੈ।

ਦਾਸ ਸੁਖਵਿੰਦਰ
(ਬਟਾਲਾ, ਪੰਜਾਬ)

## ਮਾਰਗ ਦਰਸ਼ਕ

ਮੇਰੇ ਮਹਾਰਾਜ ਜੀ ਨੂੰ ਮਿਲਣ ਤੇ ਲੋਨੀ ਡੇਰੇ ਪਹੁੰਚਣ ਦੀ ਘਟਨਾ ਬੜੀ ਅਨੋਖੀ ਹੈ। ਮੈਂ ਇਕ ਟਰੱਕ ਡਰਾਈਵਰ ਸੀ। ਮੈਂ ਮਹਾਰਾਜ ਦਰਸ਼ਨ ਦਾਸ ਨੂੰ ਨਹੀਂ ਜਾਣਦਾ ਸੀ ਤੇ ਨਾ ਹੀ ਮੈਂ ਉਹਨਾਂ ਦੇ ਬਾਰੇ ਸੁਣਿਆ ਸੀ, ਦਰਸ਼ਨ ਕਰਨ ਦੀ ਗੱਲ ਤਾਂ ਬਹੁਤ ਦੂਰ ਦੀ ਹੈ। ਮੈਨੂੰ ਲੋਨੀ ਡੇਰੇ ਬਾਰੇ ਵੀ ਕੁਝ ਪਤਾ ਨਹੀਂ ਸੀ। ਪਰ ਲਗਦਾ ਸੀ ਕਿ ਮੇਰਾ ਮਹਾਰਾਜ ਜੀ ਨਾਲ ਕੋਈ ਪਿਛਲੇ ਜਨਮਾਂ ਦਾ ਸੰਬੰਧ ਸੀ, ਇਸ ਲਈ ਮਹਾਰਾਜ ਜੀ ਨੇ ਮੈਨੂੰ ਆਪਣੇ ਨਾਲ ਮਿਲਾਉਣ ਲਈ ਮੇਰੇ ਨਾਲ ਇਹ ਕੌਤਕ ਰਚਿਆ।

ਇਹ ਮਹਾਰਾਜ ਜੀ ਨੂੰ ਮਿਲਣ ਤੋਂ ਪਹਿਲਾਂ ਦੀ ਗੱਲ ਹੈ ਕਿ ਮੇਰਾ ਕਾਰੋਬਾਰ ਠੱਪ ਪਿਆ ਸੀ। ਆਰਥਿਕ ਤੌਰ ਤੇ ਘਰ ਵਿਚ ਕਾਫੀ ਤੰਗੀ ਸੀ ਤੇ ਦੂਜਾ ਮੇਰਾ ਪੁੱਤਰ ਸੋਢੀ ਬੀਮਾਰ ਹੋ ਗਿਆ। ਉਹ ਇੰਨਾ ਬੀਮਾਰ ਹੋਇਆ ਕਿ ਉਸਦੀ ਗਰਦਨ ਇਕ ਪਾਸੇ ਲਟਕ ਗਈ, ਖ਼ੂਨ ਪਾਣੀ ਬਣਨ ਲਗ ਪਿਆ। ਉਸ ਨੂੰ ਦਿੱਲੀ ਦੇ ਕਲਾਵਤੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਸੋਢੀ ਨੂੰ ਗਲੂਕੋਸ ਲਗਿਆ ਹੋਇਆ ਸੀ। ਮੈਂ ਸਾਮ ਨੂੰ ਹਸਪਤਾਲ ਪਹੁੰਚਿਆ ਉਥੇ ਮੇਰੀ ਘਰਵਾਲੀ ਮਨਜੀਤ ਕੌਰ ਬੈਠੀ ਹੋਈ ਸੀ। ਡਾਕਟਰ ਦੇ ਰਾਊਂਡ ਤੇ ਆਉਣ ਦਾ ਸਮਾਂ ਹੋਇਆ ਤਾਂ ਨਰਸ ਨੇ ਸਾਨੂੰ ਬਾਹਰ ਜਾਣ ਲਈ ਕਿਹਾ ਤੇ ਅਸੀਂ ਬਾਹਰ ਬਗੀਚੇ ਵਿਚ ਆ ਕੇ ਬੈਠ ਗਏ। ਉਸੇ ਵੇਲੇ ਉਥੇ ਇਕ ਬੰਦਾ ਆਇਆ ਜਿਸ ਨੇ ਧਾਰੀਆਂ ਵਾਲੀ ਕਮੀਜ਼ ਤੇ ਚਿਟਾ ਪਜਾਮਾ ਪਾਇਆ ਹੋਇਆ ਸੀ। ਬਾਲ ਲੰਮੇ, ਕਾਲੇ ਤੇ ਘੁੰਘਰਾਲੇ ਸਨ। ਚਿਹਰਾ ਕਿਸੇ ਅਨੋਖੇ ਨੂਰ ਨਾਲ ਚਮਕਦਾ ਪਿਆ ਸੀ। ਉਸ ਨੇ ਮੇਰੇ ਲਾਗੇ ਆ ਕੇ ਮੈਨੂੰ ਪੁੱਛਿਆ ਕਿ ਭਾਈ, ਕਿਵੇਂ ਬੈਠੇ ਹੋ? ਮੈਂ ਕਿਹਾ, ਭਾਈ ਕੀ ਦੱਸੀਏ ਮੇਰਾ ਮੁੰਡਾ ਬੀਮਾਰ ਹੈ ਉਸ ਨੂੰ ਲੈ ਕੇ ਆਏ ਹਾਂ। ਉਸ ਬੰਦੇ ਨੇ ਕਿਹਾ ਕਿ ਤੁਸੀਂ ਉਸ ਨੂੰ ਲੋਨੀ ਲੈ ਜਾਓ, ਉਥੇ ਇਕ ਮਹਾਨ ਸੰਤ ਦਾ ਡੇਰਾ ਹੈ। ਉਥੇ ਜਾ ਕੇ ਉਹ ਠੀਕ ਹੋ ਜਾਏਗਾ। ਮੈਂ ਅੱਖਾਂ ਮੀਟ ਕੇ ਚੰਗਾ ਕਿਹਾ ਹੀ ਸੀ ਕਿ ਅੱਖਾਂ ਖੋਲ੍ਹੀਆਂ ਤਾਂ ਉਥੇ ਕੋਈ ਨਹੀਂ ਸੀ।

ਮੈਂ ਆਪਣੇ ਦਿਲ ਵਿਚ ਹੀ ਇਹ ਅਰਦਾਸ ਕੀਤੀ ਕਿ ਮੇਰਾ ਮੁੰਡਾ ਸਵੇਰ ਤੱਕ ਠੀਕ ਹੋ ਕੇ ਘਰ ਆ ਜਾਵੇ ਤਾਂ ਮੈਂ ਲੋਨੀ ਜਰੂਰ ਜਾਵਾਂਗਾ। ਇਵੇਂ ਹੀ ਹੋਇਆ, ਮੁੰਡਾ ਠੀਕ ਹੋ ਗਿਆ ਤੇ ਦੂਜੇ ਦਿਨ ਸਵੇਰੇ ਹੀ ਉਸ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ। ਦੂਜੇ ਦਿਨ ਮੈਂ ਦੋ ਰੋਟੀਆਂ ਨਾਲ ਲੈ ਕੇ ਲੋਨੀ ਜਾਣ ਲਈ ਤੁਰ ਪਿਆ।

ਲੋਕਾਂ ਕੋਲੋਂ ਲੋਨੀ ਦਾ ਰਸਤਾ ਪੁੱਛਦੇ ਪੁੱਛਦੇ ਮੈਂ ਲੋਨੀ ਡੇਰੇ ਪਹੁੰਚ ਗਿਆ। ਉਥੋਂ ਦੇ ਤੌਰ ਤਰੀਕਿਆਂ ਬਾਰੇ ਮੈਨੂੰ ਕੁਝ ਵੀ ਪਤਾ ਨਹੀਂ ਸੀ। ਸੇਵਾਦਾਰ ਜਿਵੇਂ ਮੈਨੂੰ ਕਹਿੰਦੇ ਰਹੇ ਮੈਂ ਕਰਦਾ ਰਿਹਾ। ਲੰਗਰ ਛਕਿਆ, ਜਲ ਲਿੱਤਾ, ਤਿਲਕ ਲਗਵਾਇਆ ਤੇ ਜਿਥੇ ਸਤਸੰਗ ਹੋਣਾ ਸੀ ਉਥੇ ਜਾ ਕੇ ਬੈਠ ਗਿਆ। ਉਹਨਾਂ ਦਿਨਾਂ ਵਿਚ ਸਰੋਵਰ ਅਗੇ ਚਬੂਤਰਾ ਬਣਿਆ ਸੀ ਉਥੇ ਬੈਠ ਕੇ ਮਹਾਰਾਜ ਜੀ ਸਤਸੰਗ ਕਰਦੇ ਸਨ। ਜਦੋਂ ਮਹਾਰਾਜ ਜੀ ਸਤਸੰਗ ਕਰਨ ਲਈ ਗੱਦੀ ਤੇ ਆ ਕੇ ਬੈਠੇ ਤਾਂ ਮੈਂ ਵੇਖਿਆ ਕਿ ਇਹ ਤਾਂ ਉਹੀ ਬੰਦਾ ਹੈ ਜਿਹੜਾ ਮੈਨੂੰ ਹਸਪਤਾਲ ਵਿਚ ਮਿਲਿਆ ਸੀ ਤੇ ਜਿਸ ਨੇ ਮੈਨੂੰ ਲੋਨੀ ਆਉਣ ਲਈ ਕਿਹਾ ਸੀ। ਸਤਸੰਗ ਦੀ ਸਮਾਪਤੀ ਤੋਂ ਬਾਅਦ ਮਹਾਰਾਜ ਜੀ ਕਹਿਣ ਲਗੇ ਕਿ ਜਿਹੜੇ ਪਹਿਲੀ ਵਾਰ ਆਏ ਹਨ ਉਹ ਖੜੇ ਹੋ ਜਾਣ। ਮੈਂ ਵੀ ਖੜਾ ਹੋ ਗਿਆ। ਮਹਾਰਾਜ ਜੀ ਕਹਿਣ ਲਗੇ ਕਿ ਅੱਜ ਸੰਗਤ ਵਿਚ ਇਕ ਬੰਦਾ ਆਇਆ ਹੈ ਜਿਹੜਾ ਅੱਜ ਕੁਝ ਲੈ ਕੇ ਜਾਏਗਾ। ਉਸ ਤੋਂ ਬਾਅਦ ਮਹਾਰਾਜ ਜੀ ਨੇ ਕੀਰਤਨ ਕੀਤਾ ਤੇ ਗੱਦੀ ਭੁਗਤਾਨ ਲਗੇ। ਮੈਂ ਕੀਰਤਨ ਵਿਚ ਇੰਨਾ ਲੀਨ ਹੋ ਗਿਆ ਕਿ ਮੇਰੀ ਸੁੱਧ ਬੁੱਧ ਹੀ ਗੁਆਚ ਗਈ ਤੇ ਮੈਨੂੰ ਕੁਝ ਪਤਾ ਨਾ ਲਗਿਆ। ਮੈਨੂੰ ਉਦੋਂ ਹੋਸ਼ ਆਇਆ ਜਦੋਂ ਮੈਨੂੰ ਅਵਾਜ ਦੇ ਕੇ ਬੁਲਾਇਆ ਕਿ ਭਾਈ ਸਤਨਾਮ ਸਿੰਘ ਆ ਜਾਓ। ਮੈਂ ਹੈਰਾਨ ਹੋਇਆ ਤੇ ਸੋਚਣ ਲਗਾ ਕਿ ਇਥੇ ਕੌਣ ਹੈ ਜਿਸ ਨੂੰ ਮੇਰੇ ਨਾਂ ਦਾ ਪਤਾ ਹੈ? ਮੇਰੇ ਸੋਚਣ ਦੀ ਹੀ ਦੇਰ ਸੀ ਕਿ ਮਹਾਰਾਜ ਜੀ ਬੋਲੇ, ਪੁੱਤਰ ਅਸੀਂ ਜਾਣਦੇ ਹਾਂ ਤੇ ਹੋਰ ਕੋਈ ਨਹੀਂ ਜਾਣਦਾ। ਮੈਂ ਉਠ ਕੇ ਉਹਨਾਂ ਕੋਲ ਗਿਆ ਤੇ ਜਲ ਦੀ ਬੋਤਲ ਉਹਨਾਂ ਨੂੰ ਫੜਾਈ। ਮਹਾਰਾਜ ਜੀ ਨੇ ਪੁੱਛਿਆ,

ਹਾਂ ਭਾਈ! ਕੀ ਚਾਹੀਦਾ ਹੈ? ਮੇਰੀਆਂ ਅੱਖਾਂ ਵਿਚ ਹੰਝੂ ਆ ਗਏ ਤੇ ਮੈਂ ਕਿਹਾ ਕਿ ਦਾਤਾ ਜੀ, ਆਪ ਜੀ ਕੋਲੋਂ ਕੀ ਲੁਕਿਆ ਹੈ। ਬਸ ਆਪ ਆਪਣੀ ਮਿਹਰ ਭਰੀ ਨਜਰ ਨਾਲ ਨਿਹਾਲ ਕਰ ਦੇਵੋ। ਮਹਾਰਾਜ ਜੀ ਨੇ ਮੇਰੇ ਸਿਰ ਤੇ ਹੱਥ ਰੱਖ ਕੇ ਮੈਨੂੰ ਆਸ਼ੀਰਵਾਦ ਦਿੱਤਾ। ਇਸ ਤਰਾਂ ਮੇਰਾ ਮਹਾਰਾਜ ਜੀ ਨਾਲ ਪਿਆਰ ਪੈ ਗਿਆ ਤੇ ਮੈਂ ਡੇਰੇ ਆਉਣ ਲਗ ਪਿਆ।

ਮਹਾਰਾਜ ਜੀ ਇੰਨੇ ਅੰਤਰਯਾਮੀ ਸਨ ਕਿ ਜੋ ਕੋਈ ਵੀ ਗੱਲ ਜਾਂ ਸਵਾਲ ਸਾਡੇ ਮਨ ਵਿਚ ਹੁੰਦਾ ਤਾਂ ਮਹਾਰਾਜ ਜੀ ਉਸੇ ਵੇਲੇ ਬੁੱਝ ਲੈਂਦੇ ਸਨ। ਮੇਰੇ ਨਾਲ ਵੀ ਇੱਦਾਂ ਕਈ ਬਾਰ ਹੋਇਆ। ਸੰਨ 1981 ਵਿਚ ਮਾਰਚ ਮਹੀਨੇ ਦੇ ਅਖ਼ੀਰਲੇ ਦਿਨਾਂ ਦੀ ਗੱਲ ਹੈ, ਮੈਂ ਸਤਸੰਗ ਸੁਣਨ ਲਈ ਡੇਰੇ ਗਿਆ। ਉਹਨਾਂ ਦਿਨਾਂ ਵਿਚ ਲੋਨੀ ਡੇਰੇ ਵਿਚ ਦਾਖ਼ਲ ਹੁੰਦਿਆਂ ਖੱਬੇ ਪਾਸੇ ਸੱਚਖੰਡ (ਮਹਾਰਾਜ ਜੀ ਦੇ ਰਹਿਣ ਦੀ ਥਾਂ) ਤੋਂ ਅੱਗੇ ਇਕ ਇਮਾਰਤ ਸੀ, ਜਿਸ ਨੂੰ ਰਾਮਾਇਣ ਘਰ ਆਖਦੇ ਸੀ। ਉਥੇ ਮਹਾਰਾਜ ਜੀ ਦੀ ਗੱਦੀ ਲਗਦੀ ਸੀ। ਮੈਂ ਆਪਣੀ ਕਮਾਈ ਦਾ ਦਸਵੰਦ ਲੈ ਕੇ ਮਹਾਰਾਜ ਜੀ ਦੇ ਚਰਣਾਂ ਵਿਚ ਸੌਂਪਣ ਲਈ ਜਾ ਰਿਹਾ ਸੀ। ਜਦੋਂ ਮੈਂ ਸੇਵਾ ਲੈ ਕੇ ਡੇਰੇ ਜਾ ਰਿਹਾ ਸੀ ਤਾਂ ਰਾਹ ਵਿਚ ਮੈਂ ਸੋਚ ਰਿਹਾ ਸੀ ਕਿ ਕਿੰਨਾ ਚੰਗਾ ਹੋਵੇ ਜੇ ਅੱਜ ਮਹਾਰਾਜ ਜੀ ਆਪਣੇ ਕਰ ਕਮਲਾਂ ਨਾਲ ਛੈਣੀ ਹਥੋੜੇ ਨਾਲ ਗੁੱਲਕ ਖੋਲਣ ਤੇ ਮੇਰੀ ਸੇਵਾ ਕਬੂਲ ਕਰਨ।

ਕੀਰਤਨ ਸਤਸੰਗ ਤੋਂ ਬਾਅਦ ਸੰਗਤ ਵਾਰੀ ਵਾਰੀ ਪ੍ਰਸਾਦ ਲੈਂਦੇ ਹੋਏ ਆਪਣੀ ਆਪਣੀ ਸੇਵਾ ਗੁਰੂ ਦੇ ਚਰਣਾਂ ਵਿਚ ਭੇਟਾ ਕਰ ਰਹੀ ਸੀ। ਮੈਂ ਵੀ ਆਪਣੀ ਸੇਵਾ ਗੁਰੂ ਨੂੰ ਭੇਟ ਕਰਦੇ ਹੋਏ ਗੁੱਲਕ ਵਿਚ ਪਾ ਦਿੱਤੀ। ਗੱਦੀ ਦੀ ਸਮਾਪਤੀ ਤੋਂ ਬਾਅਦ ਅਰਜੋਈ ਹੋਈ ਤੇ ਅਰਜੋਈ ਤੋਂ ਮਗਰੋਂ ਮਹਾਰਾਜ ਜੀ ਨੇ ਇਕ ਸੇਵਕ ਨੂੰ ਗੁੱਲਕ ਖੋਲਣ ਦਾ ਹੁਕਮ ਕੀਤਾ। ਫਿਰ ਅਚਾਨਕ ਉਸ ਨੂੰ ਰੁਕਣ ਲਈ ਕਿਹਾ ਤੇ ਕਿਸੇ ਹੋਰ ਸੇਵਕ ਨੂੰ ਛੈਣੀ ਹਥੋੜਾ ਲਿਆਉਣ ਲਈ ਕਿਹਾ ਤੇ ਆਪ ਗੁੱਲਕ ਖੋਲਣ ਲੱਗੇ। ਮੇਰਾ ਮਨ ਗਦ-ਗਦ ਹੋ ਗਿਆ, ਮੈਂ ਜੋ ਚਾਹੁੰਦਾ ਸੀ ਉਹ ਮੈਨੂੰ ਮਿਲ ਗਿਆ। ਗੁੱਲਕ

ਖੋਲਦੇ-ਖੋਲਦੇ ਮਹਾਰਾਜ ਜੀ ਕਹਿਣ ਲੱਗੇ ਕਿ ਮੇਰੇ ਸੇਵਕ ਦੀ ਇਹੋ ਇੱਛਾ ਸੀ। ਇੰਜ ਉਸ ਦਿਨ ਮਹਾਰਾਜ ਜੀ ਨੇ ਮੇਰੀ ਸੇਵਾ ਕਬੂਲ ਕੀਤੀ। ਮਹਾਰਾਜ ਜੀ ਅੰਤਰਯਾਮੀ ਹੋਣ ਦੇ ਨਾਲ-ਨਾਲ ਆਪਣੇ ਸੇਵਕਾਂ ਦਾ ਖ਼ਿਆਲ ਵੀ ਰੱਖਦੇ ਹਨ।

ਉਸ ਤੋਂ ਮਗਰੋਂ ਮੈਂ ਮਹਾਰਾਜ ਜੀ ਨੂੰ ਮਿਲਿਆ ਤੇ ਉਹਨਾਂ ਕੋਲੋਂ ਘਰ ਜਾਣ ਦੀ ਆਗਿਆ ਲੈਣ ਲੱਗਿਆ। ਮਹਾਰਾਜ ਜੀ ਨੇ ਕਿਹਾ ਕਿ ਤੇਰੇ ਹਜ਼ੂਰ ਤਾਂ ਇਥੇ ਬੈਠੇ ਹਨ ਤੇ ਤੂੰ ਜਾਣ ਦੀ ਆਗਿਆ ਮੰਗ ਰਿਹਾ ਹੈਂ। ਘਰ ਜਾਓ, ਆਪਣਾ ਸਮਾਨ ਚੁੱਕੋ ਤੇ ਇੱਥੇ ਡੇਰੇ ਆ ਜਾਓ। ਮੈਂ ਘਰ ਪਹੁੰਚ ਕੇ ਆਪਣੀ ਪਤਨੀ ਨਾਲ ਸਲਾਹ ਕੀਤੀ ਤੇ ਤਿੰਨ-ਚਾਰ ਦਿਨਾਂ ਬਾਅਦ ਸਮਾਨ ਲੈ ਕੇ ਡੇਰੇ ਪਹੁੰਚ ਗਿਆ। ਸ਼ਾਮ ਦਾ ਵੇਲਾ ਸੀ, ਮਹਾਰਾਜ ਜੀ ਡੇਰੇ ਵਿਚ ਰਹਿਣ ਵਾਲੇ ਪਰਿਵਾਰਾਂ ਨਾਲ ਬੈਠੇ ਹੋਏ ਸਨ। ਉਹਨਾਂ ਨੇ ਇਸ਼ਾਰਾ ਕਰਕੇ ਕਿਹਾ ਕਿ ਜਾਓ, ਉਸ ਛੱਪਰ ਵਿਚ ਜਾ ਕੇ ਆਪਣਾ ਸਮਾਨ ਰੱਖ ਦੇਓ। ਫਿਰ ਮਹਾਰਾਜ ਜੀ ਨੇ ਪੁੱਛਿਆ, ਕਿਉਂ ਭਾਈ ਕੋਈ ਨੁਕਸਾਨ ਤਾਂ ਨਹੀਂ ਹੋਇਆ? ਮੈਂ ਉਹਨਾਂ ਨੂੰ ਕਿਹਾ ਕਿ ਹੁਣ ਤਾਂ ਇਹ ਜੀਵਨ ਤੁਹਾਡੇ ਹਵਾਲੇ ਕਰ ਦਿੱਤਾ ਹੈ, ਫ਼ਾਇਦਾ ਹੋਵੇ ਜਾਂ ਨੁਕਸਾਨ, ਕੀ ਫ਼ਰਕ ਪੈਂਦਾ ਹੈ। ਇੰਨੀ ਗੱਲ ਆਖ ਕੇ ਤੇ ਮੈਂ ਆਪਣੇ ਪਰਿਵਾਰ ਨਾਲ ਲੋਨੀ ਡੇਰਾ ਸਾਹਿਬ ਵਿਖੇ ਰਹਿਣ ਲੱਗਾ।

ਮਹਾਰਾਜ ਜੀ ਸ਼ਾਮ ਵੇਲੇ ਪਿੱਛੇ ਛੱਪਰਾਂ ਵਿਚ ਰਹਿ ਰਹੇ ਸੇਵਕਾਂ ਨਾਲ ਬੈਠ ਕੇ ਰੋਜ ਕੀਰਤਨ ਕਰਦੇ ਸਨ। ਮਹਾਰਾਜ ਜੀ ਨੇ 16 ਫਰਵਰੀ 1980 ਨੂੰ ਦਾਸ ਧਰਮ ਦੀ ਸਥਾਪਨਾ ਕੀਤੀ ਅਤੇ ਸਭ ਦੇ ਭਲੇ ਲਈ ਮੁੱਖਵਾਕ ਦਿੱਤਾ, ਨਾਨਕ ਨਾਮ ਚੜ੍ਹਦੀ ਕਲਾ - ਤੇਰੇ ਭਾਣੇ ਸਰਬੱਤ ਦਾ ਭਲਾ।

ਤਕਰੀਬਨ ਮਾਰਚ 1981 ਦੀ ਗੱਲ ਹੈ, ਕੀਰਤਨ ਕਰਦਿਆਂ ਮਹਾਰਾਜ ਜੀ ਨੇ ਮੈਨੂੰ ਸਾਰਿਆਂ ਦੇ ਵਿਚ ਖੜਾ ਕਰ ਲਿਆ ਤੇ ਪੁੱਛਿਆ, ਕੀ ਤੈਨੂੰ ਦਾਸ ਧਰਮ ਕਬੂਲ ਹੈ? ਮੈਂ ਕਿਹਾ ਜੀ ਕਬੂਲ ਹੈ। ਫਿਰ ਮਹਾਰਾਜ ਜੀ ਨੇ ਪੁੱਛਿਆ, ਕੀ ਸੱਚਖੰਡ ਨਾਨਕ ਧਾਮ ਕਬੂਲ ਹੈ? ਮੈਂ ਕਿਹਾ ਜੀ

ਕਬੂਲ ਹੈ। ਫਿਰ ਮਹਾਰਾਜ ਜੀ ਮੈਨੂੰ ਕਹਿਣ ਲੱਗੇ, ਭਾਈ! ਜੇ ਅਸੀਂ ਤੇਰਾ ਨਾਂ ਬਦਲ ਕੇ ਕੁਝ ਹੋਰ ਰੱਖ ਦੇਈਏ ਤਾਂ ਤੈਨੂੰ ਕੋਈ ਹਰਜ ਤਾਂ ਨਹੀਂ। ਮੈਂ ਕਿਹਾ ਕਿ ਮਹਾਰਾਜ ਜੀ, ਹੁਣ ਤੁਹਾਡੇ ਕੋਲ ਆ ਗਏ ਹਾਂ ਤਾਂ ਫਿਰ ਸਭ ਕੁਝ ਕਬੂਲ ਹੈ, ਹਰਜ ਵਾਲੀ ਤਾਂ ਕੋਈ ਗੱਲ ਹੀ ਨਹੀਂ। ਮਹਾਰਾਜ ਜੀ ਨੇ ਕਿਹਾ ਕਿ ਠੀਕ ਹੈ, ਅੱਜ ਤੋਂ ਬਾਅਦ ਤੇਰਾ ਨਾਂ ਦਾਸ ਗੋਲਕ ਦਾਸ ਸਤਨਾਮ ਸਿੰਘ ਹੋਵੇਗਾ ਤੇ ਤੁਹਾਡੀ ਡਿਊਟੀ ਸਵੇਰੇ ਸਾਢੇ ਤਿੰਨ ਵਜੇ ਤੋਂ ਸ਼ੁਰੂ ਹੋਵੇਗੀ। ਪਹਿਲਾਂ ਦਰਬਾਰ ਸਾਹਿਬ ਤੋਂ ਵਾਕ ਲੈਣਾ, ਸੁਖਮਨੀ ਸਾਹਿਬ ਦਾ ਪਾਠ ਕਰਨਾ ਤੇ ਉਸ ਤੋਂ ਬਾਅਦ ਗੱਦੀ ਤੇ ਪਾਠ ਕਰਨਾ ਅਤੇ ਉਸ ਤੋਂ ਬਾਅਦ ਜੇ ਕੋਈ ਹੋਰ ਸੇਵਾ ਕਰੋਗੇ ਤਾਂ ਉਹ ਤੁਹਾਡਾ ਓਵਰ ਟਾਇਮ ਹੋਵੇਗਾ। ਮੈਂ ਸਤ ਬਚਨ ਕਹਿ ਕੇ ਉਹਨਾਂ ਦਾ ਹੁਕਮ ਮੰਨ ਲਿਆ ਤੇ ਦੂਜੇ ਦਿਨ ਸਵੇਰ ਤੋਂ ਹੀ ਆਪਣੀ ਡਿਊਟੀ ਸ਼ੁਰੂ ਕਰ ਦਿੱਤੀ। ਹੁਣ ਡੇਰੇ ਵਿਚ ਸਭ ਮੈਨੂੰ ਗੋਲਕ ਦਾਸ ਦੇ ਨਾਂ ਤੋਂ ਬੁਲਾਉਂਦੇ ਹਨ।

ਇਕ ਦਿਨ ਸਵੇਰ ਵੇਲੇ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਮੇਂ ਮੈਨੂੰ ਅਕਾਸਬਾਣੀ ਸੁਣਾਈ ਦਿੱਤੀ ਕਿ ਭਾਈ, ਤੂੰ ਜੇਲ੍ਹ ਜਾਣਾ ਹੈ। ਪਾਠ ਦੀ ਸਮਾਪਤੀ ਤੋਂ ਬਾਅਦ ਮੈਨੂੰ ਯਾਦ ਆਇਆ ਕਿ ਡੇਰੇ ਆਉਣ ਤੋਂ ਪਹਿਲਾਂ ਮੈਂ ਇਕ ਟਰੱਕ ਡਰਾਈਵਰ ਸੀ ਤੇ ਮੇਰੇ ਕੋਲੋਂ ਇਕ ਦੁਰਘਟਨਾ ਹੋ ਗਈ ਸੀ। ਉਸ ਵੇਲੇ ਦਾ ਇਕ ਮੁਕਦਮਾ ਅਦਾਲਤ ਵਿਚ ਚਲ ਰਿਹਾ ਸੀ। ਮੈਂ ਇਹ ਗੱਲ ਆਪਣੀ ਘਰਵਾਲੀ ਨੂੰ ਦੱਸੀ। ਦੂਜੇ ਦਿਨ ਮੇਰੀ ਅਦਾਲਤ ਵਿਚ ਤਾਰੀਖ਼ ਪੈਣੀ ਸੀ ਤੇ ਮੈਂ ਤਿਆਰ ਹੋ ਕੇ ਅਦਾਲਤ ਜਾਣ ਲੱਗਾ। ਜਾਂਦੇ-ਜਾਂਦੇ ਆਪਣੀ ਘਰਵਾਲੀ ਨੂੰ ਕਿਹਾ ਕਿ ਮੇਰੀ ਉਡੀਕ ਨਾ ਕਰੀਂ। ਉਹ ਕਹਿਣ ਲੱਗੀ ਕਿ ਤੁਸੀਂ ਇੱਦਾਂ ਕਿਉਂ ਆਖ ਰਹੇ ਹੋ? ਮੈਂ ਕਿਹਾ, ਅੱਜ ਅਦਾਲਤ ਵਿਚ ਮੇਰੀ ਹਾਜਿਰੀ ਹੈ ਤੇ ਜੱਜ ਸਾਹਿਬ ਨੇ ਮੈਨੂੰ ਜੇਲ੍ਹ ਭੇਜ ਦੇਣਾ ਹੈ। ਉਹ ਪੁੱਛਣ ਲਗੀ ਕਿ ਤੁਹਾਨੂੰ ਕਿਵੇਂ ਪਤਾ? ਮੈਂ ਜਵਾਬ ਦਿੱਤਾ ਕਿ ਮੈਨੂੰ ਮਹਾਰਾਜ ਜੀ ਨੇ ਪਹਿਲਾਂ ਹੀ ਇਸ਼ਾਰਾ ਕਰ ਦਿੱਤਾ ਹੈ। ਰਸਤੇ ਵਿਚ ਮੈਂ ਪਹਿਲਾਂ ਹੀ ਇਹ ਤੈਅ ਕਰ ਲਿਆ ਕਿ ਜਿੰਨੇ ਵੀ ਦਿਨ ਜੇਲ੍ਹ ਵਿਚ

ਰਹਾਂਗਾ, ਰੋਟੀ ਨਹੀਂ ਖਾਵਾਂਗਾ। ਰਸਤੇ ਵਿਚੋਂ ਹੀ ਅਧੱਾ ਕਿਲੋ ਭੁੱਜੇ ਛੋਲੇ ਨਾਲ ਬੰਨ੍ਹ ਲਿੱਤੇ। ਉਵੇਂ ਹੀ ਹੋਇਆ ਜਿਵੇਂ ਮੈਨੂੰ ਅਕਾਸਬਾਣੀ ਹੋਈ ਸੀ। ਤਕਰੀਬਨ ਦੁਪਹਿਰ ਦੇ ਦੋ ਵਜੇ ਮੈਨੂੰ ਅਵਾਜ ਪਈ ਤੇ ਜੱਜ ਸਾਹਿਬ ਨੇ ਮੈਨੂੰ ਜੇਲ੍ਹ ਭੇਜਣ ਦਾ ਫੈਸਲਾ ਸੁਣਾ ਦਿੱਤਾ। ਪੁਲਿਸ ਮੈਨੂੰ ਫੜ੍ਹ ਕੇ ਜੇਲ੍ਹ ਲੈ ਗਈ। ਜੇਲ੍ਹ ਵਿਚ ਮੈਨੂੰ ਰੋਟੀ ਖਾਣ ਲਈ ਦਿੱਤੀ ਪਰ ਮੈਂ ਰੋਟੀ ਖਾਣ ਤੋਂ ਮਨਾ ਕਰ ਦਿੱਤਾ। ਜੇਲ੍ਹ ਦੇ ਅਧਿਕਾਰੀ ਕਹਿਣ ਲੱਗੇ ਕਿ ਜੇ ਤੁਹਾਨੂੰ ਕੁਝ ਹੋ ਗਿਆ ਤਾਂ? ਮੈਂ ਕਿਹਾ ਕਿ ਮੈਨੂੰ ਕੁਝ ਨਹੀਂ ਹੋਣਾ ਮੇਰਾ ਮਾਲਿਕ ਮੇਰੀ ਰੱਖਿਆ ਕਰੇਗਾ।

ਉਧਰ ਡੇਰੇ ਵਿਚ ਮਹਾਰਾਜ ਜੀ ਮੇਰੀ ਘਰਵਾਲੀ ਨੂੰ ਆਖਦੇ ਕਿ ਦਾਸ ਗੋਲਕ ਦਾਸ ਭਗਤੀ ਕਰਨ ਲਈ ਭੌਰਾ ਕੱਟਣਾ ਚਾਹੁੰਦਾ ਸੀ, ਜੇਲ੍ਹ ਵਿਚ ਅਸੀਂ ਉਸ ਕੋਲੋਂ ਭੌਰਾ ਕਟਵਾ ਰਹੇ ਹਾਂ। 21 ਦਿਨਾਂ ਬਾਅਦ ਮਹਾਰਾਜ ਜੀ ਇੰਗਲੈਂਡ ਚਲੇ ਗਏ ਤੇ ਮਗਰੋਂ ਦਾਸ ਅਮਰਜੀਤ ਸਿੰਘ ਨੂੰ ਮੇਰੀ ਜਮਾਨਤ ਵਾਸਤੇ ਭੇਜ ਦਿੱਤਾ। ਜਿਸ ਵੇਲੇ ਮੈਂ ਜੇਲ੍ਹ ਤੋਂ ਬਾਹਰ ਆਇਆ ਤਾਂ ਮੇਰੇ ਚਿਹਰੇ ਦਾ ਰੰਗ ਲਾਲ ਸੀ। ਡੇਰੇ ਪਹੁੰਚਿਆ ਤਾਂ ਬਾਬਾ ਜੀ ਨੇ ਪੁੱਛਿਆ ਕਿ ਗੋਲਕ ਦਾਸ ਜੇਲ੍ਹ ਵਿਚ ਕੀ ਖਾਂਦਾ ਸੀ ਜਿਸ ਕਰਕੇ ਤੇਰਾ ਰੰਗ ਇੰਨਾ ਲਾਲ ਹੋ ਗਿਆ? ਮੈਂ ਕਿਹਾ ਕਿ ਮਹਾਰਾਜ ਜੀ ਦਾ ਨਾਮ। 21 ਦਿਨ ਤੱਕ ਜੇਲ੍ਹ ਵਿਚ ਕੋਈ ਕੰਮ ਤਾਂ ਹੈ ਨਹੀਂ ਸੀ ਇਸ ਲਈ ਹਰ ਸਮੇਂ ਨਾਮ-ਸਿਮਰਨ ਹੀ ਕਰਦਾ ਰਹਿੰਦਾ ਸੀ। ਜੇਲ੍ਹ ਤੋਂ ਆਉਣ ਤੋਂ ਬਾਅਦ ਮੈਂ ਫਿਰ ਤੋਂ ਆਪਣੀ ਡਿਊਟੀ ਕਰਨ ਲਗ ਗਿਆ।

ਅੱਜ ਮੇਰਾ ਸਰੀਰ ਤੇ ਮੇਰਾ ਨਾਂ ਇਕ ਦੂਜੇ ਦੇ ਪੂਰਕ ਹਨ। ਅੱਜ ਭਾਵੇਂ ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਸਰੀਰਕ ਤੌਰ ਤੇ ਮੌਜੂਦ ਨਹੀਂ ਹਨ, ਪਰ ਉਹਨਾਂ ਦੀ ਕਿਰਪਾ ਤੇ ਆਸ਼ੀਰਵਾਦ ਹਰ ਵੇਲੇ ਮੇਰੇ ਨਾਲ ਹੈ ਤੇ ਉਸੇ ਸਦਕੇ ਮੈਂ ਅੱਜ ਵੀ ਲੋਨੀ ਡੇਰਾ ਸਾਹਿਬ ਵਿਖੇ ਡਿਊਟੀ ਕਰ ਰਿਹਾ ਹਾਂ।

ਦਾਸ ਗੋਲਕ ਦਾਸ, (ਲੋਨੀ ਡੇਰਾ ਸਾਹਿਬ, ਉੱਤਰ ਪ੍ਰਦੇਸ)

## ਅਨਾਥਾਂ ਦੇ ਨਾਥ

ਗੱਲ ਭਾਵੇਂ ਥੋੜ੍ਹੇ ਸ਼ਬਦਾਂ ਵਿਚ ਹੀ ਲਿਖੀ ਗਈ ਹੈ ਪਰ ਇਹਨਾਂ ਥੋੜ੍ਹੇ ਸ਼ਬਦਾਂ ਵਿਚ ਹੀ ਮੇਰਾ ਸਾਰਾ ਜੀਵਨ ਹੈ। ਮੈਂ ਪਿੰਡ ਨੰਗਲਾ ਜਿਲ੍ਹਾ ਹੁਸ਼ਿਆਰਪੁਰ ਦੀ ਰਹਿਣ ਵਾਲੀ ਹਾਂ। ਮੇਰੀ ਉਮਰ ਬਹੁਤ ਛੋਟੀ ਸੀ ਜਦੋਂ ਮੇਰੀ ਮਾਂ ਅਕਾਲ ਚਲਾਣਾ ਕਰ ਗਈ ਸੀ। ਘਰ ਵਿਚ ਮੇਰੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਸੀ। ਮੇਰੇ ਪਰਿਵਾਰ ਵਾਲੇ ਮਹਾਰਾਜ ਦਰਸ਼ਨ ਦਾਸ ਜੀ ਦੇ ਸੇਵਕ ਸਨ। ਮੇਰਾ ਵੀ ਬਚਪਨ ਤੋਂ ਹੀ ਮਹਾਰਾਜ ਜੀ ਨਾਲ ਦਿਲੋਂ ਬਹੁਤ ਲਗਾਵ ਸੀ। ਮੇਰੀ ਮਾਂ ਦੀ ਮੌਤ ਹੋਣ ਤੋਂ ਪਹਿਲਾਂ ਹੀ ਮਹਾਰਾਜ ਜੀ ਨੇ ਮੈਨੂੰ ਸਭ ਕੁੱਝ ਦਿਖਾ ਦਿੱਤਾ ਸੀ ਕਿ ਇਹ ਵਾਪਰਣ ਵਾਲਾ ਹੈ ਤੇ ਤੂੰ ਡਰੀਂ ਨਾ। ਜਿਵੇਂ ਮਹਾਰਾਜ ਜੀ ਨੇ ਦੱਸਿਆ ਸੀ ਉਵੇਂ ਹੀ ਹੋਇਆ। ਮਾਂ ਦੀ ਮੌਤ ਤੋਂ ਬਾਅਦ ਮੈਂ ਘਰ ਵਿਚ ਇੱਕਲੀ ਪੈ ਗਈ। ਘਰ ਦਾ ਕੋਈ ਵੀ ਕੰਮ ਕਰਨਾ ਮੈਨੂੰ ਨਹੀਂ ਆਉਂਦਾ ਸੀ। ਸੋਚਦੀ ਸੀ ਕਿ ਜਿੰਦਗੀ ਇੰਜ ਕਿਵੇਂ ਚੱਲੇਗੀ? ਦਿਨ-ਰਾਤ ਇਹੋ ਫ਼ਿਕਰ ਲੱਗੀ ਰਹਿੰਦੀ। ਪਰ ਮਹਾਰਾਜ ਜੀ ਦੀ ਕਿਰਪਾ ਅਤੇ ਰਹਿਮਤ ਨੇ ਮੇਰੀ ਜਿੰਦਗੀ ਹੀ ਬਦਲ ਦਿੱਤੀ। ਮਹਾਰਾਜ ਜੀ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਹੁੰਦੇ ਸੂਖ਼ਮ ਰੂਪ ਵਿਚ ਰੋਜ ਮੇਰੇ ਘਰ ਆ ਕੇ ਮੈਨੂੰ ਤਾਕੀਦ ਕਰਦੇ ਕਿ ਮੈਨੂੰ ਕੀ-ਕੀ ਕਰਨਾ ਚਾਹੀਦਾ ਹੈ ਤੇ ਕਿਵੇਂ ਕਰਨਾ ਚਾਹੀਦਾ ਹੈ? ਇੱਥੋਂ ਤੱਕ ਕਿ ਕੀ ਖਾਣਾ ਹੈ, ਕੀ ਪੀਣਾ ਹੈ ਤੇ ਕਿਵੇਂ ਰਹਿਣਾ ਹੈ। ਉਠੱਣਾ-ਬੈਠਣਾ, ਖਾਣਾ-ਪੀਣਾ ਸਭ ਕੁੱਝ ਮਹਾਰਾਜ ਜੀ ਨੇ ਸਿਖਾਇਆ। ਇਕ ਕੁੜੀ ਨੂੰ ਜੋ ਉਸਦੀ ਮਾਂ ਸਿਖਾਉਂਦੀ ਹੈ, ਉਹ ਸਭ ਮਹਾਰਾਜ ਜੀ ਨੇ ਮੈਨੂੰ ਮਾਂ ਬਣ ਕੇ ਸਿਖਾਇਆ। ਇੱਥੋਂ ਤੱਕ ਕਿ ਆਟਾ ਗੁੰਨ੍ਹਣਾ, ਸਬਜੀ ਬਣਾਉਣਾ ਤੇ ਚੁੱਲ੍ਹਾ ਬਾਲਣਾ ਆਦਿ। ਦੂਜੇ ਦਿਨ ਹੋਣ ਵਾਲੀ ਕਿਸੇ ਵੀ ਗੱਲ ਬਾਰੇ ਮਹਾਰਾਜ ਜੀ ਸੂਖ਼ਮ ਰੂਪ ਵਿਚ ਆ ਕੇ ਮੈਨੂੰ ਪਹਿਲਾਂ ਹੀ ਦੱਸ ਜਾਂਦੇ ਸਨ। ਜਿਵੇਂ ਦੂਜੇ ਦਿਨ ਘਰ ਵਿਚ ਕਿਹੜੇ-ਕਿਹੜੇ ਪ੍ਰੌਹਣਿਆਂ ਨੇ ਆਉਣਾ ਹੈ ਤੇ ਉਹਨਾਂ ਨੂੰ ਕੀ-ਕੀ

ਬਣਾ ਕੇ ਦੇਣਾ ਹੈ, ਸਭ ਕੁੱਝ ਇਕ ਦਿਨ ਪਹਿਲਾਂ ਹੀ ਮਹਾਰਾਜ ਜੀ ਮੈਨੂੰ ਦੱਸ ਦਿੰਦੇ ਸਨ। ਜੇ ਕੰਮ ਕਰਦੇ ਕਰਦੇ ਮੈਂ ਕੁੱਝ ਭੁੱਲ ਵੀ ਜਾਂਦੀ ਤਾਂ ਮਹਾਰਾਜ ਜੀ ਆਪ ਮੇਰਾ ਉਹ ਕੰਮ ਕਰ ਦਿੰਦੇ ਤਾਂਕਿ ਘਰ ਵਾਲਿਆਂ ਕੋਲੋਂ ਮੈਨੂੰ ਝਿੜਕਾਂ ਨਾ ਪੈਣ। ਮਹਾਰਾਜ ਜੀ ਸਵੇਰੇ ਮੈਨੂੰ ਆਪ ਅਵਾਜ ਦੇ ਕੇ ਜਗਾਉਂਦੇ। ਜੇ ਰਾਤ ਨੂੰ ਮੈਂ ਕੋਈ ਕੰਮ ਭੁੱਲ ਜਾਂਦੀ ਤਾਂ ਦੂਜੇ ਦਿਨ ਉਹ ਕੰਮ ਕੀਤਾ ਹੋਇਆ ਮਿਲਦਾ।

ਮਹਾਰਾਜ ਜੀ ਨੇ ਮੈਨੂੰ ਅਨਾਥ ਨੂੰ ਨਾਥ ਬਣ ਕੇ ਪਾਲਿਆ ਹੈ। ਅੱਜ ਮੇਰਾ ਵਿਆਹ ਹੋ ਚੁੱਕਿਆ ਹੈ ਤੇ ਮੇਰੇ ਦੋ ਬੱਚੇ ਹਨ। ਮੈਂ ਆਪਣੇ ਬੱਚਿਆਂ ਨੂੰ ਵੀ ਇਹੋ ਸਿੱਖਿਆ ਦਿੰਦੀ ਹਾਂ ਕਿ ਮਹਾਰਾਜ ਜੀ ਸਾਰਿਆਂ ਦੇ ਨਾਥ ਹਨ ਤੇ ਉਹਨਾਂ ਦੀ ਸਿੱਖਿਆ ਤੇ ਚੱਲਣ ਨਾਲ ਹੀ ਜੀਵਨ ਵਿਚ ਤਰੱਕੀ ਕੀਤੀ ਜਾ ਸਕਦੀ ਹੈ। ਉਹਨਾਂ ਦੀ ਸਿੱਖਿਆ ਤੇ ਚੱਲ ਕੇ ਜੀਵ ਨੇਕ ਬਣਦਾ ਹੈ ਤੇ ਜਿੰਦਗੀ ਵਿਚ ਆਪਣੇ ਮਕਸਦ ਨੂੰ ਹਾਸਿਲ ਕਰਦੇ ਹੋਏ ਪਰਮ ਪਿਤਾ ਪਰਮਾਤਮਾ ਨਾਲ ਜੁੜਦਾ ਹੈ।

ਦਾਸ ਨਿੱਕੀ
(ਜਲੰਧਰ, ਪੰਜਾਬ)

## ਅੰਦਰਲੀ ਅਵਾਜ਼ ਨੂੰ ਸੁਣਨ ਵਾਲੇ

ਮੇਰਾ ਨਾਂ ਦਾਸ ਨਰਿੰਦਰ ਕੌਰ ਹੈ। ਮੈਂ ਵਾਲਸਲ, ਇੰਗਲੈਂਡ ਦੀ ਰਹਿਣ ਵਾਲੀ ਹਾਂ। ਸਾਡਾ ਸਾਰਾ ਪਰਿਵਾਰ ਮਹਾਰਾਜ ਦਰਸ਼ਨ ਦਾਸ ਜੀ ਦਾ ਸੇਵਕ ਹੈ। ਜਿਸ ਸਮੇਂ ਮੈਂ ਮਹਾਰਾਜ ਦਰਸ਼ਨ ਦਾਸ ਜੀ ਨੂੰ ਮਿਲੀ ਉਦੋਂ ਮੈਂ ਬਹੁਤ ਛੋਟੀ ਸੀ। ਮੇਰੀ ਮੰਮੀ ਬਹੁਤ ਬੀਮਾਰ ਰਹਿੰਦੇ ਸਨ। ਉਹ ਮੰਜੇ ਤੋਂ ਉਠ ਨਹੀਂ ਸਕਦੇ ਸਨ। ਮੇਰੇ ਡੈਡੀ ਜੀ ਨੇ ਉਹਨਾਂ ਦਾ ਬਹੁਤ ਇਲਾਜ ਕਰਵਾਇਆ ਪਰ ਉਹ ਠੀਕ ਨਹੀਂ ਸੀ ਹੁੰਦੇ। ਫਿਰ ਕਿਸੇ ਆਦਮੀ ਨੇ (ਜੋ ਮਹਾਰਾਜ ਜੀ ਦਾ ਸੇਵਕ ਸੀ) ਮੇਰੇ ਡੈਡੀ ਜੀ ਨੂੰ ਮਹਾਰਾਜ ਜੀ ਬਾਰੇ ਦੱਸਿਆ ਕਿ ਬਰਮਿੰਘਮ ਵਿਚ ਇਕ ਸੰਤ ਹਨ ਜੋ ਸਾਰਿਆਂ ਦੇ ਦੁੱਖ ਦੂਰ ਕਰਦੇ ਹਨ। ਉੱਥੇ ਉਹਨਾਂ ਦਾ ਡੇਰਾ ਹੈ, ਤੁਸੀਂ ਆਪਣੀ ਘਰਵਾਲੀ ਨੂੰ ਉੱਥੇ ਲੈ ਜਾਓ। ਉਹ ਸਿਰਫ਼ ਜਲ ਤੇ ਪ੍ਰਸਾਦ ਦਿੰਦੇ ਹਨ। ਡੈਡੀ ਜੀ ਉਹਨਾਂ ਦੀ ਗੱਲ ਮੰਨ ਕੇ ਮਹਾਰਾਜ ਜੀ ਕੋਲ ਗਏ, ਉਹਨਾਂ ਨੂੰ ਮਿਲੇ ਤੇ ਉਥੋਂ ਜਲ ਤੇ ਪ੍ਰਸਾਦ ਲੈ ਕੇ ਆਏ। ਫਿਰ ਤਿੰਨ-ਚਾਰ ਵਾਰੀ ਮੰਮੀ ਡੈਡੀ ਡੇਰੇ ਗਏ ਤੇ ਜਲ ਅਤੇ ਪ੍ਰਸਾਦ ਲਿਆਂਦਾ। ਜਲ ਪੀਣ ਨਾਲ ਤੇ ਪ੍ਰਸਾਦ ਖਾਣ ਨਾਲ ਮੰਮੀ ਨੂੰ ਕੁੱਝ ਫ਼ਰਕ ਪੈਣ ਲੱਗਾ ਤਾਂ ਹੁਣ ਮੰਮੀ ਡੈਡੀ ਅਕਸਰ ਡੇਰੇ ਜਾਣ ਲੱਗੇ ਅਤੇ ਫਿਰ ਮੈਨੂੰ ਅਤੇ ਮੇਰੀ ਭੈਣ ਦੋਹਾਂ ਨੂੰ ਵੀ ਡੇਰੇ ਲੈ ਜਾਣ ਲੱਗੇ। ਹੌਲੀ-ਹੌਲੀ ਮੰਮੀ ਬਿਲਕੁਲ ਠੀਕ ਹੋ ਗਈ।

ਉਦੋਂ ਮੈਂ ਬਹੁਤ ਛੋਟੀ ਸੀ ਪਰ ਮੰਮੀ ਜੀ ਸਾਨੂੰ ਮਹਾਰਾਜ ਜੀ ਦੇ ਕੌਤਕ ਦੱਸਦੇ ਹੁੰਦੇ ਸਨ ਕਿ ਮਹਾਰਾਜ ਜੀ ਦੀ ਜੇਬ ਤਾਂ ਖਾਲੀ ਹੁੰਦੀ ਪਰ ਸੰਗਤ ਨੂੰ ਜੇਬ ਵਿਚੋਂ ਪੈਸੇ ਕੱਢ ਕੱਢ ਕੇ ਦਿੰਦੇ ਹੁੰਦੇ ਸੀ। ਉਹਨਾਂ ਨੇ ਚਿੱਟੇ ਰੰਗ ਦਾ ਕੁਰਤਾ ਪਾਇਆ ਹੁੰਦਾ ਜਿਸ ਵਿਚੋਂ ਬਨੈਣ ਸਾਫ਼ ਨਜਰ ਆਉਂਦੀ ਸੀ। ਜਿਸ ਤੋਂ ਪਤਾ ਲਗਦਾ ਸੀ ਕਿ ਜੇਬ ਵਿਚ ਕੋਈ ਪੈਸਾ ਨਹੀਂ ਹੈ। ਖਾਲੀ ਜੇਬ ਵੀ ਸਾਫ਼ ਦਿਸਦੀ ਪਰ ਪਤਾ ਨਹੀਂ ਪੈਸੇ ਕਿਥੋਂ ਆਉਂਦੇ ਸੀ ਜਿਹੜੇ ਉਹ ਕੱਢ-ਕੱਢ ਕੇ ਸੰਗਤ ਨੂੰ ਦਿੰਦੇ ਹੁੰਦੇ ਸੀ।

ਇਕ ਵਾਰ ਦੀ ਗੱਲ ਹੈ ਕਿ ਡੇਰੇ ਵਿਚ ਭੰਡਾਰਾ ਸੀ ਤੇ ਮੇਰੇ ਡੈਡੀ ਜੀ ਸੇਵਾ ਕਰ ਰਹੇ ਸਨ। ਡੈਡੀ ਜੀ ਇਕ ਸੇਵਕ ਦਾ ਸਵੈਟਰ ਦੇਖ ਕੇ ਕਹਿਣ ਲੱਗੇ ਕਿ ਤੇਰਾ ਸਵੈਟਰ ਬੜਾ ਸੋਹਣਾ ਹੈ। ਉਸ ਨੇ ਦੱਸਿਆ ਕਿ ਇਹ ਸਵੈਟਰ ਮੈਨੂੰ ਮਹਾਰਾਜ ਜੀ ਨੇ ਦਿੱਤਾ ਹੈ। ਡੈਡੀ ਜੀ ਦੇ ਦਿਲ ਵਿਚ ਵਿਚਾਰ ਆਇਆ ਕਿ ਮਹਾਰਾਜ ਜੀ ਨੇ ਮੈਨੂੰ ਤਾਂ ਕਦੇ ਕੁੱਝ ਨਹੀਂ ਦਿੱਤਾ। ਇੰਨੀ ਗੱਲ ਆਪਣੇ ਮਨ ਵਿਚ ਸੋਚ ਕੇ ਡੈਡੀ ਜੀ ਸੇਵਾ ਕਰਨ ਲਗ ਪਏ। ਉਸ ਸਮੇਂ ਉਹ ਲੰਗਰ ਘਰ ਵਿਚ ਜਲ ਦੀ ਸੇਵਾ ਕਰ ਰਹੇ ਸਨ। ਜਦੋਂ ਮਹਾਰਾਜ ਜੀ ਲੰਗਰ ਛਕਣ ਲਈ ਆਏ ਤੇ ਉਥੇ ਜਦੋਂ ਹੱਥ ਧੋਣ ਲੱਗੇ ਜਿੱਥੇ ਡੈਡੀ ਜੀ ਸੇਵਾ ਕਰ ਰਹੇ ਸਨ ਤਾਂ ਹੱਥ ਧੋਂਦਿਆਂ ਮਹਾਰਾਜ ਜੀ ਦੀ ਲੋਈ ਹੇਠਾਂ ਡਿੱਗ ਪਈ। ਮਹਾਰਾਜ ਜੀ ਨੇ ਲੋਈ ਚੁੱਕੀ ਤੇ ਆਪਣੇ ਉੱਤੇ ਦੁਬਾਰਾ ਲੈ ਲਈ ਪਰ ਲੋਈ ਦੁਬਾਰਾ ਫਿਰ ਡਿੱਗ ਪਈ। ਮਹਾਰਾਜ ਜੀ ਨੇ ਫਿਰ ਚੁੱਕੀ ਪਰ ਜਦੋਂ ਤੀਜੀ ਵਾਰ ਫਿਰ ਲੋਈ ਹੇਠਾਂ ਡਿੱਗੀ ਤਾਂ ਮਹਾਰਾਜ ਜੀ ਉਹ ਲੋਈ ਡੈਡੀ ਜੀ ਨੂੰ ਦਿੰਦੇ ਹੋਏ ਕਹਿਣ ਲੱਗੇ, ਇਹ ਲੈ, ਤੂੰ ਕਹਿੰਦਾ ਸੀ ਕਿ ਤੈਨੂੰ ਠੰਡ ਲੱਗ ਰਹੀ ਹੈ, ਇਹ ਲੋਈ ਤੂੰ ਰੱਖ ਲੈ। ਇੰਨੀ ਗੱਲ ਆਖ ਕੇ ਮਹਾਰਾਜ ਜੀ ਨੇ ਉਹ ਲੋਈ ਮੇਰੇ ਡੈਡੀ ਜੀ ਨੂੰ ਦੇ ਦਿੱਤੀ ਤੇ ਡੈਡੀ ਜੀ ਦੇ ਮਨ ਦੀ ਇੱਛਾ ਉਸੇ ਵੇਲੇ ਪੂਰੀ ਕਰ ਦਿੱਤੀ। ਮਹਾਰਾਜ ਜੀ ਦੀ ਉਹ ਲੋਈ ਅੱਜ ਵੀ ਮੇਰੀ ਮੰਮੀ ਕੋਲ ਪਈ ਹੈ।

ਦਾਸ ਨਰਿੰਦਰ ਕੌਰ
(ਇੰਗਲੈਂਡ)

# ਅਕਾਸ ਮੰਡਲ ਤੋਂ ਪ੍ਰਸਾਦ ਦਾ ਮਿਲਣਾ

ਮੇਰਾ ਨਾਂ ਦਾਸ ਕਿਰਪਾਲ ਸਿੰਘ ਹੈ ਅਤੇ ਮੈਂ ਕੁਮਹਾਰ ਮੰਡੀ, ਲੁਧਿਆਣਾ ਦਾ ਰਹਿਣ ਵਾਲਾ ਹਾਂ। ਮੇਰਾ ਛੋਟਾ ਭਰਾ ਅਕਸਰ ਬੀਮਾਰ ਰਹਿੰਦਾ ਸੀ ਤੇ ਉਹੀ ਮਹਾਰਾਜ ਦਰਸ਼ਨ ਦਾਸ ਜੀ ਨੂੰ ਮਿਲਣ ਦਾ ਕਾਰਨ ਬਣਿਆ ਸੀ। ਇਹ ਸੰਨ 1982 ਦੀ ਗੱਲ ਹੈ। ਅਸੀਂ 18 ਬੰਦੇ ਵਿਸਾਖੀ ਦੇ ਭੰਡਾਰੇ ਤੇ ਲੁਧਿਆਣਾ ਤੋਂ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਪਹਿਲੀ ਵਾਰ ਲੋਨੀ ਡੇਰੇ ਗਏ ਸੀ। ਉਦੋਂ ਮਹਾਰਾਜ ਜੀ ਇੰਗਲੈਂਡ ਗਏ ਹੋਏ ਸੀ ਤੇ ਮਹਾਰਾਜ ਜੀ ਦੁਆਰਾ ਸਜਾਏ ਬਾਬਾ ਜੀ (ਦਾਸ ਜੀ) ਨੇ ਸਤਿਸੰਗ ਕੀਤਾ। ਸਤਿਸੰਗ ਤੋਂ ਬਾਅਦ ਪ੍ਰਸਾਦ ਲੈ ਕੇ ਅਸੀਂ ਵਾਪਸ ਆਉਣ ਦੀਆਂ ਤਿਆਰੀਆਂ ਕਰ ਰਹੇ ਸੀ ਤਾਂ ਸੰਗਤ ਦੇ ਇਕ ਜੀਵ ਨੇ ਸਾਨੂੰ ਕਿਹਾ ਕਿ ਅਜੇ ਮਹਾਰਾਜ ਜੀ ਦੀ ਗੱਦੀ ਦੇ ਸੁੱਖਾਸਨ ਤੋਂ ਪਹਿਲਾਂ ਸੰਗਤ ਕੀਰਤਨ ਦੇ ਰੂਪ ਵਿਚ ਸਰੋਵਰ ਸਾਹਿਬ ਦੀ ਪਰਿਕਰਮਾ ਕਰਦੇ ਹੋਏ ਫੇਰੀ ਕੱਢੇਗੀ। ਉਸ ਤੋਂ ਬਾਅਦ ਤੁਸੀਂ ਦਰਬਾਰ ਸਾਹਿਬ ਮੱਥਾ ਟੇਕ ਕੇ ਤੇ ਬਾਬਾ ਜੀ ਨੂੰ ਮਿਲ ਕੇ ਜਾਣਾ। ਅਸੀਂ ਸਾਰੇ ਫੇਰੀ ਵਿਚ ਸਾਮਿਲ ਹੋਏ ਤੇ ਗੱਦੀ ਦੇ ਸੁੱਖਾਸਨ ਤੋਂ ਬਾਅਦ ਬਾਬਾ ਜੀ ਨੂੰ ਮਿਲਣ ਲਈ ਉਹਨਾਂ ਦੇ ਦਫ਼ਤਰ ਦੇ ਬਾਹਰ ਖੜੇ ਹੋ ਕੇ ਉਡੀਕ ਕਰਨ ਲੱਗੇ। ਅਸੀਂ ਪਹਿਲੀ ਵਾਰ ਡੇਰੇ ਆਏ ਸੀ ਇਸ ਲਈ ਸਾਨੂੰ ਡੇਰੇ ਦੇ ਤੌਰ-ਤਰੀਕਿਆਂ ਬਾਰੇ ਕੁੱਝ ਵੀ ਪਤਾ ਨਹੀਂ ਸੀ। ਇਸੇ ਦੌਰਾਨ ਮੇਰੀ ਘਰਵਾਲੀ ਨੇ ਮੈਨੂੰ ਕਿਹਾ ਕਿ ਮੈਂ ਬਾਥਰੂਮ ਜਾਣਾ ਹੈ, ਮੈਂ ਚਲੀ ਜਾਂਵਾਂ? ਮੈਂ ਉਸਨੂੰ ਕਿਹਾ ਕਿ ਇੱਥੇ ਸਾਨੂੰ ਕੋਈ ਨਹੀਂ ਜਾਣਦਾ ਤੇ ਜੇ ਤੂੰ ਬਾਥਰੂਮ ਚਲੀ ਗਈ ਤੇ ਮਗਰੋਂ ਬਾਬਾ ਜੀ ਨੇ ਜੇ ਸਾਨੂੰ ਬੁਲਾ ਲਿਆ ਤਾਂ ਤੂੰ ਬਾਬਾ ਜੀ ਨੂੰ ਮਿਲਣ ਤੋਂ ਰਹਿ ਜਾਵੇਂਗੀ ਤੇ ਫਿਰ ਸਾਨੂੰ ਦੁਬਾਰਾ ਕਿਸੇ ਨੇ ਮਿਲਣ ਨਹੀਂ ਦੇਣਾ। ਪੰਜ ਮਿੰਟ ਬਾਅਦ ਮੇਰੀ ਘਰਵਾਲੀ ਨੇ ਮੈਨੂੰ ਦੁਬਾਰਾ ਕਿਹਾ ਕਿ ਮੈਂ ਦਰਬਾਰ ਸਾਹਿਬ ਮੱਥਾ ਟੇਕ ਕੇ ਪ੍ਰਸਾਦ ਲੈ ਆਵਾਂ? ਮੈਂ ਉਸਨੂੰ ਜਾਣ ਲਈ ਫਿਰ ਮਨ੍ਹਾ ਕਰ ਦਿੱਤਾ। ਅਸੀਂ

ਦੋਵੇਂ ਅੱਖਾਂ ਬੰਦ ਕਰਕੇ ਤੇ ਹੱਥ ਜੋੜ ਕੇ ਖੜੇ ਹੋ ਗਏ ਅਤੇ ਦਿਲ ਹੀ ਦਿਲ ਵਿਚ ਅਰਦਾਸ ਕਰਨ ਲੱਗੇ। ਉਸੇ ਵੇਲੇ ਸਾਡੇ ਨਾਲ ਇਕ ਕੌਤਕ ਵਾਪਰਿਆ ਕਿ ਜਦੋਂ ਅਸੀਂ ਦਰਬਾਰ ਸਾਹਿਬ ਦੀ ਬਿਲਡਿੰਗ ਹੇਠਾਂ ਅਰਦਾਸ ਕਰ ਰਹੇ ਸੀ ਤਾਂ ਅਕਾਸ ਤੋਂ ਦੋ ਹੱਥ ਮੇਰੇ ਵੱਲ ਵਧੇ ਤੇ ਮੇਰੇ ਹੱਥਾਂ ਤੇ ਗਰਮ-ਗਰਮ ਕੜਾਹ ਪ੍ਰਸਾਦ ਪਾ ਕੇ ਅਲੋਪ ਹੋ ਗਏ ਤੇ ਨਾਲ ਹੀ ਇਹ ਅਕਾਸਬਾਣੀ ਹੋਈ ਕਿ ਇਹ ਪ੍ਰਸਾਦ ਲੁਧਿਆਣਾ ਤੋਂ ਆਏ ਜੀਵਾਂ ਨੂੰ ਵੰਡ ਦਿਓ।

ਉਸ ਤੋਂ ਬਾਅਦ ਬਾਬਾ ਜੀ ਨੇ ਸਾਨੂੰ ਮਿਲਣ ਵਾਸਤੇ ਆਪਣੇ ਦਫ਼ਤਰ ਵਿਚ ਬੁਲਾ ਲਿਆ। ਮੈਂ ਉਹਨਾਂ ਨੂੰ ਇਸ ਕੌਤਕ ਬਾਰੇ ਦੱਸਿਆ ਤਾਂ ਉਹ ਵੀ ਹੈਰਾਨ ਹੋ ਗਏ ਤੇ ਕਹਿਣ ਲੱਗੇ ਕਿ ਮਹਾਰਾਜ ਜੀ ਅਥਾਹ ਤਾਕਤ ਦੇ ਮਾਲਕ ਹਨ ਤੇ ਉਹ ਕਿਸੇ ਤੇ ਵੀ ਦਿਆਲ ਹੋ ਸਕਦੇ ਹਨ। ਇਹ ਗੱਲ ਤੁਹਾਡੇ ਤੇ ਉਹਨਾਂ ਦੇ ਵਿਚਕਾਰ ਦੀ ਹੈ। ਬਾਬਾ ਜੀ ਨਾਲ ਗੱਲ ਕਰਨ ਤੋਂ ਬਾਅਦ ਅਸੀਂ ਸਾਰੇ ਦਰਬਾਰ ਸਾਹਿਬ ਮੱਥਾ ਟੇਕਣ ਗਏ ਤੇ ਉਥੋਂ ਪ੍ਰਸਾਦ ਲੀਤਾ। ਹੈਰਾਨੀ ਵਾਲੀ ਗੱਲ ਇਹ ਸੀ ਕਿ ਜਿਹੜਾ ਕੜਾਹ ਪ੍ਰਸਾਦ ਸਾਨੂੰ ਅਕਾਸ ਮੰਡਲ ਤੋਂ ਮਿਲਿਆ ਸੀ ਉਹ ਗਰਮ ਸੀ। ਜਦੋਂ ਮੈਂ ਪਹਿਲੀ ਵਾਰ ਲੋਨੀ ਡੇਰੇ ਗਿਆ ਇਹ ਘਟਨਾ ਮੇਰੇ ਨਾਲ ਉਦੋਂ ਵਾਪਰੀ ਸੀ, ਜਿਸਨੂੰ ਮੈਂ ਜ਼ਿੰਦਗੀ ਵਿਚ ਕਦੇ ਵੀ ਭੁਲਾ ਨਹੀਂ ਸਕਦਾ ਅਤੇ ਅਜਿਹਾ ਪ੍ਰਸਾਦ ਲੈਣ ਦਾ ਮੈਨੂੰ ਦੁਬਾਰਾ ਮੌਕਾ ਮਿਲੇ ਤੇ ਮੈਂ ਇਹ ਇੱਛਾ ਵੀ ਹਮੇਸ਼ਾ ਕਰਦਾ ਰਹਾਂਗਾ।।

ਦਾਸ ਕਿਰਪਾਲ ਸਿੰਘ
(ਲੁਧਿਆਣਾ, ਪੰਜਾਬ)

## ਪਰੀਖਿਆ ਤੋਂ ਇਕ ਦਿਨ ਪਹਿਲਾਂ ਪ੍ਰਸ਼ਨ-ਪੱਤਰ ਦਾ ਦਿਖਾਣਾ

ਅੱਜ ਮੇਰੀ ਉਮਰ 44 ਸਾਲ ਦੀ ਹੈ ਪਰ ਮਹਾਰਾਜ ਦਰਸ਼ਨ ਦਾਸ ਜੀ ਨਾਲ ਜੁੜੀਆਂ ਘਟਨਾਵਾਂ ਦੀ ਯਾਦ ਇਵੇਂ ਹੈ ਜਿਵੇਂ ਕੱਲ੍ਹ ਦੀ ਹੀ ਗੱਲ ਹੋਵੇ। ਇਹ ਬੜੇ ਇਤਫ਼ਾਕ ਦੀ ਗੱਲ ਹੈ ਕਿ ਮੇਰੇ ਗੁਰੂ ਮਹਾਰਾਜ ਦਰਸ਼ਨ ਦਾਸ ਜੀ ਦੇ ਮਾਤਾ-ਪਿਤਾ ਦਾ ਨਾਂ ਮਾਤਾ ਚੰਨਣ ਦੇਈ ਤੇ ਪਿਤਾ ਜਗਨਨਾਥ ਜੀ ਹੈ ਅਤੇ ਮੇਰੇ ਦਾਦਾ-ਦਾਦੀ ਦਾ ਵੀ ਇਹੋ ਨਾਮ ਸੀ। ਮੇਰੇ ਦਾਦਾ-ਦਾਦੀ ਇਸ ਵੇਲੇ ਦੁਨੀਆ ਵਿਚ ਨਹੀਂ ਹਨ ਤੇ ਮੇਰੇ ਪਿਤਾ ਜੀ ਦੀ ਮੌਤ ਵੀ ਦਸੰਬਰ, 1971 ਵਿਚ ਹੋ ਗਈ ਸੀ। ਉਸ ਸਮੇਂ ਮੈਂ 9 ਸਾਲ ਦਾ ਸੀ। ਮੇਰਾ ਆਪਣੇ ਦਾਦਾ-ਦਾਦੀ ਨਾਲ ਬਹੁਤ ਪਿਆਰ ਸੀ ਪਰ ਮੇਰੀ ਮੰਮੀ ਉਤੇ ਪੇਕੇ ਘਰ ਦਾ ਜਿਆਦਾ ਅਸਰ ਸੀ। ਇਸ ਲਈ ਮੇਰੇ ਪਿਤਾ ਜੀ ਦੀ ਮੌਤ ਤੋਂ ਬਾਅਦ ਮੇਰੀ ਮੰਮੀ ਆਪਣੇ ਭਰਾਵਾਂ ਨਾਲ ਬਟਾਲਾ ਵਿਚ ਰਹਿੰਦੇ ਤੇ ਮੈਂ ਆਪਣੇ ਦਾਦਾ ਜੀ ਕੋਲ ਗੁਰਦਾਸਪੁਰ ਵਿਚ।

ਇਹ ਘਟਨਾ 1973 ਦੀ ਹੈ ਜਦੋਂ ਮੈਂ ਗੁਰਦਾਸਪੁਰ ਦੇ ਸਰਕਾਰੀ ਸਕੂਲ ਵਿਚ ਛੇਵੀਂ ਜਮਾਤ ਵਿਚ ਪੜ੍ਹਦਾ ਸੀ। ਪਰਿਵਾਰ ਵਿਚ ਮੈਂ ਇਕਲੋਤਾ ਪੁੱਤਰ ਸੀ, ਪਿਓ ਦਾ ਸਾਇਆ ਵੀ ਸਿਰ ਤੇ ਨਹੀਂ ਸੀ। ਇਸ ਲਈ ਸਾਰੇ ਮੈਨੂੰ ਬਹੁਤ ਪਿਆਰ ਕਰਦੇ ਸਨ ਤੇ ਸੁਭਾਵਿਕ ਸੀ ਕਿ ਮੈਨੂੰ ਕੁੱਝ ਗਲਤ ਆਦਤਾਂ ਵੀ ਪੈ ਗਈਆਂ। ਮੈਂ ਬਹੁਤ ਜਿੱਦੀ ਹੋ ਗਿਆ ਸੀ। ਮੇਰੀ ਮੰਮੀ ਨੂੰ ਮੇਰੀ ਬਹੁਤ ਫ਼ਿਕਰ ਰਹਿੰਦੀ ਅਤੇ ਉਹ ਮੈਨੂੰ ਮਿਲਣ ਦੀ ਕੋਸ਼ਿਸ਼ ਵੀ ਕਰਦੇ ਸੀ ਪਰ ਮੈਨੂੰ ਉਹਨਾਂ ਨਾਲ ਮਿਲਣ ਦੀ ਕਦੇ ਕੋਈ ਇੱਛਾ ਨਹੀਂ ਸੀ। ਇਸੇ ਜਦੋ-ਜਹਿਦ ਵਿਚ ਇਕ ਦਿਨ ਮੇਰੀ ਮੰਮੀ ਮਹਾਰਾਜ ਜੀ ਨੂੰ ਨਾਲ ਲੈ ਕੇ ਮੈਨੂੰ ਮਿਲਣ ਮੇਰੇ ਸਕੂਲ ਆਏ। ਮਹਾਰਾਜ ਜੀ ਨੇ ਉਸ ਸਮੇਂ ਅਸਮਾਨੀ ਰੰਗ ਦੀ ਟੀ-ਸ਼ਰਟ ਤੇ ਪੈਂਟ ਪਾਈ ਹੋਈ ਸੀ। ਮੈਨੂੰ ਕਲਾਸ ਵਿਚੋਂ ਬੁਲਾਇਆ ਗਿਆ ਕਿ ਤੁਹਾਡਾ ਕੋਈ ਰਿਸਤੇਦਾਰ ਤੁਹਾਨੂੰ ਮਿਲਣ ਆਇਆ ਹੈ। ਮੰਮੀ ਨੂੰ ਵੇਖਦੇ ਹੀ ਮੇਰਾ ਪਾਰਾ ਸੱਤਵੇਂ ਅਸਮਾਨ ਤੇ ਚੜ੍ਹ

ਗਿਆ ਤੇ ਮੈਂ ਦੋਹਾਂ ਵਿਚੋਂ ਕਿਸੇ ਨੂੰ ਵੀ ਸਿੱਧੇ ਮੂੰਹ ਨਾਲ ਨਹੀਂ ਬੁਲਾਇਆ। ਜਾਣ ਲੱਗਿਆਂ ਮਹਾਰਾਜ ਜੀ ਮੈਨੂੰ ਪਿਆਰ ਨਾਲ ਫੜ ਕੇ ਦੋ ਰੁਪਏ ਦੇਣ ਲੱਗੇ ਪਰ ਮੈਂ ਮਨ੍ਹਾ ਕਰਦਾ ਰਿਹਾ ਤੇ ਮੈਂ ਲਏ ਵੀ ਨਹੀਂ। ਮਹਾਰਾਜ ਜੀ ਨੇ ਕਿਹਾ, "ਪੁੱਤਰ! ਸਾਡੇ ਵੱਲ ਵੇਖ, ਅੱਜ ਤੂੰ ਸਾਡੇ ਕੋਲੋਂ ਦੋ ਰੁਪਏ ਨਹੀਂ ਲੈ ਰਿਹਾ ਪਰ ਆਉਣ ਵਾਲੇ ਸਮੇਂ ਵਿਚ ਤੂੰ ਸਾਡੇ ਕੋਲੋਂ ਲੈ ਕੇ ਹੀ ਖਾਣਾ ਹੈ।" ਉਹਨਾਂ ਦੀ ਗੱਲ ਅਣਸੁਣੀ ਕਰ ਕੇ ਮੈਂ ਵਾਪਸ ਆਪਣੀ ਕਲਾਸ ਵਿਚ ਚਲਾ ਗਿਆ।

ਦੋ ਤਿੰਨ ਦਿਨਾਂ ਬਾਅਦ ਮੇਰੇ ਮੰਮੀ ਫਿਰ ਮੈਨੂੰ ਮਿਲਣ ਲਈ ਆਏ। ਇਸ ਵਾਰ ਉਹ ਇੱਕਲੇ ਸਨ। ਮੈਨੂੰ ਕਲਾਸ ਵਿਚੋਂ ਬੁਲਾਇਆ ਗਿਆ। ਹਰ ਵਾਰ ਦੀ ਤਰ੍ਹਾਂ ਮੰਮੀ ਨੂੰ ਵੇਖ ਕੇ ਮੈਨੂੰ ਚੰਗਾ ਨਹੀਂ ਲੱਗਿਆ। ਮੰਮੀ ਦੇ ਹੱਥ ਵਿਚ ਇਕ ਰੁਮਾਲ ਸੀ। ਜਦੋਂ ਮੈਂ ਉਹਨਾਂ ਦੇ ਨੇੜੇ ਗਿਆ ਤੇ ਆਉਣ ਦਾ ਕਾਰਨ ਪੁੱਛਿਆ ਤਾਂ ਉਹਨਾਂ ਨੇ ਉਹ ਰੁਮਾਲ ਫ਼ਟਾਫ਼ਟ ਮੇਰੇ ਸਿਰ ਤੇ ਫੇਰਨ ਦੀ ਕੋਸ਼ਿਸ਼ ਕੀਤੀ। ਥੋੜ੍ਹਾ ਜਿਹਾ ਰੁਮਾਲ ਮੇਰੇ ਸਿਰ ਤੇ ਫੇਰ ਵੀ ਦਿੱਤਾ ਤੇ ਮੈਂ ਆਪਣੇ ਆਪ ਨੂੰ ਬਚਾਉਂਦਾ ਹੋਇਆ ਵਾਪਿਸ ਕਲਾਸ ਵਿਚ ਦੌੜ ਗਿਆ।

ਸਕੂਲ ਤੋਂ ਬਾਅਦ ਜਦੋਂ ਮੈਂ ਘਰ ਗਿਆ ਤਾਂ ਸਾਰੀ ਗੱਲ ਮੈਂ ਆਪਣੇ ਘਰ ਵਿਚ ਦੱਸੀ ਤੇ ਕਿਹਾ ਕਿ ਮੈਨੂੰ ਕੁੱਝ ਅਜੀਬ ਜਿਹਾ ਮਹਿਸੂਸ ਹੋ ਰਿਹਾ ਹੈ। ਮੈਂ ਅਗਲੇ ਦਿਨ ਬਟਾਲਾ ਜਾਣ ਦੀ ਇੱਛਾ ਜਾਹਿਰ ਕੀਤੀ। ਸਾਰੇ ਹੈਰਾਨ ਹੋ ਗਏ ਕਿ ਜਿਹੜੀ ਗੱਲ ਪਿਛਲੇ 11 ਸਾਲਾਂ ਤੋਂ ਮੇਰੇ ਮੂੰਹ ਵਿਚੋਂ ਨਹੀਂ ਨਿਕਲੀ ਸੀ, ਅੱਜ ਅਚਾਨਕ ਇਹ ਬਦਲਾਵ ਕਿਵੇਂ? ਦੂਜੇ ਦਿਨ ਬਟਾਲਾ ਪਹੁੰਚ ਕੇ ਤੇ ਮੰਮੀ ਨੂੰ ਨਾਲ ਲੈ ਕੇ ਮੈਂ ਸਿੱਧਾ ਮਹਾਰਾਜ ਜੀ ਦੇ ਘਰ ਪਹੁੰਚਿਆ। ਉਸ ਸਮੇਂ ਮਹਾਰਾਜ ਜੀ ਗੱਦੀ ਤੇ ਬੈਠੇ ਸਨ। ਮੈਨੂੰ ਦੇਖਦਿਆਂ ਹੀ ਮਹਾਰਾਜ ਜੀ ਕਹਿਣ ਲੱਗੇ ਕਿ ਕੱਲ੍ਹ ਕਿੰਨੇ ਰੁਪਏ ਜਿੱਤੇ? ਇਹ ਸੁਣ ਕੇ ਮੈਂ ਹੈਰਾਨ ਰਹਿ ਗਿਆ ਕਿ ਇਹ ਗੱਲ ਮਹਾਰਾਜ ਜੀ ਨੂੰ ਕਿਵੇਂ ਪਤਾ ਲੱਗੀ। ਦਰਅਸਲ ਮੈਨੂੰ ਇਕ ਬੁਰੀ ਆਦਤ ਪੈ ਚੁੱਕੀ ਸੀ ਕਿ ਮੈਂ ਹਰ ਇਕ

ਖੇਡ ਪੈਸੇ ਲਾ ਕੇ ਖੇਡਦਾ ਸੀ। ਮਹਾਰਾਜ ਜੀ ਨੇ ਕਿਹਾ, "ਪੁੱਤਰ! ਇਹ ਇਕ ਤਰ੍ਹਾਂ ਦਾ ਜੂਆ ਹੈ ਤੇ ਜੂਆ ਖੇਡਣਾ ਚੰਗੀ ਗੱਲ ਨਹੀਂ ਹੈ।" ਮਹਾਰਾਜ ਜੀ ਦੀ ਕਿਰਪਾ ਨਾਲ ਮੇਰੀ ਇਹ ਬੁਰੀ ਆਦਤ ਛੁੱਟ ਗਈ ਤੇ ਮੈਂ ਦਿਲ ਲਾ ਕੇ ਪੜ੍ਹਾਈ ਕਰਨ ਲੱਗਾ।

ਇਹ ਸੰਨ 1976 ਦੀ ਗੱਲ ਹੈ। ਮੈਂ ਨੌਵੀਂ ਕਲਾਸ ਵਿਚ ਪੜ੍ਹਦਾ ਸੀ ਅਤੇ 9 ਮਾਰਚ ਤੋਂ ਮੇਰੀ ਸਲਾਨਾ ਪਰੀਖਿਆਵਾਂ ਸ਼ੁਰੂ ਹੋਣੀਆਂ ਸੀ ਤੇ ਮੈਂ ਮਹਾਰਾਜ ਜੀ ਕੋਲੋਂ ਰਹਿਮਤ ਮੰਗਣ ਲਈ ਉਹਨਾਂ ਕੋਲ 2 ਮਾਰਚ 1976 ਵਾਲੇ ਦਿਨ ਗਿਆ। ਮੈਂ ਮਹਾਰਾਜ ਜੀ ਅੱਗੇ ਕਿਰਪਾ ਕਰਨ ਲਈ ਬੇਨਤੀ ਕੀਤੀ। ਮਹਾਰਾਜ ਜੀ ਕਹਿਣ ਲੱਗੇ ਕਿ 4 ਮਾਰਚ ਨੂੰ ਸਾਡਾ ਵਿਆਹ ਹੈ ਤੇ ਤੂੰ ਘਰ ਨਹੀਂ ਜਾਣਾ ਸਗੋਂ ਸਾਡੇ ਵਿਆਹ ਵਿਚ ਸ਼ਾਮਲ ਹੋਣਾ ਹੈ। ਮੈਂ ਕਿਹਾ ਕਿ ਮਹਾਰਾਜ ਜੀ, ਮੇਰੀ ਤਾਂ 9 ਮਾਰਚ ਤੋਂ ਸਲਾਨਾ ਪਰੀਖਿਆਵਾਂ ਸ਼ੁਰੂ ਹਨ ਤੇ ਮੈਂ ਪੜ੍ਹਾਈ ਵੀ ਕਰਨੀ ਹੈ, ਦੂਜਾ ਮੇਰੇ ਕੋਲ ਵਿਆਹ ਵਿਚ ਪਾਉਣ ਲਈ ਕਪੜੇ ਵੀ ਨਹੀਂ ਹਨ। ਮਹਾਰਾਜ ਜੀ ਮੈਨੂੰ ਉਸੇ ਵੇਲੇ ਬਜਾਰ ਲੈ ਗਏ ਤੇ ਬਟਾਲਾ ਦੇ ਚੱਕਰੀ ਬਜਾਰ ਵਿਚ ਹੀ ਮੇਰੇ ਨਾਨਾ ਜੀ ਦੀ ਕਪੜਿਆਂ ਦੀ ਦੁਕਾਨ ਤੋਂ ਪੈਂਟ ਦਾ ਕਪੜਾ ਦਿਵਾਇਆ ਤੇ ਇਕ ਸੇਵਕ ਬਾਬਾ ਨਸੀਬ ਜੀ ਨੂੰ ਉਸੇ ਦਿਨ ਬੁਲਾ ਕੇ ਮੇਰੀ ਪੈਂਟ ਸਿਲਵਾਈ।

ਮੈਂ ਮਹਾਰਾਜ ਜੀ ਅੱਗੇ ਫਿਰ ਬੇਨਤੀ ਕੀਤੀ ਕਿ ਮੈਂ ਕਦੋਂ ਪੜ੍ਹਾਂਗਾ ਤੇ ਕਿਵੇਂ ਪਾਸ ਹੋਵਾਂਗਾ? ਮਹਾਰਾਜ ਜੀ ਨੇ ਕਿਹਾ ਕਿ ਇਹ ਸਾਡੀ ਜਿੰਮੇਵਾਰੀ ਹੈ। ਮੈਂ ਸੋਚਿਆ ਕਿ ਜੇ ਮਹਾਰਾਜ ਜੀ ਕਹਿ ਰਹੇ ਹਨ ਤਾਂ ਠੀਕ ਹੈ। ਮਹਾਰਾਜ ਜੀ ਦਾ ਵਿਆਹ ਬੜੀ ਧੂਮ-ਧਾਮ ਨਾਲ ਹੋਇਆ। ਵਿਆਹ ਦੇ ਦੂਜੇ ਦਿਨ ਮੁਕਲਾਵਾ ਸੀ ਤੇ ਮਹਾਰਾਜ ਜੀ ਮੈਨੂੰ ਵੀ ਆਪਣੇ ਨਾਲ ਲੈ ਗਏ। ਰਾਤ ਨੂੰ ਸੌਣ ਤੋਂ ਪਹਿਲਾਂ ਮਾਤਾ ਜੀ (ਮਹਾਰਾਜ ਜੀ ਦੀ ਸੱਸ) ਮਹਾਰਾਜ ਜੀ ਨੂੰ ਪੁੱਛਣ ਲੱਗੇ ਕਿ ਪੁੱਤਰ, ਇਸਦਾ (ਮੇਰਾ) ਬਿਸਤਰਾ ਕਿੱਥੇ ਲਾਉਣਾ ਹੈ? ਮਹਾਰਾਜ ਜੀ ਨੇ ਜਵਾਬ ਦਿੱਤਾ, "ਇਹ ਤਾਂ ਸਾਡਾ ਥੈਲਾ ਹੈ ਤੇ ਇਹਦਾ ਮੰਜਾ ਵੀ ਸਾਡੇ ਮੰਜੇ ਦੇ ਨਾਲ ਹੀ ਲਗਾ ਦਿਓ।" ਮਾਤਾ ਜੀ ਬੜੇ

ਹੈਰਾਨ ਹੋਏ। ਮੇਰੀ ਆਦਤ ਸੀ ਕਿ ਮੈਂ ਮਹਾਰਾਜ ਜੀ ਦੇ ਮੰਜੇ ਦੇ ਹੇਠਾਂ ਹੀ ਸੌਂਦਾ ਹੁੰਦਾ ਸੀ।

ਖ਼ੈਰ, ਮੇਰੀ ਸਲਾਨਾ ਪਰੀਖਿਆਵਾਂ ਸ਼ੁਰੂ ਹੋ ਗਈਆਂ। ਇਹ ਗੱਲ ਬੜੀ ਹੈਰਾਨ ਕਰਨ ਵਾਲੀ ਹੈ ਕਿ ਪਰੀਖਿਆ ਤੋਂ ਇਕ ਦਿਨ ਪਹਿਲਾਂ ਮੇਰੀਆਂ ਅੱਖਾਂ ਦੇ ਸਾਹਮਣੇ ਅਗਲੇ ਦਿਨ ਦਾ ਸਾਰਾ ਪ੍ਰਸ਼ਨ-ਪੱਤਰ ਆ ਜਾਂਦਾ ਸੀ ਤੇ ਮੈਂ ਉਹੀ ਸਭ ਯਾਦ ਕਰ ਲੈਂਦਾ ਸੀ। ਸਾਰੀਆਂ ਪਰੀਖਿਆਵਾਂ ਇਵੇਂ ਹੀ ਹੋਈਆਂ। ਜਦੋਂ ਨਤੀਜਾ ਆਇਆ ਤਾਂ ਸਾਰੇ ਹੈਰਾਨ ਹੋ ਗਏ ਕਿ ਮੈਂ ਨੌਵੀਂ ਕਲਾਸ ਵਿਚ ਅਵੱਲ ਆਇਆ ਸੀ।

ਗੁਰੂ ਸੇਵਕ ਨੂੰ ਦੱਸੇ ਬਗੈਰ ਜਾਂ ਉਸ ਦੇ ਕਹੇ ਬਗੈਰ ਹੀ ਕਿਰਪਾ ਕਰ ਦਿੰਦਾ ਹੈ। ਅੱਜ ਮੈਂ ਆਪਣੀ ਪਤਨੀ ਤੇ ਬੱਚਿਆਂ ਨਾਲ ਰੋਹਿਣੀ ਡੇਰੇ ਵਿਚ ਰਹਿ ਰਿਹਾ ਹਾਂ ਅਤੇ ਮਹਾਰਾਜ ਜੀ ਦੇ ਬਚਨਾਂ ਦੇ ਮੁਤਾਬਿਕ ਉਹਨਾਂ ਕੋਲੋਂ ਮੰਗ ਕੇ ਭਾਵ ਉਹਨਾਂ ਦੇ ਦਰਬਾਰ ਵਿਚ ਸੇਵਾ ਕਰਕੇ ਆਪਣਾ ਜੀਵਨ ਗੁਜਾਰ ਰਿਹਾ ਹਾਂ। ਇੰਜ ਮਹਾਰਾਜ ਜੀ ਦੇ ਮੁੱਖ ਤੋਂ ਨਿਕਲਿਆ ਇਕ-ਇਕ ਸਬਦ ਪੱਥਰ ਦੀ ਲਕੀਰ ਹੈ, ਜੋ ਹਮੇਸ਼ਾ ਸੱਚ ਹੋਇਆ ਹੈ ਤੇ ਜਿਸਨੂੰ ਕੋਈ ਵੀ ਬਦਲ ਨਹੀਂ ਸਕਿਆ ਹੈ।

ਦਾਸ ਗੁੱਜਰਮੱਲ (ਬਿੱਟਾ)
(ਰੋਹਿਣੀ ਡੇਰਾ, ਦਿੱਲੀ)

## ਸਟੋਵ ਦੇ ਬਹਾਨੇ ਦੁੱਖ ਦੂਰ ਕਰਨਾ

ਮੈਂ ਜਲੰਧਰ ਦੀ ਰਹਿਣ ਵਾਲੀ ਹਾਂ ਤੇ ਮੇਰਾ ਨਾਂ ਊਸ਼ਾ ਹੈ। ਮੈਂ ਦਾਸ ਕੁੰਦਨ ਲਾਲ ਦੀ ਧੀ ਹਾਂ। ਮੇਰੇ ਪਿਤਾ ਜੀ ਮਹਾਰਾਜ ਦਰਸ਼ਨ ਦਾਸ ਜੀ ਦੇ ਸੇਵਕ ਉਸ ਸਮੇਂ ਤੋਂ ਸਨ ਜਦੋਂ ਮਹਾਰਾਜ ਜੀ ਨੂੰ 1971 ਵਿਚ ਬਸਤੀ ਸ਼ੇਖ਼, ਜਲੰਧਰ ਵਿਚ ਰੱਬੀ ਜੋਤ ਮਿਲੀ ਸੀ। ਰੱਬੀ ਪ੍ਰਚਾਰ ਕਰਨ ਲਈ ਮਹਾਰਾਜ ਜੀ ਦੀ ਗੱਦੀ ਸਾਡੇ ਘਰ ਲੱਗਦੀ ਸੀ। ਮਹਾਰਾਜ ਜੀ ਨੇ ਸਾਡੇ ਘਰ ਨੂੰ ਹਮੇਸ਼ਾ ਆਪਣੇ ਘਰ ਵਰਗਾ ਸਮਝਿਆ। ਜਦੋਂ ਮੈਂ ਪਹਿਲੀ ਵਾਰ ਮਹਾਰਾਜ ਦਰਸ਼ਨ ਦਾਸ ਜੀ ਦੇ ਦਰਸ਼ਨ ਕੀਤੇ ਸੀ ਉਦੋਂ ਮਹਾਰਾਜ ਜੀ ਮੇਰੀ ਦਾਦੀ ਜੀ ਦੀ ਮੌਤ ਦਾ ਅਫ਼ਸੋਸ ਕਰਨ ਲਈ ਸਾਡੇ ਘਰ ਆਏ ਸਨ। ਉਸ ਸਮੇਂ ਉਹਨਾਂ ਨੇ ਸਿਲਕ ਦਾ ਕੁਰਤਾ ਤੇ ਪੈਂਟ ਪਾਈ ਹੋਈ ਸੀ। ਮੇਰੀ ਮੰਮੀ ਨੇ ਮੈਨੂੰ ਕਿਹਾ ਕਿ ਜਾ, ਬਾਬਾ ਜੀ ਲਈ ਚਾਹ ਬਣਾ ਕੇ ਲੈ ਆ। ਮੈਂ ਆਪਣੇ ਮਨ ਵਿਚ ਸੋਚਿਆ ਕਿ ਇਹ ਕੋਈ ਬਾਬਾ ਜੀ ਹਨ, ਇਹਨਾਂ ਨੇ ਤਾਂ ਕੁਰਤਾ ਤੇ ਪੈਂਟ ਪਾਈ ਹੋਈ ਹੈ। ਉਸੇ ਵੇਲੇ ਮਹਾਰਾਜ ਜੀ ਨੇ ਮੈਨੂੰ ਕਿਹਾ, 'ਪੁੱਤਰ! ਬਾਣੀ ਵੇਖੀਦੀ ਹੈ, ਬਾਣਾ ਨਹੀਂ।' ਰਸੋਈ ਵਿਚ ਜਾ ਕੇ ਮੈਂ ਆਪਣੀ ਮੰਮੀ ਨੂੰ ਕਿਹਾ ਕਿ ਇਹ ਗੱਲ ਤਾਂ ਮੈਂ ਆਪਣੇ ਮਨ ਵਿਚ ਹੀ ਸੋਚੀ ਸੀ ਤੇ ਬਾਬਾ ਜੀ ਨੂੰ ਕਿਵੇਂ ਪਤਾ ਲੱਗੀ? ਮੰਮੀ ਨੇ ਕਿਹਾ ਕਿ ਬਾਬਾ ਜੀ ਅੰਤਰਯਾਮੀ ਹਨ, ਇਹ ਸਭ ਕੁੱਝ ਜਾਣਦੇ ਹਨ।

ਇਕ ਵਾਰ ਦੀ ਗੱਲ ਹੈ, ਮਹਾਰਾਜ ਜੀ ਸਾਡੇ ਘਰ ਆਏ। ਮੈਂ ਸਟੋਵ ਤੇ ਉਹਨਾਂ ਲਈ ਚਾਹ ਬਣਾਉਣ ਲੱਗੀ ਤਾਂ ਮਹਾਰਾਜ ਜੀ ਨੇ ਮੇਰੇ ਹੱਥਾਂ ਵਿਚੋਂ ਸਟੋਵ ਲੈ ਲਿਆ ਤੇ ਉਸਦਾ ਪੁਰਜਾ-ਪੁਰਜਾ ਖੋਲ੍ਹ ਦਿੱਤਾ। ਮੈਂ ਉਹਨਾਂ ਨੂੰ ਕਿਹਾ ਕਿ ਮੈਂ ਤਾਂ ਤੁਹਾਡੇ ਲਈ ਚਾਹ ਬਣਾਉਣੀ ਸੀ ਤੇ ਤੁਸੀਂ ਸਾਰਾ ਸਟੋਵ ਹੀ ਖੋਲ੍ਹ ਦਿੱਤਾ। ਮਹਾਰਾਜ ਜੀ ਨੇ ਕਿਹਾ, 'ਅਸੀਂ ਇਸ ਨੂੰ ਠੀਕ ਕਰ ਰਹੇ ਹਾਂ।' ਇੰਨੀ ਦੇਰ ਨੂੰ ਦਾਸ ਮਹਿੰਦਰ ਕੌਰ, ਜੋ ਕਾਫ਼ੀ ਬੀਮਾਰ ਰਹਿੰਦੀ ਸੀ ਤੇ ਮਹਾਰਾਜ ਜੀ ਦੀ ਸੇਵਕ ਬਣ ਚੁੱਕੀ ਸੀ, ਮਹਾਰਾਜ

ਜੀ ਨੂੰ ਮਿਲਣ ਲਈ ਸਾਡੇ ਘਰ ਆਉਂਦੀ ਸੀ, ਉਹ ਹਾਏ! ਹਾਏ! ਕਰਦੀ ਸਾਡੇ ਘਰ ਆ ਗਈ। ਮੈਂ ਉਸਨੂੰ ਪੁੱਛਿਆ ਕਿ ਮਾਤਾ ਜੀ, ਤੁਹਾਨੂੰ ਕੀ ਹੋ ਗਿਆ ਹੈ? ਉਹ ਕਹਿਣ ਲੱਗੀ ਕਿ ਮੇਰਾ ਸਰੀਰ ਇੰਜ ਦੁੱਖ ਰਿਹਾ ਹੈ ਜਿਵੇਂ ਕਿਸੇ ਨੇ ਮੇਰੇ ਸਰੀਰ ਦਾ ਇਕ-ਇਕ ਅੰਗ ਖੋਲ੍ਹ ਦਿੱਤਾ ਹੋਵੇ। ਉਸ ਦੀ ਇਹ ਗੱਲ ਸੁਣ ਕੇ ਜਦੋਂ ਮੈਂ ਮਹਾਰਾਜ ਜੀ ਕੋਲ ਗਈ ਤਾਂ ਮਹਾਰਾਜ ਜੀ ਕਹਿਣ ਲੱਗੇ, 'ਅਸੀਂ ਮਹਿੰਦਰ ਕੌਰ ਨੂੰ ਹੀ ਠੀਕ ਕਰ ਰਹੇ ਸੀ।' ਮੈਂ ਕੁੱਝ ਨਹੀਂ ਬੋਲੀ ਤੇ ਮਨ ਹੀ ਮਨ ਸੋਚਣ ਲੱਗੀ ਕਿ ਧੰਨ ਹੈ ਅਜਿਹਾ ਪੂਰਣ ਗੁਰੂ ਜਿਹੜਾ ਆਪਣੇ ਸੇਵਕਾਂ ਦੇ ਦੁੱਖ ਕਿਸੇ ਵੀ ਹੀਲੇ-ਵਸੀਲੇ ਕੱਟ ਦਿੰਦਾ ਹੈ ਸਾਨੂੰ ਉਹ ਪ੍ਰਤੱਖ ਰੂਪ ਵਿਚ ਜਿਹੜਾ ਕੰਮ ਕਰਦੇ ਨਜਰ ਆਉਂਦੇ ਹਨ, ਉਹਨਾਂ ਦੇ ਉਸ ਕੰਮ ਵਿਚ ਕਿਸੇ ਨਾ ਕਿਸੇ ਜੀਵ ਦੀ ਭਲਾਈ ਹੁੰਦੀ ਹੈ ਜਿਸ ਦਾ ਪਤਾ ਸਾਨੂੰ ਛੋਟੀ ਬੁੱਧੀ ਵਾਲੇ ਜੀਵਾਂ ਨੂੰ ਨਹੀਂ ਲਗਦਾ।

ਇਸੇ ਤਰ੍ਹਾਂ ਇਕ ਦਿਨ ਮਹਾਰਾਜ ਜੀ ਕੁੱਝ ਸੇਵਕਾਂ ਨਾਲ ਸਵੇਰੇ ਚਾਰ ਵਜੇ ਸਾਡੇ ਘਰ ਆਏ ਤੇ ਆਉਂਦੇ ਹੀ ਕਹਿਣ ਲੱਗੇ ਕਿ ਸਾਨੂੰ ਭੁੱਖ ਲੱਗੀ ਹੈ ਤੇ ਅਸੀਂ ਰੋਟੀ ਖਾਣੀ ਹੈ। ਮੈਂ ਦਿਲ ਵਿਚ ਸੋਚਿਆ ਕਿ ਸਬਜ਼ੀ ਤਾਂ ਬਹੁਤ ਥੋੜ੍ਹੀ ਹੈ। ਮਹਾਰਾਜ ਜੀ ਨੇ ਮੇਰੇ ਦਿਲ ਦੀ ਗੱਲ ਬੁੱਝ ਲਈ ਤੇ ਕਿਹਾ, 'ਪੁੱਤਰ ਕੋਈ ਗੱਲ ਨਹੀਂ ਤੂੰ ਰੋਟੀ ਬਣਾਉਣੀ ਸ਼ੁਰੂ ਕਰ।' ਮੈਂ ਰੋਟੀ ਪਕਾਉਣ ਲੱਗੀ ਤੇ ਸਾਰੇ ਖਾਣ ਲੱਗੇ। ਮਹਾਰਾਜ ਜੀ ਦੀ ਕਿਰਪਾ ਨਾਲ ਸਾਰਿਆਂ ਨੇ ਰੱਜ ਕੇ ਰੋਟੀ ਖਾਧੀ ਤੇ ਬਾਅਦ ਵਿਚ ਜਦੋਂ ਮੈਂ ਵੇਖਿਆ ਤਾਂ ਆਟਾ ਵੀ ਉਤਨਾ ਹੀ ਪਿਆ ਸੀ ਤੇ ਸਬਜੀ ਵੀ ਉਤਨੀ ਹੀ ਬਚੀ ਪਈ ਸੀ।

ਮਹਾਰਾਜ ਜੀ ਦੇ ਸੇਵਕ ਬਣਨ ਮਗਰੋਂ ਜਿੰਦਗੀ ਹੱਸ-ਖੇਡ ਕੇ ਗੁਜਾਰ ਰਹੇ ਸੀ ਤੇ ਦੁੱਖ ਦੇ ਦਿਨ ਕਿਵੇਂ ਲੰਘ ਜਾਂਦੇ ਸੀ ਪਤਾ ਹੀ ਨਹੀਂ ਸੀ ਚਲਦਾ। ਇੰਜ ਹੀ ਇਕ ਵਾਰ ਮੰਮੀ ਕਾਫ਼ੀ ਬੀਮਾਰ ਹੋ ਗਏ। ਜਦੋਂ ਮਹਾਰਾਜ ਜੀ ਨੂੰ ਪਤਾ ਲੱਗਿਆ ਤਾਂ ਉਹ ਸਾਡੇ ਘਰ ਆਏ ਤੇ ਮੈਨੂੰ ਕਿਹਾ ਕਿ ਤੇਰੀ ਮੰਮੀ ਤੇ ਕਿਸੇ ਨੇ ਹਾਂਡੀ (ਜਾਦੂ-ਟੋਣੇ ਦਾ ਅਸਰ) ਛੱਡ ਦਿੱਤੀ ਹੈ।

ਉਹਨਾਂ ਨੇ ਮੈਨੂੰ ਤੇ ਦੋ ਹੋਰ ਕੁੜੀਆਂ (ਇਕਬਾਲ ਕੌਰ ਤੇ ਅਵਿੰਦਰ ਕੌਰ) ਨੂੰ ਇਕ ਪੈਰ ਤੇ ਖੜ੍ਹੇ ਹੋ ਕੇ ਸਿਮਰਨ ਕਰਨ ਲਈ ਕਿਹਾ। ਮਹਾਰਾਜ ਜੀ ਆਪ ਵੀ ਧਿਆਨ ਲਾ ਕੇ ਬੈਠ ਗਏ। ਥੋੜ੍ਹਾ ਸਮਾਂ ਲੰਘਿਆ ਤੇ ਸਾਨੂੰ ਕਿਸੇ ਭਾਰੀ ਚੀਜ ਦੇ ਟੁੱਟਣ ਦੀ ਅਵਾਜ ਆਈ। ਉਸਦੇ ਬਾਅਦ ਮਹਾਰਾਜ ਜੀ ਨੇ ਅਰਜੋਈ ਕੀਤੀ। ਇਸ ਘਟਨਾ ਤੋਂ ਬਾਅਦ ਮੇਰੀ ਮੰਮੀ ਠੀਕ ਹੁੰਦੇ ਚਲੇ ਗਏ।

ਇਕ ਦਿਨ ਮੈਂ ਮੱਕੀ ਦੀ ਰੋਟੀ ਤੇ ਸਰੋਂ ਦਾ ਸਾਗ ਬਣਾਇਆ। ਮੇਰੇ ਦਿਲ ਵਿਚ ਆਇਆ ਕਿ ਜੇ ਅੱਜ ਮਹਾਰਾਜ ਜੀ ਆ ਕੇ ਰੋਟੀ ਖਾਣ ਤਾਂ ਕਿੰਨੀ ਚੰਗੀ ਗੱਲ ਹੈ। ਇੰਨੇ ਨੂੰ ਬੂਹਾ ਖੜਕਿਆ ਤੇ ਜਦੋਂ ਮੈਂ ਬੂਹਾ ਖੋਲ੍ਹਿਆ ਤਾਂ ਸਾਹਮਣੇ ਮਹਾਰਾਜ ਜੀ ਖੜ੍ਹੇ ਸਨ। ਉਹ ਅੰਦਰ ਆਏ ਤੇ ਕਹਿਣ ਲੱਗੇ, 'ਲਿਆ ਮੈਨੂੰ ਰੋਟੀ ਦੇ।' ਮੈਂ ਫ਼ਟਾਫ਼ਟ ਉਹਨਾਂ ਨੂੰ ਰੋਟੀ ਪਾ ਕੇ ਦਿੱਤੀ ਤੇ ਉਹਨਾਂ ਨੇ ਬੜੇ ਸ਼ੌਂਕ ਨਾਲ ਸਾਗ ਤੇ ਮੱਕੀ ਦੀ ਰੋਟੀ ਖਾਧੀ। ਮੈਂ ਉਹਨਾਂ ਨੂੰ ਕਿਹਾ ਕਿ ਮੈਂ ਤਾਂ ਅਜੇ ਦਿਲ ਵਿਚ ਹੀ ਸੋਚ ਰਹੀ ਸੀ। ਮਹਾਰਾਜ ਜੀ ਬੋਲੇ, 'ਤੂੰ ਸੋਚ ਰਹੀ ਸੀ ਤੇ ਅਸੀਂ ਸੁਣ ਰਹੇ ਸੀ ਤੇ ਤੇਰੀ ਇੱਛਾ ਪੂਰੀ ਕਰਨ ਲਈ ਅਸੀਂ ਆ ਗਏ।'

ਇਕ ਦਿਨ ਮਹਾਰਾਜ ਜੀ ਸਾਡੇ ਘਰ ਵਿਚ ਮੰਜੀ ਦੀ ਪੈਂਦ ਵਿਚ ਸਿਰ ਫਸਾ ਕੇ ਲੇਟੇ ਹੋਏ ਸਨ। ਮੈਂ ਉਹਨਾਂ ਦੇ ਨੇੜੇ ਜਾ ਕੇ ਉਹਨਾਂ ਨੂੰ ਕਿਹਾ ਕਿ ਮਹਾਰਾਜ ਜੀ ਤੁਸੀਂ ਇੱਦਾਂ ਕਿਉਂ ਲੇਟੇ ਹੋ? ਮੇਰੀ ਅਵਾਜ ਸੁਣ ਕੇ ਉਹਨਾਂ ਨੇ ਅੱਖਾਂ ਖੋਲ੍ਹੀਆਂ ਤੇ ਕਹਿਣ ਲੱਗੇ, 'ਪੁੱਤਰ! ਅਸੀਂ ਤਾਂ ਇੰਗਲੈਂਡ ਗਏ ਹੋਏ ਸੀ। ਅਸੀਂ ਤਾਂ ਰੱਬੀ ਪ੍ਰਚਾਰ ਲਈ ਇੰਗਲੈਂਡ ਵੀ ਜਾਣਾ ਹੈ ਤੇ ਉੱਥੇ ਜਾ ਕੇ ਗੋਲੀਆਂ ਵੀ ਖਾਣੀਆਂ ਹਨ ਤੇ ਮੈਂ ਤਾਂ ਇੱਥੇ ਮੰਜੀ ਦੀ ਪੈਂਦ ਵਿਚ ਫਸਿਆ ਹੋਇਆ ਹਾਂ।' ਉਸ ਵੇਲੇ ਅਸੀਂ ਸਮਝ ਨਹੀਂ ਸਕੇ ਕਿ ਮਹਾਰਾਜ ਜੀ ਕਿਹੜੀ ਗੋਲੀਆਂ ਖਾਣ ਦੀ ਗੱਲ ਕਰ ਰਹੇ ਹਨ। ਇਸ ਘਟਨਾ ਤੋਂ ਬਾਅਦ ਮਹਾਰਾਜ ਜੀ ਅਧਿਆਤਮਕ ਗਿਆਨ ਵੰਡਦੇ ਹੋਏ ਦਿੱਲੀ ਪਹੁੰਚੇ ਤੇ ਉਥੋਂ ਉਹ ਇੰਗਲੈਂਡ ਗਏ। ਉਥੇ ਜਾ ਕੇ ਸੰਨ 1987

ਵਿਚ ਉਹਨਾਂ ਨੇ ਅਤਵਾਦੀਆਂ ਦੀਆਂ ਗੋਲੀਆਂ ਖਾਧੀਆਂ। ਇੰਜ ਉਹਨਾਂ ਨੇ ਆਪਣੇ ਆਉਣ ਵਾਲੇ ਸਮੇਂ ਬਾਰੇ ਬਹੁਤ ਪਹਿਲਾਂ ਹੀ ਇਸ਼ਾਰਾ ਦੇ ਦਿੱਤਾ ਸੀ ਪਰ ਸਾਨੂੰ ਸਮਝ ਨਹੀਂ ਸੀ ਆਇਆ।

ਇੰਜ ਮਹਾਰਾਜ ਜੀ ਅਜਿਹੀਆਂ ਗੱਲਾਂ ਕਰ ਜਾਂਦੇ ਸੀ ਜੋ ਸਾਡੀ ਸੋਚ ਤੋਂ ਪਰੇ ਹੁੰਦੀਆਂ ਸਨ ਪਰ ਉਹਨਾਂ ਗੱਲਾਂ ਨਾਲ ਮਹਾਰਾਜ ਜੀ ਜਾਂ ਤਾਂ ਲੋਕਾਂ ਦੇ ਦੁੱਖ ਦੂਰ ਕਰਦੇ ਸਨ ਜਾਂ ਆਉਣ ਵਾਲੇ ਸਮੇਂ ਬਾਰੇ ਦੱਸਦੇ ਸਨ। ਅੱਜ ਮਹਾਰਾਜ ਜੀ ਸਰੀਰਕ ਤੌਰ ਤੇ ਸਾਡੇ ਵਿਚਕਾਰ ਨਹੀਂ ਹਨ ਪਰ ਉਹਨਾਂ ਦੀ ਆਖੀ ਇਕ-ਇਕ ਗੱਲ ਅੱਜ ਵੀ ਸੱਚ ਹੋ ਰਹੀ ਹੈ। ਉਹ ਅਕਸਰ ਸਾਨੂੰ ਕਿਹਾ ਕਰਦੇ ਸਨ ਕਿ ਇਕ ਸਮਾਂ ਅਜਿਹਾ ਆਏਗਾ ਜਦੋਂ ਅਸੀਂ ਤੁਹਾਨੂੰ ਨਹੀਂ ਮਿਲਾਂਗੇ ਅਤੇ ਤੁਸੀਂ ਸਾਡੀਆਂ ਗੱਲਾਂ ਚੇਤੇ ਕਰਕੇ ਰੋਇਆ ਕਰੋਗੇ ਅਤੇ ਇਹ ਬਿਲਕੁਲ ਸੱਚ ਹੈ। ਅੱਜ ਮੈਂ ਉਹਨਾਂ ਦੀਆਂ ਗੱਲਾਂ ਚੇਤੇ ਕਰ-ਕਰ ਕੇ ਰੋਂਦੀ ਹਾਂ ਤੇ ਦੀਵਾਰਾਂ ਨਾਲ ਟੱਕਰਾਂ ਮਾਰ ਕੇ ਉਹਨਾਂ ਨੂੰ ਚੇਤੇ ਕਰਦੀ ਹਾਂ। ਅੱਜ ਦੁਨੀਆ ਵਿਚ ਮੇਰੇ ਕੋਲ ਸਭ ਕੁੱਝ ਹੈ ਪਰ ਮਹਾਰਾਜ ਦਰਸ਼ਨ ਦਾਸ ਜੀ ਵਰਗਾ ਕੋਈ ਦੂਜਾ ਨਹੀਂ ਹੈ।

ਦਾਸ ਊਸ਼ਾ
(ਜਲੰਧਰ, ਪੰਜਾਬ)

## ਔਲਾਦ ਦਾ ਸੁੱਖ ਮਿਲਿਆ

ਮੇਰਾ ਨਾਂ ਦਾਸ ਦਵਿੰਦਰ ਹੈ ਤੇ ਮੈਂ ਜਲੰਧਰ ਦਾ ਰਹਿਣ ਵਾਲਾ ਹਾਂ। ਮੈਂ ਮਹਾਰਾਜ ਦਰਸ਼ਨ ਦਾਸ ਜੀ ਨੂੰ ਪਹਿਲੀ ਵਾਰ ਜਲੰਧਰ ਵਿਚ 1973 ਵਿਚ ਮਿਲਿਆ ਸੀ। 1973 ਤੋਂ ਮੈਨੂੰ ਮਹਾਰਾਜ ਜੀ ਦੇ ਕਈ ਕੌਤਕ ਵੇਖਣ ਨੂੰ ਮਿਲੇ।

ਇਕ ਵਾਰ ਮੈਂ ਆਪਣੀ ਪਤਨੀ ਨਾਲ ਮਹਾਰਾਜ ਜੀ ਦਾ ਸਤਸੰਗ ਸੁਣਨ ਲਈ ਬਟਾਲਾ ਡੇਰੇ ਗਿਆ ਹੋਇਆ ਸੀ। ਸਤਸੰਗ ਦੀ ਸਮਾਪਤੀ ਤਕਰੀਬਨ ਸ਼ਾਮ 7.00 ਵਜੇ ਹੋਈ। ਮੈਂ ਘਰ ਜਾਣ ਲਈ ਜਦੋਂ ਆਪਣਾ ਸਕੂਟਰ ਚਾਲੂ ਕੀਤਾ ਤਾਂ ਸਕੂਟਰ ਸਟਾਰਟ ਨਹੀਂ ਹੋਇਆ। ਜਦੋਂ ਮੈਂ ਸਕੂਟਰ ਦੀ ਟੰਕੀ ਖੋਲ੍ਹ ਕੇ ਵੇਖੀ ਤਾਂ ਸਕੂਟਰ ਵਿਚ ਪੈਟਰੋਲ ਮੁੱਕ ਗਿਆ ਸੀ। ਮੈਂ ਸੋਚਾਂ ਵਿਚ ਪੈ ਗਿਆ ਕਿ ਹੁਣ ਘਰ ਕਿਵੇਂ ਜਾਵਾਂਗੇ ਕਿਉਂਕਿ ਉਹਨਾਂ ਦਿਨਾਂ ਵਿਚ ਪੰਜਾਬ ਵਿਚ ਸ਼ਾਮ ਦੇ 5.00 ਵਜੇ ਤੱਕ ਸਾਰੇ ਪੈਟਰੋਲ ਪੰਪ ਬੰਦ ਹੋ ਜਾਂਦੇ ਸਨ। ਮੈਂ ਫ਼ਿਕਰਾਂ ਵਿਚ ਪਿਆ ਇਧਰੋਂ-ਉਧਰੋਂ ਪੈਟਰੋਲ ਦਾ ਇੰਤਜ਼ਾਮ ਕਰਨ ਲੱਗਾ। ਇੰਨੀ ਦੇਰ ਨੂੰ ਸਾਹਮਣੇ ਮਹਾਰਾਜ ਜੀ ਆਉਂਦੇ ਦਿਸੇ ਤੇ ਉਹਨਾਂ ਨੇ ਆ ਕੇ ਮੈਨੂੰ ਪੁੱਛਿਆ ਕਿ ਕੀ ਗੱਲ ਹੈ? ਮੈਂ ਉਹਨਾਂ ਨੂੰ ਦੱਸਿਆ ਕਿ ਸਕੂਟਰ ਵਿਚ ਪੈਟਰੋਲ ਮੁੱਕ ਗਿਆ ਹੈ। ਉਹਨਾਂ ਆਖਿਆ, 'ਜਾਓ, ਲੰਗਰ ਘਰ ਚੋਂ ਪਾਣੀ ਦਾ ਜੱਗ ਭਰ ਕੇ ਲੈ ਆਓ।' ਉਹਨਾਂ ਦਾ ਹੁਕਮ ਮੰਨਦੇ ਹੋਏ ਮੈਂ ਲੰਗਰ ਘਰ ਗਿਆ ਤੇ ਉਥੋਂ ਪਾਣੀ ਦਾ ਜੱਗ ਭਰ ਕੇ ਲੈ ਆਇਆ। ਮਹਾਰਾਜ ਜੀ ਨੇ ਪਾਣੀ ਦਾ ਜੱਗ ਆਪਣੇ ਹੱਥਾਂ ਵਿਚ ਫੜ ਕੇ ਦੋ ਮਿੰਟ ਤੱਕ ਆਪਣੀਆਂ ਅੱਖਾਂ ਬੰਦ ਕੀਤੀਆਂ ਤੇ ਜਦੋਂ ਅੱਖਾਂ ਖੋਲ੍ਹੀਆਂ ਤਾਂ ਪਾਣੀ ਦਾ ਜੱਗ ਮੈਨੂੰ ਫੜਾਦਿਆਂ ਕਿਹਾ, 'ਇਹ ਲਓ, ਇਸ ਨੂੰ ਆਪਣੇ ਸਕੂਟਰ ਦੀ ਟੰਕੀ ਵਿਚ ਪਾ ਲਓ, ਸਕੂਟਰ ਚਲ ਪਏਗਾ ਤੇ ਜਦੋਂ ਤੱਕ ਟੰਕੀ ਦਾ ਢੱਕਣ ਚੁੱਕ ਕੇ ਨਹੀਂ ਵੇਖੋਗੇ ਸਕੂਟਰ ਬਿਨਾ ਪੈਟ੍ਰੋਲ ਤੋਂ ਚਲਦਾ ਰਹੇਗਾ। ਤੁਹਾਨੂੰ ਪ੍ਰੈਟੋਲ ਪਵਾਉਣ ਦੀ ਲੋੜ ਨਹੀਂ ਪੈਣੀ।'

ਮੈਂ ਉਹ ਪਾਣੀ ਸਕੂਟਰ ਦੀ ਟੰਕੀ ਵਿਚ ਪਾਇਆ ਤੇ ਸਕੂਟਰ ਚਾਲੂ ਹੋ ਗਿਆ। ਅਸੀਂ ਮਹਾਰਾਜ ਜੀ ਦਾ ਸ਼ੁਕਰੀਆ ਅਦਾ ਕਰਦੇ ਹੋਏ ਡੇਰੇ ਤੋਂ ਵਾਪਸ ਘਰ ਪਹੁੰਚ ਗਏ। ਦੋ-ਤਿੰਨ ਦਿਨ ਤੱਕ ਮੈਂ ਸਕੂਟਰ ਬਿਨਾ ਪੈਟਰੋਲ ਪਵਾਏ ਚਲਾਉਂਦਾ ਰਿਹਾ। ਇਕ ਦਿਨ ਮੈਂ ਟੰਕੀ ਦਾ ਢੱਕਣ ਖੋਲ੍ਹ ਕੇ ਵੇਖ ਹੀ ਲਿਆ ਤਾਂ ਵੇਖਿਆ ਕਿ ਟੰਕੀ ਵਿਚ ਪਾਣੀ ਸੀ। ਉਸ ਤੋਂ ਬਾਅਦ ਜਦੋਂ ਮੈਂ ਸਕੂਟਰ ਚਾਲੂ ਕੀਤਾ ਤਾਂ ਸਕੂਟਰ ਚਾਲੂ ਨਹੀਂ ਹੋਇਆ। ਸਕੂਟਰ ਨੂੰ ਧੱਕਾ ਮਾਰ ਕੇ ਮੈਂ ਮਕੈਨਿਕ ਕੋਲ ਲੈ ਕੇ ਗਿਆ। ਮਕੈਨਿਕ ਨੇ ਕਿਹਾ ਕਿ ਇਸ ਦੀ ਪੈਟਰੋਲ ਦੀ ਟੰਕੀ ਵਿਚ ਪਾਣੀ ਆ ਗਿਆ ਹੈ ਇਸ ਲਈ ਇਹ ਨਹੀਂ ਚੱਲੇਗਾ। ਖ਼ੈਰ, ਮੈਂ ਸਕੂਟਰ ਠੀਕ ਕਰਨ ਲਈ ਦੇ ਦਿੱਤਾ ਪਰ ਮੈਂ ਆਪਣੀ ਇਸ ਬੇਵਕੂਫੀ ਤੇ ਪਛਤਾ ਰਿਹਾ ਸੀ ਪਰ ਹੁਣ ਕੁੱਝ ਨਹੀਂ ਹੋ ਸਕਦਾ ਸੀ।

ਮਹਾਰਾਜ ਦਰਸ਼ਨ ਦਾਸ ਜੀ ਦੀਆਂ ਰਹਿਮਤਾਂ ਦੇ ਬਾਰੇ ਜਿੰਨਾ ਕਿਹਾ ਜਾਏ ਘੱਟ ਹੈ। ਉਹਨਾਂ ਦੀ ਹੀ ਰਹਿਮਤ ਨਾਲ ਮੈਨੂੰ ਔਲਾਦ ਦਾ ਸੁੱਖ ਮਿਲਿਆ ਹੈ। ਵਿਆਹ ਦੇ ਕਈ ਸਾਲਾਂ ਬਾਅਦ ਵੀ ਮੇਰੇ ਘਰ ਔਲਾਦ ਨਹੀਂ ਹੋ ਰਹੀ ਸੀ। ਮੈਂ ਜਲੰਧਰ ਵਿਚ ਡਾਕਟਰਾਂ ਕੋਲੋਂ ਆਪਣਾ ਬਹੁਤ ਇਲਾਜ ਕਰਵਾਇਆ, ਪਰ ਕੋਈ ਅਸਰ ਨਹੀਂ ਸੀ ਹੋ ਰਿਹਾ। ਥੱਕ ਹਾਰ ਕੇ ਡਾਕਟਰਾਂ ਨੇ ਮੈਨੂੰ ਇਹ ਆਖ ਦਿੱਤਾ ਸੀ ਕਿ ਤੇਰੇ ਘਰ ਔਲਾਦ ਨਹੀਂ ਹੋ ਸਕਦੀ। ਜਦੋਂ ਮੈਂ ਇਹ ਗੱਲ ਮਹਾਰਾਜ ਜੀ ਨੂੰ ਦੱਸੀ ਤਾਂ ਮਹਾਰਾਜ ਜੀ ਨੇ ਮੈਨੂੰ ਕਿਹਾ, 'ਉਸ ਡਾਕਟਰ ਨੂੰ ਜਾ ਕੇ ਕਹਿਣਾ ਕਿ ਪਹਿਲਾ ਲੜਕਾ 84 ਵਿਚ ਹੋਏਗਾ ਤੇ ਦੂਜਾ ਲੜਕਾ 87 ਵਿਚ। ਜਿਹੜਾ ਪਹਿਲਾ ਲੜਕਾ ਹੋਏਗਾ ਉਸਦੇ ਮੱਥੇ ਤੇ ਤਿਲਕ ਦਾ ਨਿਸ਼ਾਨ ਹੋਏਗਾ।' ਮਹਾਰਾਜ ਦਰਸ਼ਨ ਦਾਸ ਜੀ ਦੇ ਮੁਖਾਰਬਿੰਦ ਤੋਂ ਨਿਕਲਿਆ ਇਕ-ਇਕ ਸ਼ਬਦ ਸੱਚ ਸਾਬਤ ਹੋਇਆ। ਉਹਨਾਂ ਦੇ ਵਚਨਾਂ ਦੇ ਮੁਤਾਬਿਕ ਸੰਨ 1984 ਵਿਚ ਮੇਰੇ ਵੱਡੇ ਬੇਟੇ ਦਾ ਜਨਮ ਹੋਇਆ ਤੇ ਦੂਜੇ ਦਾ 1987 ਵਿਚ। ਅੱਜ ਮੇਰਾ ਵੱਡਾ ਬੇਟਾ ਇੰਜੀਨਿਅਰਿੰਗ ਕਰ ਰਿਹਾ ਹੈ ਤੇ ਛੋਟਾ ਬੇਟਾ ਮੇਰੇ ਨਾਲ ਟਰਾਂਸਪੋਰਟ ਦਾ

ਕੰਮ ਕਰਦਾ ਹੈ। ਇਹ ਸਭ ਮਹਾਰਾਜ ਜੀ ਦੇ ਆਸ਼ੀਰਵਾਦ ਅਤੇ ਬਚਨਾਂ ਦਾ ਹੀ ਅਸਰ ਹੈ।

ਮਹਾਰਾਜ ਜੀ ਦੇ ਦਰਬਾਰ ਵਿਚ ਜਿਹੜਾ ਸੇਵਕ ਤਨ, ਮਨ ਤੇ ਧਨ ਦੀ ਸੇਵਾ ਕਰਦਾ ਹੈ, ਮਹਾਰਾਜ ਜੀ ਉਹਨਾਂ ਦੇ ਨਾਮੁਮਕਿਨ ਕੰਮ ਵੀ ਮੁਮਕਿਨ ਬਣਾ ਦਿੰਦੇ ਹਨ। ਇਹ ਸਿਰਫ਼ ਮੇਰੀ ਹੀ ਗੱਲ ਨਹੀਂ ਹੈ ਸਗੋਂ ਅਣਗਿਣਤ ਸੇਵਕਾਂ ਦੀ ਇਹੋ ਕਹਾਣੀ ਹੈ।

ਦਾਸ ਦਵਿੰਦਰ
(ਜਲੰਧਰ, ਪੰਜਾਬ)

## ਸੇਵਾ ਨਾਲ ਸਾਡੀ ਤਕਦੀਰ ਬਦਲ ਦਿੱਤੀ

ਮੇਰਾ ਨਾਂ ਮਹਿੰਦਰ ਕੌਰ ਹੈ। ਜਦੋਂ ਮੈਂ ਪਹਿਲੀ ਵਾਰ ਮਹਾਰਾਜ ਦਰਸ਼ਨ ਦਾਸ ਜੀ ਨੂੰ ਮਿਲੀ ਉਦੋਂ ਮਹਾਰਾਜ ਜੀ ਦਾਸ ਕੁੰਦਨ ਲਾਲ ਦੇ ਘਰ ਕੀਰਤਨ-ਸਤਸੰਗ ਕਰਦੇ ਹੁੰਦੇ ਸਨ।

ਮੇਰੇ ਘਰ ਵਾਲੇ ਦੇ ਸਿਰ ਵਿਚ ਬਹੁਤ ਦਰਦ ਹੁੰਦਾ ਸੀ। ਕਦੇ-ਕਦੇ ਤਾਂ ਇਹ ਦਰਦ ਇੰਨਾ ਵੱਧ ਜਾਂਦਾ ਸੀ ਕਿ ਮੇਰੇ ਪਤੀ ਉੱਚੀ-ਉੱਚੀ ਚੀਕਾਂ ਮਾਰਦੇ ਤੇ ਉਹਨਾਂ ਦੀਆਂ ਚੀਕਾਂ ਦੀ ਅਵਾਜ਼ ਗੁਆਂਢੀਆਂ ਨੂੰ ਵੀ ਸੁਣਦੀ। ਇਕ ਦਿਨ ਇਕ ਗੁਆਂਢਣ ਸਾਡੇ ਘਰ ਆਈ ਤੇ ਉਸਨੇ ਮੈਨੂੰ ਮਹਾਰਾਜ ਦਰਸ਼ਨ ਦਾਸ ਜੀ ਬਾਰੇ ਦੱਸਿਆ ਕਿ ਜਲੰਧਰ ਵਿਚ ਮਾਡੱਲ ਟਾਊਨ ਵਿਚ ਇਕ ਸੰਤ ਆਏ ਹੋਏ ਹਨ, ਤੁਸੀਂ ਉਹਨਾਂ ਦੇ ਦਰਸ਼ਨ ਕਰਨ ਲਈ ਜਾਓ ਤੇ ਉਹਨਾਂ ਨੂੰ ਆਪਣੇ ਇਸ ਦੁੱਖ ਬਾਰੇ ਦੱਸੋ। ਹੋ ਸਕਦਾ ਹੈ ਕਿ ਤੁਹਾਡੇ ਉਥੇ ਜਾਣ ਨਾਲ ਤੁਹਾਡੀ ਮੁਸ਼ਕਿਲ ਦਾ ਕੋਈ ਹੱਲ ਨਿਕਲ ਆਵੇ।

ਦੂਜੇ ਦਿਨ ਅਸੀਂ ਦੋਵੇਂ ਪਤੀ-ਪਤਨੀ ਉਸਦੇ ਨਾਲ ਕੁੰਦਨ ਲਾਲ ਦੇ ਘਰ ਪਹੁੰਚ ਗਏ ਅਤੇ ਉਥੇ ਅਸੀਂ ਪਹਿਲੀ ਵਾਰ ਮਹਾਰਾਜ ਜੀ ਦੇ ਦਰਸ਼ਨ ਕੀਤੇ। ਜਦੋਂ ਮੈਂ ਮਹਾਰਾਜ ਜੀ ਨੂੰ ਆਪਣੇ ਪਤੀ ਦੇ ਸਿਰ ਦੇ ਦਰਦ ਬਾਰੇ ਦੱਸਿਆ ਤਾਂ ਮਹਾਰਾਜ ਜੀ ਨੇ ਕਿਹਾ ਕਿ ਇਹਨਾਂ ਦੇ ਵਿਆਹ ਤੋਂ ਪਹਿਲਾਂ ਕਿਸੇ ਨੇ ਇਹਨਾਂ ਤੇ ਟੂਣਾ ਕਰ ਦਿੱਤਾ ਸੀ ਇਸ ਲਈ ਇਹਨਾਂ ਦੇ ਸਿਰ ਵਿਚ ਦਰਦ ਰਹਿੰਦਾ ਹੈ। ਪਰ ਤੁਸੀਂ ਫ਼ਿਕਰ ਨਾ ਕਰੋ ਇਹ ਠੀਕ ਹੋ ਜਾਣਗੇ। ਮਹਾਰਾਜ ਜੀ ਜਦੋਂ ਮੇਰੇ ਪਤੀ ਨੂੰ ਪ੍ਰਸਾਦ ਦੇਣ ਲੱਗੇ ਤਾਂ ਉਹਨਾਂ ਨੇ ਪ੍ਰਸਾਦ ਲੈਣ ਤੋਂ ਮਨ੍ਹਾ ਕਰ ਦਿੱਤਾ। ਮਹਾਰਾਜ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਇਹ ਪ੍ਰਸਾਦ ਉਹਨਾਂ ਦੇ ਭਲੇ ਲਈ ਹੀ ਹੈ। ਜੇ ਤੁਸੀਂ ਪ੍ਰਸਾਦ ਖਾਓਗੇ ਤਾਂ ਤੁਹਾਡੀ ਪਰੇਸ਼ਾਨੀ ਦੂਰ ਹੋ ਜਾਏਗੀ ਨਹੀਂ ਤਾਂ ਇਸੇ ਦਰਦ ਵਿਚ ਹੀ ਉਲਝੇ ਰਹੋਗੇ। ਮਹਾਰਾਜ ਜੀ ਨੇ ਉਹਨਾਂ ਦੇ ਸਿਰ ਤੇ ਹੱਥ ਰੱਖ ਕੇ ਤੇ ਉਥੇ ਬਿਠਾ ਕੇ ਹੀ ਉਹਨਾਂ ਨੂੰ ਪ੍ਰਸਾਦ ਖੁਆਇਆ। ਫਿਰ

ਮਹਾਰਾਜ ਜੀ ਨੇ ਸਾਨੂੰ ਜਲ ਦੀ ਬੋਤਲ ਦਿੱਤੀ ਤੇ ਕਿਹਾ ਕਿ ਇਹ ਜਲ ਸਾਰਿਆਂ ਨੇ ਸਵੇਰੇ-ਸ਼ਾਮ ਪੀਣਾ ਹੈ ਤੇ ਇਸ ਦਰਬਾਰ ਦੀ ਮਰਿਆਦਾ ਨੂੰ ਧਿਆਨ ਵਿਚ ਰੱਖ ਕੇ ਮੀਟ ਤੇ ਅੰਡਾ ਨਹੀਂ ਖਾਣਾ ਤੇ ਸ਼ਰਾਬ ਵੀ ਨਹੀਂ ਪੀਣੀ ਹੈ। ਮੇਰਾ ਘਰਵਾਲਾ ਮੀਟ-ਅੰਡਾ ਖਾਂਦਾ ਸੀ। ਉਸ ਵੇਲੇ ਮਹਾਰਾਜ ਜੀ ਦੇ ਸਾਹਮਣੇ ਤਾਂ ਉਸ ਨੇ ਮਰਿਆਦਾ ਦੀ ਪਾਲਨਾ ਕਰਨ ਲਈ ਹਾਮੀ ਭਰ ਦਿੱਤੀ ਪਰ ਦੂਜੇ ਦਿਨ ਉਹ ਦੁਕਾਨ ਤੋਂ ਅੰਡੇ ਖ਼ਰੀਦ ਕੇ ਲੈ ਆਇਆ। ਜਦੋਂ ਉਹ ਅੰਡੇ ਲੈ ਕੇ ਘਰ ਪਹੁੰਚਿਆ ਤਾਂ ਉਸ ਦੇ ਅੰਦਰ ਜਿਹੜੀ ਓਪਰੀ ਚੀਜ਼ ਸੀ ਉਹ ਬੋਲ ਪਈ ਕਿ ਰਾਤ ਨੂੰ ਤੁਸੀਂ ਮਹਾਰਾਜ ਦਰਸ਼ਨ ਦਾਸ ਜੀ ਨੂੰ ਕਹਿ ਕੇ ਆਏ ਸੀ ਕਿ ਅਸੀਂ ਮਰਿਆਦਾ ਦਾ ਖ਼ਿਆਲ ਰੱਖਾਂਗੇ ਤਾਂ ਹੁਣ ਤੁਸੀਂ ਇਹ ਅੰਡੇ ਘਰ ਕਿਉਂ ਲੈ ਕੇ ਆਏ ਹੋ? ਮੈਂ ਘਬਰਾ ਗਈ ਤੇ ਫਟਾਫਟ ਅੰਡੇ ਬਾਹਰ ਸੁੱਟ ਦਿੱਤੇ। ਜਦੋਂ ਮੈਂ ਆਪਣੀ ਗੁਆਂਢਣ ਨੂੰ ਇਹ ਗੱਲ ਦੱਸੀ ਤਾਂ ਉਸਨੇ ਕਿਹਾ ਕਿ ਵੇਖਿਆ ਤੁਸੀਂ ਤਾਂ ਕਹਿੰਦੇ ਸੀ ਕਿ ਸਿਰ ਦੁੱਖਦਾ ਹੈ ਪਰ ਤੁਹਾਨੂੰ ਪਤਾ ਨਹੀਂ ਸੀ ਕਿ ਕਿਸੇ ਨੇ ਟੋਣਾ ਕੀਤਾ ਹੋਇਆ ਹੈ। ਦਰਅਸਲ ਹੁਣ ਉਸ ਓਪਰੀ ਚੀਜ਼ ਨੂੰ ਮਹਾਰਾਜ ਜੀ ਦਾ ਡਰ ਸਤਾਉਣ ਲੱਗ ਪਿਆ ਹੈ। ਉਸ ਚੀਜ਼ ਨੂੰ ਡਰ ਪੈ ਗਿਆ ਕਿ ਜੇ ਇਹਨਾਂ ਨੇ ਅੰਡੇ ਖਾ ਲਏ ਤਾਂ ਮਹਾਰਾਜ ਦਰਸ਼ਨ ਦਾਸ ਜੀ ਨੇ ਮੈਨੂੰ ਨਹੀਂ ਬਖ਼ਸ਼ਣਾ। ਇੰਜ ਉਸ ਦਿਨ ਤੋਂ ਬਾਅਦ ਸਾਡੇ ਘਰ ਵਿਚ ਮੀਟ-ਅੰਡਾ ਬੰਦ ਹੋ ਗਿਆ ਤੇ ਘਰ ਵਿਚ ਮਹਾਰਾਜ ਜੀ ਦੀ ਕਿਰਪਾ-ਰਹਿਮਤ ਦੀਆਂ ਗੱਲਾਂ ਸ਼ੁਰੂ ਹੋ ਗਈਆਂ।

ਮਹਾਰਾਜ ਜੀ ਦੀ ਰਹਿਮਤ ਸਦਕਾ ਮੇਰਾ ਪਤੀ ਠੀਕ ਹੋਣ ਲੱਗਾ ਤੇ ਸਾਡਾ ਮਹਾਰਾਜ ਜੀ ਕੋਲ ਆਣਾ-ਜਾਣਾ ਵੱਧ ਗਿਆ। ਮਹਾਰਾਜ ਜੀ ਕੁੰਦਨ ਲਾਲ ਦੇ ਘਰ 15-15 ਦਿਨਾਂ ਤੱਕ ਰਹਿੰਦੇ ਸਨ। ਜਦੋਂ ਮਹਾਰਾਜ ਜੀ ਉਹਨਾਂ ਦੇ ਘਰ ਆਉਂਦੇ ਉਦੋਂ ਅਸੀਂ ਮਹਾਰਾਜ ਜੀ ਨੂੰ ਮਿਲਣ ਜਰੂਰ ਜਾਂਦੇ। ਹੌਲੀ-ਹੌਲੀ ਸਾਡਾ ਮਹਾਰਾਜ ਜੀ ਨਾਲ ਇੰਨਾ ਪਿਆਰ ਪੈ ਗਿਆ ਕਿ ਉਹਨਾਂ ਦੇ ਦਰਸ਼ਨ ਕੀਤੇ ਬਗੈਰ ਸਾਨੂੰ ਚੈਨ ਨਹੀਂ ਆਉਂਦਾ ਸੀ। ਦਿਲ

ਵਿਚ ਹਰ ਵੇਲੇ ਉਹਨਾਂ ਦੇ ਦਰਸ਼ਨ ਦੀ ਤੜਪ ਰਹਿੰਦੀ ਸੀ। ਜਦੋਂ ਤੱਕ ਮਹਾਰਾਜ ਜੀ ਦਾਸ ਕੁੰਦਨ ਲਾਲ ਜੀ ਦੇ ਘਰ ਆਉਂਦੇ ਰਹੇ ਉਦੋਂ ਤੱਕ ਸਾਡੀ ਮਹਾਰਾਜ ਜੀ ਦੇ ਦਰਸ਼ਨਾਂ ਦੀ ਪਿਆਸ ਬੁੱਝਦੀ ਰਹੀ। ਥੋੜ੍ਹੇ ਦਿਨਾਂ ਬਾਅਦ ਮਹਾਰਾਜ ਜੀ ਵਧੇਰੇ ਬਟਾਲਾ ਡੇਰੇ ਰਹਿਣ ਲੱਗੇ ਤੇ ਉਹਨਾਂ ਦਾ ਜਲੰਧਰ ਆਉਣਾ ਤਕਰੀਬਨ ਬੰਦ ਹੋ ਗਿਆ।

ਮੇਰੇ ਪਤੀ ਦੀ ਬਿਮਾਰੀ ਕਰਕੇ ਸਾਡਾ ਕਾਰੋਬਾਰ ਬੰਦ ਹੋ ਗਿਆ ਸੀ ਜਿਸ ਕਰਕੇ ਘਰ ਵਿਚ ਪੈਸਿਆਂ ਦੀ ਬੜੀ ਤੰਗੀ ਸੀ ਕਿ ਸਾਡੇ ਕੋਲ ਬਟਾਲਾ ਡੇਰੇ ਜਾਣ ਲਈ ਕਿਰਾਇਆ ਵੀ ਨਹੀਂ ਸੀ। ਪਰ ਦਿਲ ਵਿਚ ਮਹਾਰਾਜ ਜੀ ਦੇ ਦਰਸ਼ਨਾਂ ਦੀ ਤੜਪ ਇੰਨੀ ਰਹਿੰਦੀ ਸੀ ਕਿ ਅਸੀਂ ਪੈਸਿਆਂ ਦੀ ਪਰਵਾਹ ਨਹੀਂ ਕੀਤੀ ਤੇ ਆਪਣੇ ਸਤਿਗੁਰੂ ਦੇ ਦਰਸ਼ਨ ਕਰਨ ਲਈ ਜਲੰਧਰ ਤੋਂ ਪੈਦਲ ਤੁਰ ਕੇ ਤਿੰਨ ਦਿਨ ਦਾ ਸਫ਼ਰ ਤੈਅ ਕਰਕੇ ਬਟਾਲਾ ਡੇਰੇ ਜਾਂਦੇ। ਸਾਡਾ ਇਹ ਮੰਨਣਾ ਸੀ ਕਿ ਭਾਵੇਂ ਪੈਸੇ ਹੋਣ ਜਾਂ ਨਾ ਹੋਣ ਅਸੀਂ ਤਾਂ ਆਪਣੇ ਸਤਿਗੁਰੂ ਦੇ ਡੇਰੇ ਜਾਣਾ ਹੀ ਜਾਣਾ ਹੈ। ਅਸੀਂ ਦੋ-ਤਿੰਨ ਵਾਰ ਜਲੰਧਰ ਤੋਂ ਬਟਾਲਾ ਤੱਕ ਪੈਦਲ ਤੁਰ ਕੇ ਡੇਰੇ ਗਏ। ਆਖਦੇ ਹਨ ਕਿ ਸਤਿਗੁਰੂ ਦੇ ਪ੍ਰੇਮੀਆਂ ਦੀ ਰੱਬ ਪਰੀਖਿਆ ਲੈਂਦਾ ਹੈ ਤੇ ਪਰਖ ਕਰਦਾ ਹੈ ਕਿ ਉਹ ਸੇਵਕ ਆਪਣੇ ਸਤਿਗੁਰੂ ਤੇ ਕਿੰਨਾ ਭਰੋਸਾ ਕਰਦਾ ਹੈ। ਮੇਰੀ ਵੀ ਰੱਬ ਨੇ ਪਰੀਖਿਆ ਲਿੱਤੀ। ਇਕ ਵਾਰ ਅਸੀਂ ਦੋਵੇਂ ਪਤੀ-ਪਤਨੀ ਤੇ ਮੇਰਾ ਵੱਡਾ ਪੁੱਤਰ ਲਾਡੀ, ਅਸੀਂ ਤਿੰਨੋ ਘਰ ਤੋਂ ਬਟਾਲਾ ਡੇਰੇ ਜਾਣ ਲਈ ਤਿਆਰ ਹੋਏ। ਮੈਂ ਤਿੰਨਾਂ ਦੇ ਕੱਪੜੇ ਤੇ ਜਰੂਰੀ ਸਮਾਨ ਇਕ ਬੈਗ ਵਿਚ ਪਾਇਆ। ਉਹ ਬੈਗ ਤੇ ਬਿਸਤਰਾ ਅਸੀਂ ਸਾਈਕਲ ਤੇ ਰੱਖ ਲਿਆ। ਮੇਰੇ ਪਤੀ ਅੰਦਰਲੇ ਕਮਰੇ ਦੇ ਦਰਵਾਜ਼ੇ ਨੂੰ ਤਾਲਾ ਲਾਉਣ ਲੱਗੇ ਤਾਂ ਅਚਾਨਕ ਉਹਨਾਂ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ ਤੇ ਉਹਨਾਂ ਨੂੰ ਦਿਖਣਾ ਬੰਦ ਹੋ ਗਿਆ। ਦਰਅਸਲ ਗਰੀਬੀ ਹੋਣ ਕਰਕੇ ਚੰਗੀ ਤਰ੍ਹਾਂ ਖ਼ੁਰਾਕ ਨਾ ਮਿਲਣ ਕਾਰਣ ਉਹ ਕਾਫ਼ੀ ਕਮਜ਼ੋਰ ਹੋ ਗਏ ਸਨ ਤੇ ਇਸੇ ਕਰਕੇ ਉਹਨਾਂ ਨੂੰ ਦਿਖਣਾ ਬੰਦ ਹੋ ਗਿਆ ਤੇ ਘਬਰਾਹਟ ਵਿਚ ਉਹ ਚੀਕਾਂ

ਮਾਰਨ ਲੱਗੇ ਕਿ ਮੈਨੂੰ ਕੁੱਝ ਨਹੀਂ ਦਿੱਸ ਰਿਹਾ? ਮੈਂ ਉਹਨਾਂ ਨੂੰ ਕਿਹਾ ਕਿ ਕਿਉਂ ਚੀਕ ਰਹੇ ਹੋ? ਕੀ ਹੋ ਗਿਆ ਹੈ ਤੁਹਾਨੂੰ? ਉਹ ਕਹਿਣ ਲੱਗੇ ਕਿ ਮੈਨੂੰ ਕੁੱਝ ਦਿੱਸ ਨਹੀਂ ਰਿਹਾ। ਮੈਂ ਕੋਈ ਚਿੰਤਾ ਜਾਂ ਅਫ਼ਸੋਸ ਜਾਹਿਰ ਨਹੀਂ ਕੀਤਾ ਸਗੋਂ ਉਹਨਾਂ ਨੂੰ ਕਿਹਾ ਕਿ ਤਾਂ ਕੀ ਹੋਇਆ ਜੇ ਕੁੱਝ ਦਿੱਸ ਨਹੀਂ ਰਿਹਾ, ਅਸੀਂ ਜਿਸਦੇ ਦਰ ਤੇ ਜਾ ਰਹੇ ਹਾਂ ਉਹ ਆਪਣੇ ਆਪ ਠੀਕ ਕਰ ਦੇਣਗੇ। ਇੰਨੀ ਗੱਲ ਕਹਿ ਕੇ ਮੈਂ ਉਹਨਾਂ ਦੇ ਹੱਥੋਂ ਤਾਲਾ ਫੜ ਲਿਆ ਤੇ ਕਮਰੇ ਨੂੰ ਤਾਲਾ ਲਗਾਇਆ। ਇਹਨਾਂ ਦਾ ਹੱਥ ਫੜ ਕੇ ਇਹਨਾਂ ਨੂੰ ਵਿਹੜੇ 'ਚੋਂ ਗਲੀ ਵਿਚ ਲੈ ਆਈ ਤੇ ਮੁੰਡੇ ਨੂੰ ਕਿਹਾ, ਜੋ ਬਾਹਰ ਸਾਈਕਲ ਫੜ ਕੇ ਖੜਾ ਸੀ, ਕਿ ਤੂੰ ਸਾਈਕਲ ਚਲਾ, ਤੇਰੇ ਪਿਤਾ ਜੀ ਨੂੰ ਕੁੱਝ ਦਿੱਸ ਨਹੀਂ ਰਿਹਾ ਇਸ ਲਈ ਇਹ ਪਿੱਛਿਓ ਸਾਈਕਲ ਫੜ ਲੈਣਗੇ। ਜਿਵੇਂ ਹੀ ਉਹਨਾਂ ਨੇ ਅੰਨ੍ਹਿਆਂ ਵਾਂਗ ਸਾਈਕਲ ਨੂੰ ਟਟੋਲਦੇ ਹੋਏ ਪਿੱਛਿਓ ਫੜਿਆ ਤਾਂ ਮਹਾਰਾਜ ਜੀ ਦਾ ਅਜਿਹਾ ਕੌਤਕ ਵਾਪਰਿਆ ਕਿ ਉਹਨਾਂ ਨੂੰ ਦੁਬਾਰਾ ਦਿਸਣ ਲੱਗ ਪਿਆ। ਮੁੰਡੇ ਨੂੰ ਉਹ ਕਹਿਣ ਲੱਗੇ ਕਿ ਲਿਆ, ਸਾਈਕਲ ਮੈਂ ਚਲਾਉਂਦਾ ਹਾਂ, ਮੈਨੂੰ ਦਿਸਣ ਲੱਗ ਪਿਆ ਹੈ। ਅਸੀਂ ਉਹਨਾਂ ਨੂੰ ਬਹੁਤ ਸਮਝਾਇਆ ਕਿ ਤੁਹਾਡੇ ਅੰਦਰ ਕਮਜ਼ੋਰੀ ਹੈ ਇਸ ਲਈ ਤੁਸੀਂ ਅਜੇ ਸਾਈਕਲ ਨਾ ਚਲਾਓ ਪਰ ਉਹ ਨਹੀਂ ਮੰਨੇ ਦੇ ਅਸੀਂ ਤਿੰਨੋ ਸਾਈਕਲ ਤੇ ਸਵਾਰ ਹੋ ਕੇ ਬਟਾਲਾ ਡੇਰੇ ਲਈ ਤੁਰ ਪਏ। ਅੱਜ ਮੈਂ ਇਹ ਸੋਚਦੀ ਹਾਂ ਕਿ ਜੇ ਉਸ ਵੇਲੇ ਮੈਂ ਇਹ ਸੋਚ ਕੇ ਬੈਠ ਜਾਂਦੀ ਕਿ ਮੈਂ ਤਾਂ ਡੇਰੇ ਜਾਣ ਲੱਗੀ ਸੀ ਤੇ ਮੇਰੇ ਪਤੀ ਦੀ ਅੱਖਾਂ ਦੀ ਰੌਸ਼ਨੀ ਚਲੀ ਗਈ ਤਾਂ ਹੋ ਸਕਦਾ ਸੀ ਕਿ ਉਹ ਹਮੇਸ਼ਾ ਲਈ ਅੰਨੇ ਹੋ ਜਾਂਦੇ। ਇੰਜ ਰੱਬ ਮੇਰੇ ਮਹਾਰਾਜ ਜੀ ਪ੍ਰਤਿ ਪਿਆਰ ਦੀ ਪਰੀਖਿਆ ਲੈ ਰਿਹਾ ਸੀ।

ਮੇਰੀ ਦੂਜੀ ਪਰੀਖਿਆ ਉਦੋਂ ਹੋਈ ਜਦੋਂ ਅਸੀਂ ਕਰਤਾਰਪੁਰ ਪਹੁੰਚੇ। ਮੇਰੇ ਮੁੰਡੇ ਦੀ ਤਬੀਅਤ ਖ਼ਰਾਬ ਹੋ ਗਈ ਤੇ ਉਹ ਬੇਹੋਸ਼ ਹੋ ਗਿਆ। ਅਸੀਂ ਉਸ ਨੂੰ ਸਾਈਕਲ ਤੇ ਜੋ ਬੈਗ-ਬਿਸਤਰਾ ਰੱਖਿਆ ਸੀ ਉਸਦੇ ਉੱਪਰ ਲਿਟਾ ਦਿੱਤਾ। ਮੇਰੇ ਪਤੀ ਕਹਿਣ ਲੱਗੇ ਕਿ ਹੁਣ ਕੀ

ਕਰੀਏ? ਪਹਿਲਾਂ ਮੇਰੀ ਨਜ਼ਰ ਚਲੀ ਗਈ ਤੇ ਹੁਣ ਇਹ ਬੇਹੋਸ਼ ਹੋ ਗਿਆ। ਮੈਂ ਉਹਨਾਂ ਨੂੰ ਕਿਹਾ ਕਿ ਬੱਸ ਤੁਰਦੇ ਰਹੋ, ਜਿਸਦੇ ਘਰ ਜਾ ਰਹੇ ਹਾਂ ਜੇ ਉਸਨੇ ਬਚਾਣਾ ਹੋਵੇਗਾ ਤਾਂ ਬਚਾ ਲਏਗਾ ਤੇ ਜੇ ਮਾਰਨਾ ਹੋਏਗਾ ਤਾਂ ਮਾਰ ਦਏਗਾ। ਸਾਨੂੰ ਕੋਈ ਪਰਵਾਹ ਨਹੀਂ। ਮੇਰੇ ਪਤੀ ਕਹਿਣ ਲੱਗੇ ਕਿ ਮੁੰਡੇ ਦੀ ਹਾਲਤ ਇੰਨੀ ਖ਼ਰਾਬ ਹੈ ਤੇ ਤੂੰ ਕੀ ਆਖ ਰਹੀ ਹੈਂ? ਮੈਂ ਕਿਹਾ ਕਿ ਮੈਂ ਤਾਂ ਇਹ ਕਹਿ ਰਹੀ ਹਾਂ ਕਿ ਸਾਨੂੰ ਤਾਂ ਮਾਲਿਕ ਦੇ ਘਰ ਹੀ ਜਾਣਾ ਹੈ।

ਕਰਤਾਰਪੁਰ ਤੋਂ ਥੋੜ੍ਹਾ ਅਗਾਂਹ ਜਾ ਕੇ ਸੜਕ ਦੇ ਇਕ ਪਾਸੇ ਇਕ ਦਰਖ਼ਤ ਹੇਠਾਂ ਚਾਦਰ ਵਿਛਾ ਕੇ ਮੈਂ ਆਪਣੇ ਮੁੰਡੇ ਨੂੰ ਪਾ ਦਿੱਤਾ। ਮੁੰਡਾ ਬੇਹੋਸ਼ੀ ਦੀ ਹਾਲਤ ਵਿਚ ਸੀ। ਉਸਦੇ ਸਰੀਰ ਵਿਚ ਕੋਈ ਹਿਲਜੁਲ ਨਹੀਂ ਸੀ। ਮੈਂ ਦਿਲ ਵਿਚ ਮਹਾਰਾਜ ਜੀ ਅੱਗੇ ਅਰਦਾਸ ਕੀਤੀ ਕਿ ਮਹਾਰਾਜ ਜੀ, ਮੇਰੇ ਮੁੰਡੇ ਨੂੰ ਤੁਸੀਂ ਠੀਕ ਕਰਨਾ ਹੈ। ਉਸੇ ਵੇਲੇ ਮੇਰੇ ਕੰਨਾਂ ਵਿਚ ਅਵਾਜ਼ ਪਈ ਕਿ ਪ੍ਰਸਾਦ ਲੈ ਆਓ। ਸਾਹਮਣੇ ਇਕ ਅੰਗੂਰ ਦੀ ਰੇਹੜੀ ਵਾਲਾ ਖੜਾ ਸੀ। ਮੈਂ ਪਤੀ ਨੂੰ ਅੰਗੂਰ ਲਿਆਉਣ ਲਈ ਕਿਹਾ ਤੇ ਉਹ ਕੁੱਝ ਅੰਗੂਰ ਲੈ ਆਏ। ਮੈਂ ਉਹ ਅੰਗੂਰ ਹੱਥ ਵਿਚ ਲੈ ਕੇ ਅਰਦਾਸ ਕੀਤੀ ਤੇ ਦੋ-ਤਿੰਨ ਅੰਗੂਰ ਮੁੰਡੇ ਦੇ ਮੂੰਹ ਵਿਚ ਪਾ ਦਿੱਤੇ। ਥੋੜ੍ਹੀ ਦੇਰ ਵਿਚ ਹੀ ਮੁੰਡੇ ਨੂੰ ਹੋਸ਼ ਆ ਗਿਆ ਤੇ ਉਹ ਉੱਠ ਕੇ ਬੈਠ ਗਿਆ। ਬਾਕੀ ਦੇ ਅੰਗੂਰ ਅਸੀਂ ਵੰਡ ਕੇ ਖਾ ਲਏ ਤੇ ਮੁੜ ਆਪਣੀ ਮੰਜ਼ਿਲ ਵੱਲ ਤੁਰ ਪਏ। ਰਸਤੇ ਵਿਚ ਅਸੀਂ ਦੋ ਕਿਲੋ ਆਟਾ ਖ਼ਰੀਦਿਆ ਤੇ ਇਕ ਘਰ ਦੇ ਵਿਹੜੇ ਵਿਚ ਚੁੱਲ੍ਹਾ ਬਲਦਾ ਪਿਆ ਸੀ। ਮੈਂ ਉਸ ਘਰ ਵਿਚ ਗਈ ਤੇ ਉਥੇ ਇਕ ਜਨਾਨੀ ਬੈਠੀ ਸੀ ਮੈਂ ਉਸ ਨੂੰ ਚੁੱਲ੍ਹੇ ਤੇ ਰੋਟੀ ਪਕਾਉਣ ਲਈ ਪੁੱਛਿਆ ਤਾਂ ਉਸਨੇ ਹਾਂ ਕਰ ਦਿੱਤੀ। ਮੈਂ ਉਸ ਆਟੇ ਦੀਆਂ ਉਥੇ ਰੋਟੀਆਂ ਪਕਾਈਆਂ ਤੇ ਉਥੋਂ ਹੀ ਅਚਾਰ ਲੈ ਕੇ ਅਸੀਂ ਰੋਟੀ ਖਾਧੀ।

ਸ਼ਾਮ ਵੇਲੇ ਅਸੀਂ ਅਚਲ ਸਾਹਿਬ ਪਹੁੰਚੇ। ਅਸੀਂ ਬਹੁਤ ਥੱਕ ਗਏ ਸੀ। ਸੜਕ ਦੇ ਇਕ ਪਾਸੇ ਚਾਹ ਦੀ ਦੁਕਾਨ ਸੀ। ਅਸੀਂ ਉਸ ਨੂੰ ਚਾਹ ਬਣਾਉਣ ਲਈ ਕਿਹਾ ਤਾਂ ਸਾਡੇ ਨਾਲ ਹੀ ਇਕ ਬੰਦਾ ਖੜਾ ਸੀ ਉਸ ਨੇ

ਸਾਨੂੰ ਕਿਹਾ ਕਿ ਤੁਸੀਂ ਇਥੇ ਚਾਹ ਨਾ ਬਣਵਾਓ, ਨੇੜੇ ਹੀ ਗੁਰਦੁਆਰਾ ਹੈ ਤੁਸੀਂ ਉਥੇ ਚਲੇ ਜਾਓ। ਉਥੇ ਅਰਾਮ ਨਾਲ ਚਾਹ-ਦੁੱਧ ਪੀਣਾ ਤੇ ਉਥੇ ਅਰਾਮ ਵੀ ਕਰ ਲੈਣਾ। ਅਸੀਂ ਗੁਰਦੁਆਰੇ ਪਹੁੰਚ ਗਏ। ਉਥੇ ਸੰਗਤ ਨੂੰ ਦੁੱਧ ਵਿਚ ਪੱਤੀ ਪਾ ਕੇ ਦੇ ਰਹੇ ਸਨ। ਅਸੀਂ ਵੀ ਦੁੱਧ-ਚਾਹ ਪੀਤੀ ਤੇ ਲੰਗਰ ਛਕਿਆ। ਉਦੋਂ ਤੱਕ ਹਨੇਰਾ ਹੋ ਗਿਆ ਸੀ। ਅਸੀਂ ਗੁਰਦੁਆਰੇ ਦੇ ਗੇਟ ਦੇ ਕੋਲ ਇਕ ਪਾਸੇ ਆਪਣੀ ਚਾਦਰ ਵਿਛਾ ਕੇ ਲੇਟ ਗਏ। ਇੰਨੇ ਨੂੰ ਗੁਰਦੁਆਰੇ ਦਾ ਇਕ ਸੇਵਕ ਸਾਡੇ ਕੋਲ ਆਇਆ ਤੇ ਸਾਨੂੰ ਕਹਿੰਦਾ ਕਿ ਤੁਹਾਡੇ ਕੋਲ ਨਿੱਕਾ ਬੱਚਾ ਹੈ ਤੇ ਤੁਸੀਂ ਇਥੇ ਨਾ ਲੇਟੋ। ਅਸੀਂ ਤੁਹਾਨੂੰ ਕਮਰਾ ਦੇ ਦਿੰਦੇ ਹਾਂ। ਤੁਸੀਂ ਰਾਤ ਉਥੇ ਬਿਤਾ ਲੈਣਾ ਪਰ ਸਵੇਰੇ 4.00 ਵਜੇ ਉਹ ਕਮਰਾ ਖਾਲੀ ਕਰ ਦੇਣਾ ਕਿਉਂਕਿ ਉਹ ਪ੍ਰਸਾਦ ਵਾਲਾ ਕਮਰਾ ਹੈ। ਉਹਨਾਂ ਨੇ ਸਾਨੂੰ ਉਸ ਕਮਰੇ ਵਿਚ ਠਹਿਰਾ ਦਿੱਤਾ। ਰਾਤ ਅਸੀਂ ਉਸ ਕਮਰੇ ਵਿਚ ਹੀ ਬਿਤਾਈ। ਸਵੇਰੇ ਜਲਦੀ ਉੱਠ ਕੇ ਅਸੀਂ ਇਸ਼ਨਾਨ ਕੀਤਾ ਤੇ ਚਾਹ-ਪਾਣੀ ਪੀ ਕੇ ਉਥੋਂ ਤੁਰ ਪਏ।

ਦੂਜੇ ਦਿਨ ਜਦੋਂ ਅਸੀਂ ਡੇਰੇ ਪਹੁੰਚੇ ਤਾਂ ਮਹਾਰਾਜ ਜੀ ਕਮਰੇ ਵਿਚੋਂ ਬਾਹਰ ਆ ਰਹੇ ਸਨ। ਸਾਨੂੰ ਵੇਖ ਕੇ ਉਹ ਆਪਣੇ ਦੋਵੇਂ ਹੱਥ ਉਤਾਂਹ ਚੁੱਕ ਕੇ ਤਾੜੀ ਮਾਰਦੇ ਹੋਏ ਕਹਿਣ ਲੱਗੇ, 'ਬੱਲ-ਬੱਲੇ, ਬੱਲੇ-ਬੱਲੇ, ਮਹਿੰਦਰ ਕੌਰ ਦੀ ਜਨਤਾ-ਪਾਰਟੀ ਪੈਦਲ ਚੱਲ ਕੇ ਆਈ ਹੈ।' ਅਸੀਂ ਸਾਰੇ ਬਹੁਤ ਹੀ ਹੱਸੇ ਤੇ ਇਸ ਹਾਸੇ ਦੇ ਨਾਲ ਹੀ ਸਾਡੀ ਸਾਰੀ ਥਕਾਵਟ ਦੂਰ ਹੋ ਗਈ। ਮਹਾਰਾਜ ਜੀ ਕਹਿਣ ਲੱਗੇ ਕਿ ਸਾਈਕਲ ਨੂੰ ਇਕ ਪਾਸੇ ਰੱਖ ਕੇ ਇੱਥੇ ਆਓ। ਉਹਨਾਂ ਨੇ ਸਾਨੂੰ ਆਪਣੇ ਕੋਲ ਬਿਠਾ ਕੇ ਸਾਡੇ ਲਈ ਦੁੱਧ ਮੰਗਾਇਆ। ਮਹਾਰਾਜ ਜੀ ਨੇ ਸਾਨੂੰ 13 ਦਿਨਾਂ ਤੱਕ ਡੇਰੇ ਵਿਚ ਰਹਿ ਕੇ ਸੇਵਾ ਕਰਨ ਲਈ ਕਿਹਾ। 13 ਦਿਨਾਂ ਦੀ ਸੇਵਾ ਤੋਂ ਬਾਅਦ ਜਦੋਂ ਅਸੀਂ ਘਰ ਜਾਣ ਦੀ ਆਗਿਆ ਲੈਣ ਲੱਗੇ ਤਾਂ ਭਾਪਾ ਜੀ (ਮਹਾਰਾਜ ਜੀ ਦੇ ਪਿਤਾ ਜੀ) ਨੇ ਸਾਨੂੰ ਟੋਕਰੇ ਵਿਚ ਫਲ ਪਾ ਕੇ ਦਿੱਤੇ ਅਤੇ ਮੇਰੇ ਮੁੰਡੇ ਨੂੰ ਪਿਆਰ ਦਿੰਦੇ ਹੋਏ ਕੁੱਝ ਪੈਸੇ ਵੀ ਦਿੱਤੇ।

ਇੰਜ ਅਸੀਂ ਦੋ-ਤਿੰਨ ਵਾਰ ਪੈਦਲ ਤੁਰ ਕੇ ਡੇਰੇ ਸੇਵਾ ਕਰਨ ਲਈ ਗਏ ਕਿਉਂਕਿ ਮੇਰੇ ਪਤੀ ਦਾ ਕੰਮਕਾਰ ਬੰਦ ਸੀ ਤੇ ਸਾਡੇ ਕੋਲ ਕਿਰਾਏ ਲਈ ਪੈਸੇ ਨਹੀਂ ਸੀ ਹੁੰਦੇ ਪਰ ਮਹਾਰਾਜ ਜੀ ਨਾਲ ਇੰਨਾ ਪਿਆਰ ਤੇ ਲਗਾਵ ਸੀ ਕਿ ਅਸੀਂ ਪੈਦਲ ਤੁਰ ਕੇ ਡੇਰੇ ਜਾਣਾ ਤੇ ਮਹਾਰਾਜ ਜੀ ਦਾ ਸਤਿਸੰਗ ਸੁਣਨਾ ਅਤੇ ਡੇਰੇ ਵਿਚ ਜਾ ਕੇ ਸੇਵਾ ਕਰਨੀ। ਜਿਵੇਂ-ਜਿਵੇਂ ਅਸੀਂ ਡੇਰੇ ਵਿਚ ਸੇਵਾ ਕੀਤੀ, ਪਤਾ ਹੀ ਨਹੀਂ ਲੱਗਿਆ ਕਿ ਸਾਡੇ ਦਿਨ ਕਿਵੇਂ ਬਦਲ ਗਏ। ਅੱਜ ਹੋਰ, ਕੱਲ੍ਹ ਕੁੱਝ ਹੋਰ। ਮਹਾਰਾਜ ਜੀ ਦੀ ਇੰਨੀ ਕਿਰਪਾ ਹੋਈ ਕਿ ਅੱਜ ਮੇਰੇ ਉਸੇ ਮੁੰਡੇ ਦੇ ਕੋਲ ਟਰੱਕ ਹੈ ਜਿਹੜਾ ਸਾਡੇ ਨਾਲ ਪੈਦਲ ਜਾਂਦਾ ਹੁੰਦਾ ਸੀ। ਅੱਜ ਉਹ ਹਰ ਭੰਡਾਰੇ ਤੇ ਆਪਣੇ ਟਰੱਕ ਵਿਚ ਸੰਗਤ ਲੈ ਦੇ ਡੇਰੇ ਜਾਂਦਾ ਹੈ। ਉਹ ਕਹਿੰਦਾ ਹੈ ਕਿ ਮਾਂ! ਵੇਖ ਲੈ, ਕਦੇ ਅਸੀਂ ਪੈਦਲ ਤੁਰ ਕੇ ਡੇਰੇ ਜਾਂਦੇ ਸੀ ਅਤੇ ਹੁਣ ਮਹਾਰਾਜ ਜੀ ਦੀ ਇੰਨੀ ਕਿਰਪਾ ਹੈ ਕਿ ਅੱਜ ਅਸੀਂ ਸੰਗਤ ਨੂੰ ਗੱਡੀ ਵਿਚ ਲੈ ਕੇ ਜਾਂਦੇ ਹਾਂ।

ਮੈਂ ਤਾਂ ਹਮੇਸ਼ਾ ਮਹਾਰਾਜ ਜੀ ਨੂੰ ਇਹੀ ਆਖਦੀ ਹਾਂ ਕਿ ਮਹਾਰਾਜ ਜੀ, ਅਸੀਂ ਤਾਂ ਦੁਨੀਆ ਦੇ ਠੁਕਰਾਏ ਹੋਏ ਸੀ ਪਰ ਆਪ ਜੀ ਨੇ ਸਾਨੂੰ ਆਪਣੀ ਸ਼ਰਣ ਵਿਚ ਲੈ ਕੇ ਸਾਡੀ ਝੋਲੀ ਖੁਸ਼ੀਆਂ ਨਾਲ ਭਰ ਦਿੱਤੀ ਹੈ।

ਦਾਸ ਮਹਿੰਦਰ ਕੌਰ
(ਜਲੰਧਰ, ਪੰਜਾਬ)

## ਮੁਸ਼ਕਿਲ ਸਮੇਂ ਵਿਚ ਆਰਥਿਕ ਮਦਦ ਕਰਨਾ

ਸੰਨ 1982 ਦੀ ਗੱਲ ਹੈ। ਮੇਰਾ ਜੀਵਨ ਮੁਸ਼ਕਿਲਾਂ ਨਾਲ ਭਰਿਆ ਹੋਇਆ ਸੀ ਤੇ ਕਿਤੋਂ ਵੀ ਕੋਈ ਹੱਲ ਨਿਕਲਣ ਦੀ ਗੁੰਜਾਇਸ਼ ਨਹੀਂ ਸੀ। ਮੈਨੂੰ ਮੁਸ਼ਕਿਲਾਂ 'ਚ ਘਿਰੇ ਹੋਏ ਨੂੰ ਇਕ ਆਸ ਉਦੋਂ ਬੱਝੀ ਜਦੋਂ ਮੈਂ ਕਿਸੇ ਦੇ ਜ਼ਰੀਏ ਪਹਿਲੀ ਵਾਰ ਲੋਨੀ ਡੇਰੇ ਵਿਚ ਮਹਾਰਾਜ ਦਰਸ਼ਨ ਦਾਸ ਜੀ ਦੇ ਦਰਸ਼ਨ ਕੀਤੇ। ਉਸੇ ਵਰ੍ਹੇ ਨਵੰਬਰ ਵਿਚ ਹੀ ਮਹਾਰਾਜ ਜੀ ਦੀ ਕਿਰਪਾ ਨਾਲ ਮੈਨੂੰ ਨਾਮ ਦੀ ਬਖ਼ਸ਼ਿਸ਼ ਹੋਈ। ਮੈਂ ਸਮੇਂ-ਸਮੇਂ ਸਿਰ ਲੋਨੀ ਡੇਰੇ ਜਾ ਕੇ ਸੇਵਾ ਕਰਨ ਲੱਗ ਗਿਆ।

1983 ਵਿਚ ਮੇਰੇ ਕਾਰੋਬਾਰ ਵਿਚ ਮੈਨੂੰ ਘਾਟਾ ਪੈਣ ਲੱਗਾ ਤੇ ਮੇਰਾ ਕਾਰੋਬਾਰ ਘੱਟਦਾ ਹੀ ਗਿਆ। ਘਰ ਦੇ ਹਾਲਾਤ ਇਹੋ ਜਿਹੇ ਹੋ ਗਏ ਕਿ ਘਰ ਵਿਚ ਰਾਸ਼ਨ ਦੀ ਵੀ ਕਮੀ ਹੋ ਗਈ। ਡੇਰੇ ਵਿਚ ਜਦੋਂ ਮਹਾਰਾਜ ਜੀ ਮੈਨੂੰ ਪੁੱਛਦੇ ਕਿ ਦੱਸੋ! ਕੀ ਹਾਲ ਹੈ? ਤਾਂ ਮੇਰੇ ਮੂੰਹੋਂ ਇਹੋ ਨਿਕਲਦਾ ਕਿ ਮਹਾਰਾਜ ਜੀ, ਆਪ ਜੀ ਦੀ ਕਿਰਪਾ ਹੈ। ਮੇਰਾ ਜਵਾਬ ਸੁਣ ਕੇ ਹਜ਼ੂਰ ਹੱਸ ਪੈਂਦੇ ਤੇ ਅੱਗੋਂ ਇਹੋ ਕਹਿੰਦੇ ਕਿ ਕਿਰਪਾ ਬਣੀ ਰਹੇਗੀ। ਜਦੋਂ ਰਿਸ਼ਤੇਦਾਰਾਂ ਨੂੰ ਮੇਰੀ ਵਿਗੜੀ ਹਾਲਤ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਤਾਹਨੇ-ਮਿਹਣੇ ਮਾਰਨੇ ਸ਼ੁਰੂ ਕਰ ਦਿੱਤੇ। ਉਹ ਆਖਦੇ ਕਿ ਤੁਸੀਂ ਤਾਂ ਕਹਿੰਦੇ ਹੋ ਕਿ ਤੁਹਾਡੇ ਮਹਾਰਾਜ ਜੀ ਤਾਂ ਬਹੁਤ ਵੱਡੀ ਤਾਕਤ ਦੇ ਮਾਲਿਕ ਹਨ। ਜੇ ਉਹ ਇੰਨੀ ਤਾਕਤ ਦੇ ਮਾਲਿਕ ਹਨ ਤਾਂ ਉਹ ਤੁਹਾਡਾ ਕਾਰੋਬਾਰ ਕਿਉਂ ਨਹੀਂ ਚਲਾਉਂਦੇ। ਮੈਂ ਉਹਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਕਿ ਮਹਾਰਾਜ ਜੀ ਤਾਂ ਜਾਨੀ-ਜਾਨ ਹਨ, ਉਹਨਾਂ ਨੂੰ ਸਭ ਕੁੱਝ ਪਤਾ ਹੈ। ਜਦੋਂ ਉਹਨਾਂ ਦੀ ਮਰਜ਼ੀ ਹੋਏਗੀ ਉਹ ਕੰਮ ਚਲਾ ਦੇਣਗੇ। ਮੈਨੂੰ ਆਪਣੇ ਗੁਰੂ ਸਾਹਿਬ ਨਾਲ ਕੋਈ ਸ਼ਿਕਾਇਤ ਨਹੀਂ ਹੈ।

ਇਕ ਦਿਨ ਮੈਨੂੰ ਪਤਾ ਲੱਗਿਆ ਕਿ ਮਹਾਰਾਜ ਜੀ ਲੋੜ ਪੈਣ ਤੇ ਸੇਵਕਾਂ ਨੂੰ ਕਰਜ਼ਾ ਵੀ ਦਿੰਦੇ ਹਨ। ਮੈਂ ਵੀ ਹਜ਼ੂਰ ਤੋਂ ਕਰਜ਼ਾ ਲੈਣ ਲਈ

ਆਪਣਾ ਨਾਂ ਲਿਖਵਾ ਦਿੱਤਾ। ਜਦੋਂ ਮੇਰੀ ਵਾਰੀ ਆਈ ਤੇ ਮੈਂ ਹਜ਼ੂਰ ਕੋਲ ਪਹੁੰਚਿਆ ਤਾਂ ਹਜ਼ੂਰ ਨੇ ਮੈਨੂੰ ਕਰਜ਼ਾ ਦੇਣ ਤੋਂ ਮਨ੍ਹਾ ਕਰ ਦਿੱਤਾ। ਮੈਂ ਹਜ਼ੂਰ ਦੀ ਮਰਜ਼ੀ ਨੂੰ ਮੰਨਦੇ ਹੋਏ ਚੁੱਪ ਹੋ ਗਿਆ। ਮੇਰੇ ਸਾਹਮਣੇ ਹਜ਼ੂਰ ਨੇ ਕਈ ਸੇਵਕਾਂ ਨੂੰ ਕਰਜ਼ਾ ਵੀ ਦਿੱਤਾ। ਜਦੋਂ ਮੈਂ ਜਾਣ ਲੱਗਿਆ ਤਾਂ ਮਹਾਰਾਜ ਜੀ ਨੇ ਪੁੱਛਿਆ, 'ਪੁੱਤਰ! ਪੁੱਛੇਗਾਂ ਨਹੀਂ ਕਿ ਅਸੀਂ ਤੈਨੂੰ ਕਰਜ਼ਾ ਕਿਉਂ ਨਹੀਂ ਦਿੱਤਾ?' ਮੈਂ ਕਿਹਾ – ਮਹਾਰਾਜ ਜੀ, ਜੇ ਪੁੱਛ ਹੀ ਲਿਆ ਤਾਂ ਗੱਲ ਹੀ ਮੁੱਕ ਜਾਣੀ ਹੈ ਤੇ ਬਾਕੀ ਕੀ ਰਹਿ ਜਾਏਗਾ? ਮਹਾਰਾਜ ਜੀ ਹੱਸ ਪਏ ਤੇ ਬੋਲੇ, 'ਪੁੱਤਰ! ਇਸ ਸਮੇਂ ਤੇਰਾ ਸਮਾਂ ਬਹੁਤ ਖ਼ਰਾਬ ਚਲ ਰਿਹਾ ਹੈ ਤੇ ਇਸ ਵੇਲੇ ਅਸੀਂ ਤੈਨੂੰ ਇਕ ਲੱਖ ਰੁਪਇਆ ਵੀ ਦਿੰਦੇ ਹਾਂ ਤਾਂ ਉਹ ਵੀ ਤੇਰੇ ਲਈ ਇਕ ਹਜ਼ਾਰ ਦਾ ਕੰਮ ਕਰੇਗਾ। ਕੰਮ ਬਣੇਗਾ ਨਹੀਂ ਤੇ ਉਤੋਂ ਕਰਜ਼ਾ ਹੋਰ ਚੜ੍ਹ ਜਾਣਾ ਹੈ। ਕਿਸੇ ਤੋਂ ਕਰਜ਼ਾ ਲੈ ਕੇ ਉਸ ਨੂੰ ਮੋੜਨਾ ਜ਼ਰੂਰ ਚਾਹੀਦਾ ਹੈ ਨਹੀਂ ਤਾਂ ਉਹ ਰੱਬ ਦੇ ਘਰ ਗੁਨਾਹ ਬਣ ਜਾਂਦਾ ਹੈ। ਹਾਂ, ਜੇ ਤੁਹਾਡੀ ਕੋਈ ਮਦਦ ਕਰਦਾ ਹੈ ਤੇ ਤੁਸੀਂ ਉਸ ਨੂੰ ਮੋੜ ਨਾ ਸਕੋ ਤਾਂ ਕੋਈ ਗੱਲ ਨਹੀਂ। ਫਿਰ ਜਦੋਂ ਤੁਹਾਡੇ ਕੋਲ ਪੈਸੇ ਆ ਜਾਣ ਤਾਂ ਜ਼ਰੂਰ ਮੋੜੋ। ਇਸੇ ਕਰਕੇ ਅਸੀਂ ਤੈਨੂੰ ਕਰਜ਼ਾ ਨਹੀਂ ਦੇ ਰਹੇ ਪਰ ਤੁਹਾਡੀ ਮਦਦ ਜ਼ਰੂਰ ਕਰਾਂਗੇ।' ਹਜ਼ੂਰ ਨੇ ਕਈ ਵਾਰ ਮੇਰੀ ਆਰਥਿਕ ਮਦਦ ਕੀਤੀ ਵੀ।

ਇਕ ਵਾਰ ਮੈਨੂੰ ਕੰਮ ਦੇ ਸਿਲਸਿਲੇ ਵਿਚ ਪੰਜਾਬ ਜਾਣਾ ਪਿਆ। ਨਾਂਗਲੋਈ ਕਮੇਟੀ ਦੀ ਸਾਰੀ ਸੇਵਾ ਮੇਰੇ ਕੋਲ ਹੀ ਰਹਿੰਦੀ ਸੀ ਕਿਉਂਕਿ ਮੈਂ ਕਮੇਟੀ ਦਾ ਖ਼ਜਾਨਚੀ ਸੀ। ਘਰ ਦੀ ਆਰਥਿਕ ਹਾਲਤ ਇੰਨੀ ਮਾੜੀ ਸੀ ਕਿ ਬੱਚਿਆਂ ਨੂੰ ਰੋਟੀ ਖੁਆਣੀ ਵੀ ਮੁਸ਼ਕਿਲ ਹੋ ਗਈ ਸੀ। ਹਜ਼ੂਰ ਮਹਾਰਾਜ ਜੀ ਨੂੰ ਪਲ-ਪਲ ਦੀ ਖ਼ਬਰ ਸੀ ਇਸ ਲਈ ਉਸੇ ਰਾਤ ਉਹ ਮੇਰੀ ਘਰਵਾਲੀ ਦੇ ਸੁਪਨੇ ਵਿਚ ਆ ਕੇ ਉਸਨੂੰ ਕਹਿੰਦੇ ਕਿ ਸਾਡੀ ਜੋ ਸੇਵਾ ਘਰ ਵਿਚ ਪਈ ਹੈ ਉਸੇ ਦੇ ਵਿਚੋਂ 260 ਰੁਪਏ ਘਰ ਦੇ ਖ਼ਰਚੇ ਲਈ ਕੱਢ ਲਓ। ਦੂਜੇ ਦਿਨ ਮੇਰੀ ਘਰਵਾਲੀ ਡੇਰੇ ਗਈ। ਜਦੋਂ ਉਹ ਮਹਾਰਾਜ ਜੀ ਕੋਲ ਪਹੁੰਚੀ ਤਾਂ ਉਹ ਰੋਣ ਲੱਗ ਪਈ। ਮਹਾਰਾਜ ਜੀ ਨੇ ਪੁੱਛਿਆ ਕਿ ਕੀ

ਗੱਲ ਹੈ? ਉਹ ਕੁੱਝ ਨਹੀਂ ਬੋਲੀ ਬਸ ਰੋਂਦੀ ਰਹੀ। ਮਹਾਰਾਜ ਜੀ ਫਿਰ ਬੋਲੇ, 'ਪੁਤਰ! ਤੁਹਾਨੂੰ ਪੈਸਿਆਂ ਦੀ ਲੋੜ ਹੈ ਤਾਂ ਉਹ ਤਾਂ ਅਸੀਂ ਰਾਤ ਸੁਪਨੇ ਵਿਚ ਹੀ ਤੁਹਾਨੂੰ ਕਿਹਾ ਸੀ ਕਿ ਸਾਡੀ ਸੇਵਾ ਵਿਚੋਂ 260 ਰੁਪਏ ਖ਼ਰਚ ਕਰ ਲਓ, ਜੇ ਰਾਸ਼ਨ ਚਾਹੀਦਾ ਹੈ ਤਾਂ ਉਹ ਅਸੀਂ ਡੇਰੇ 'ਚੋਂ ਭਿਜਵਾ ਦਿੰਦੇ ਹਾਂ। ਰਹੀ ਗੱਲ, ਰਾਮ ਮੋਹਨ ਦੀ ਤਾਂ ਉਹ ਕੱਲ੍ਹ ਤੱਕ ਮੁੜ ਕੇ ਆ ਜਾਏਗਾ। ਇੰਜ ਹਜ਼ੂਰ ਮਹਾਰਾਜ ਜੀ ਨੇ ਮੇਰੀ ਕਈ ਬਾਰ ਮਦਦ ਕੀਤੀ। ਉਸ ਤੋਂ ਬਾਅਦ ਤਾਂ ਹਜ਼ੂਰ ਮਹਾਰਾਜ ਜੀ ਨੇ ਇੰਨਾ ਦਿੱਤਾ ਹੈ ਕਿ ਬਿਆਨ ਤੋਂ ਬਾਹਰ ਹੈ।

ਜੇਠ 1984 ਦਾ ਮਹੀਨਾ ਸੀ ਤੇ ਮੈਂ ਪੰਜਾਬ ਗਿਆ ਹੋਇਆ ਸੀ। ਮੇਰਾ ਦਿੱਲੀ ਵਾਪਿਸ ਆਉਣ ਦਾ ਅਜੇ ਕੋਈ ਪ੍ਰੋਗਰਾਮ ਨਹੀਂ ਸੀ। ਦੂਜਾ, ਪੰਜਾਬ ਵਿਚ ਮੇਰੇ ਕਿਸੇ ਰਿਸ਼ਤੇਦਾਰ ਦੀ ਮੌਤ ਹੋ ਗਈ ਸੀ ਇਸ ਲਈ ਮੈਂ ਸੋਚਿਆ ਕਿ ਕਿਰਿਆ ਤੋਂ ਬਾਅਦ ਹੀ ਦਿੱਲੀ ਵਾਪਿਸ ਜਾਵਾਂਗਾ।

ਇਕ ਦਿਨ ਸਵੇਰੇ ਉੱਠਦੇ ਹੀ ਮੇਰੀ ਤਬੀਅਤ ਅਚਾਨਕ ਖ਼ਰਾਬ ਹੋ ਗਈ। ਉਲਟੀਆਂ ਆਣ ਲੱਗੀਆਂ ਤੇ ਖਾਣਾ-ਪੀਣਾ ਪਚਨਾ ਬੰਦ ਹੋ ਗਿਆ। ਅੰਦਰੋਂ ਮੇਰਾ ਦਿਲ ਇੰਨਾ ਉਦਾਸ ਰਿਹਾ ਹੋ ਗਿਆ ਕਿ ਮੈਂ ਉਸੇ ਵੇਲੇ ਦਿੱਲੀ ਵਾਪਸ ਜਾਣ ਦਾ ਫੈਸਲਾ ਕੀਤਾ। ਮੈਂ ਆਪਣੀ ਭੈਣ ਜੋ ਮਹਿਤਾ ਚੌਂਕ ਵਿਚ ਰਹਿੰਦੀ ਸੀ, ਉਸ ਨੂੰ ਦੱਸਿਆ ਕਿ ਮੈਂ ਦਿੱਲੀ ਵਾਪਸ ਜਾ ਰਿਹਾ ਹਾਂ। ਉਸਨੇ ਮੈਨੂੰ ਬੜਾ ਸਮਝਾਇਆ ਕਿ ਤੁਸੀਂ ਕਿਰਿਆ ਤੋਂ ਬਾਅਦ ਚਲੇ ਜਾਣਾ ਪਰ ਮੇਰੇ ਉੱਪਰ ਤਾਂ ਦਿੱਲੀ ਜਾਣ ਦੀ ਧੁਨ ਸਵਾਰ ਹੋ ਗਈ। ਮੈਨੂੰ ਦੱਸਿਆ ਗਿਆ ਕਿ ਦਿੱਲੀ ਜਾਣ ਲਈ ਹੁਣ ਕੋਈ ਬਸ ਨਹੀਂ ਹੈ ਤੇ ਅੰਬਾਲਾ ਦੀ ਬਸ ਵੀ 12 ਵਜੇ ਜਾ ਚੁੱਕੀ ਹੈ। ਮੈਂ ਜ਼ਿੱਦ ਕਰਕੇ ਅੱਡੇ ਪਹੁੰਚ ਗਿਆ। ਮਹਾਰਾਜ ਜੀ ਦੀ ਇੰਨੀ ਕਿਰਪਾ ਹੋਈ ਕਿ ਅੰਬਾਲਾ ਵਾਲੀ ਬਸ ਲੇਟ ਹੋ ਗਈ ਸੀ ਤੇ ਉਹ ਮੈਨੂੰ ਮਿਲ ਗਈ ਅਤੇ ਮੈਂ ਉਸ ਵਿਚ ਹੀ ਬੈਠ ਗਿਆ। ਖਾਣਾ ਨਾ ਪਚਣ ਕਰਕੇ ਮੇਰਾ ਪੇਟ ਬਿਲਕੁਲ ਖ਼ਾਲੀ ਸੀ। ਅੰਬਾਲਾ ਪਹੁੰਚ ਦੇ ਹਿੰਮਤ ਕਰਦੇ ਹੋਏ ਮੈਂ ਇਕ ਗਿਲਾਸ ਲੱਸੀ ਪੀਤੀ ਤੇ ਉਹ ਮੈਨੂੰ

ਹਜ਼ਮ ਹੋ ਗਈ। ਥੋੜ੍ਹੀ ਦੇਰ ਉਡੀਕਣ ਤੋਂ ਬਾਅਦ ਮੈਨੂੰ ਅੰਬਾਲਾ ਤੋਂ ਦਿੱਲੀ ਦੀ ਬਸ ਵੀ ਮਿਲ ਗਈ। ਕਰਨਾਲ ਪਹੁੰਚ ਕੇ ਮੈਂ ਰੋਟੀ ਖੱਧੀ ਤੇ ਮਹਾਰਾਜ ਜੀ ਦੀ ਕਿਰਪਾ ਨਾਲ ਮੇਰੀ ਹਾਲਤ ਵੀ ਸੁਧਰ ਗਈ। ਸਵੇਰੇ ਚਾਰ ਵਜੇ ਮੈਂ ਘਰ ਪਹੁੰਚਿਆ। ਘਰ ਪਹੁੰਚ ਕੇ ਉਸੇ ਦਿਨ ਖ਼ਬਰ ਸੁਣਨ ਨੂੰ ਮਿਲੀ ਕਿ ਪੰਜਾਬ ਵਿਚ ਬਲੂਸਟਾਰ ਆਪਰੇਸ਼ਨ ਹੋ ਕਿਆ ਹੈ ਤੇ ਪੂਰੇ ਪੰਜਾਬ ਵਿਚ ਕਰਫ਼ੂ ਲਾ ਦਿੱਤਾ ਗਿਆ ਹੈ। ਉਦੋਂ ਮੇਰੀ ਸਮਝ ਵਿਚ ਆਇਆ ਕਿ ਮੈਨੂੰ ਮੁਸੀਬਤ ਤੋਂ ਬਚਾਉਣ ਲਈ ਹੀ ਮਹਾਰਾਜ ਜੀ ਨੇ ਇਹ ਰਚਨਾ ਰਚੀ।

ਦਾਸ ਰਾਮ ਮੋਹਨ

(ਨਾਂਗਲੋਈ, ਦਿੱਲੀ)

## ਝੂਠ ਬੋਲਣ ਦੀ ਸਜ਼ਾ

ਪੀਰਾ ਗੜ੍ਹੀ ਬਜ਼ਾਰ ਵਿਚ ਮੇਰਾ ਕਪੜਿਆਂ ਦਾ ਕਾਰੋਬਾਰ ਹੈ। ਅਜੇ ਹੁਣ ਦੀ ਹੀ ਗੱਲ ਹੈ। ਇਕ ਵਪਾਰੀ ਸਾਡੀ ਦੁਕਾਨ ਤੇ ਚੈਕ ਲੈਣ ਲਈ ਆਇਆ। ਮੇਰੀ ਦੁਕਾਨ ਤੇ ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਦੀ ਫੋਟੋ ਲੱਗੀ ਹੋਈ ਹੈ। ਜਦੋਂ ਉਸ ਵਪਾਰੀ ਨੇ ਮਹਾਰਾਜ ਜੀ ਦੀ ਫੋਟੋ ਵੇਖੀ ਤਾਂ ਮੈਨੂੰ ਪੁੱਛਣ ਲੱਗਿਆ ਕਿ ਕੀ ਤੁਸੀਂ ਮਹਾਰਾਜ ਦਰਸ਼ਨ ਦਾਸ ਜੀ ਦੇ ਸੇਵਕ ਹੋ? ਮੈਂ ਹਾਂ ਵਿਚ ਜਵਾਬ ਦਿੱਤਾ ਤੇ ਨਾਲ ਹੀ ਉਸਨੂੰ ਵੀ ਇਹੋ ਸੁਆਲ ਪੁੱਛਿਆ ਕਿ ਕੀ ਤੁਸੀਂ ਵੀ ਮਹਾਰਾਜ ਜੀ ਦੇ ਸੇਵਕ ਹੋ? ਉਸਨੇ ਜਵਾਬ ਦਿੱਤਾ ਕਿ ਨਹੀਂ। ਅਗੋਂ ਉਸ ਨੇ ਦੱਸਿਆ ਕਿ 1983 ਵਿਚ ਮੈਂ ਮਹਾਰਾਜ ਜੀ ਕੋਲ ਇਕ ਵਾਰ ਗਿਆ ਸੀ। ਜਦੋਂ ਮੈਂ ਲੋਨੀ ਡੇਰੇ ਪਹੁੰਚਿਆ ਤਾਂ ਮੈਨੂੰ ਕੀਰਤਨ-ਸਤਸੰਗ ਸੁਣਨ ਦਾ ਮੌਕਾ ਮਿਲਿਆ। ਫਿਰ ਮਹਾਰਾਜ ਜੀ ਨੇ ਆਏ ਹੋਏ ਜੀਵਾਂ ਦੀ ਫ਼ਰਿਆਦ ਸੁਣੀ। ਮੇਰੇ ਤੋਂ ਪਹਿਲਾਂ ਇਕ ਔਰਤ ਦੀ ਵਾਰੀ ਸੀ ਜੋ ਆਪਣੀ ਸੱਸ ਨਾਲ ਆਈ ਸੀ। ਉਸਦੀ ਸੱਸ ਬਹੁਤ ਬੀਮਾਰ ਸੀ। ਉਸ ਨੇ ਮਹਾਰਾਜ ਜੀ ਨੂੰ ਪੁੱਛਿਆ, 'ਮਹਾਰਾਜ ਜੀ! ਕੀ ਮੇਰੀ ਸੱਸ ਠੀਕ ਹੋ ਜਾਏਗੀ?' ਮਹਾਰਾਜ ਜੀ ਨੇ ਉਸਦੇ ਸਵਾਲ ਦਾ ਕੋਈ ਉੱਤਰ ਨਹੀਂ ਦਿੱਤਾ। ਪਰ ਉਸਦੀ ਸੱਸ ਨੂੰ ਸਰੋਵਰ ਸਾਹਿਬ ਤੇ ਇਸ਼ਨਾਨ ਕਰਨ ਲਈ ਭੇਜ ਦਿੱਤਾ। ਜਦੋਂ ਉਸਦੀ ਸੱਸ ਇਸ਼ਨਾਨ ਕਰਨ ਚਲੀ ਗਈ ਤਾਂ ਮਹਾਰਾਜ ਜੀ ਨੇ ਉਸ ਔਰਤ ਨੂੰ ਕਿਹਾ ਕਿ ਪੂਰੇ 7 ਦਿਨਾਂ ਬਾਅਦ 12 ਵਜੇ ਤੇਰੀ ਸੱਸ ਦੀ ਮੌਤ ਹੋ ਜਾਏਗੀ ਤੇ ਤੁਹਾਡੇ ਲਈ ਇਹ ਹਿਦਾਇਤ ਹੈ ਕਿ ਤੁਸੀਂ ਦਿਨ-ਰਾਤ ਉਸਦੀ ਸੇਵਾ ਕਰਨੀ ਹੈ। ਤਨ, ਮਨ ਤੇ ਧਨ ਨਾਲ ਤੁਸੀਂ ਉਸਦੀ ਜਿੰਨੀ ਸੇਵਾ ਕਰ ਸਕਦੇ ਹੋ ਕਰੋ ਕਿਉਂਕਿ ਉਸਦੀ ਸੇਵਾ ਕਰਨ ਦਾ ਦੁਬਾਰਾ ਮੌਕਾ ਤੁਹਾਨੂੰ ਨਹੀਂ ਮਿਲਣਾ।

ਉਸ ਤੋਂ ਬਾਅਦ ਮੇਰੀ ਵਾਰੀ ਆਈ। ਮੈਨੂੰ ਸਰੀਰਕ ਰੋਗ ਸੀ। ਮਹਾਰਾਜ ਜੀ ਨੇ ਮੈਨੂੰ ਆਉਣ ਦਾ ਕਾਰਣ ਪੁੱਛਿਆ। ਮੈਂ ਮਹਾਰਾਜ ਜੀ

ਕੋਲੋਂ ਆਪਣੀ ਬੀਮਾਰੀ ਛੁਪਾਂਦਿਆਂ ਕਿਹਾ ਕਿ ਮੈਂ ਤਾਂ ਤੁਹਾਡੇ ਦਰਸ਼ਨ ਕਰਨ ਲਈ ਹੀ ਆਇਆ ਹਾਂ। ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਝੂਠ ਬੋਲ ਰਹੇ ਹੋ, ਤੁਸੀਂ ਸਾਡੇ ਦਰਸ਼ਨ ਕਰਨ ਲਈ ਨਹੀਂ ਸਗੋਂ ਕਿਸੇ ਕੰਮ ਨਾਲ ਆਏ ਹੋ। ਇਸੇ ਤਰ੍ਹਾਂ ਮਹਾਰਾਜ ਜੀ ਨੇ ਦੋ ਵਾਰ ਮੇਰੇ ਕੋਲੋਂ ਆਉਣ ਦੀ ਵਜ੍ਹਾ ਪੁੱਛੀ ਤੇ ਮੈਂ ਝੂਠ ਹੀ ਬੋਲਦਾ ਰਿਹਾ। ਮਹਾਰਾਜ ਜੀ ਨੇ ਤੀਜੀ ਵਾਰ ਫਿਰ ਕਿਹਾ, 'ਪੁੱਤਰ! ਅੱਜ ਅਸੀਂ ਬਹੁਤ ਖੁਸ਼ ਹਾਂ, ਤੂੰ ਜੋ ਮੰਗੇਗਾ ਅੱਜ ਤੇਰੀ ਹਰ ਇੱਛਾ ਪੂਰੀ ਕਰ ਦੇਵਾਂਗੇ।' ਪਰ ਮੈਂ ਫਿਰ ਉਹੀ ਜਵਾਬ ਦਿੱਤਾ ਕਿ ਮੈਂ ਤਾਂ ਸਿਰਫ਼ ਤੁਹਾਡੇ ਦਰਸ਼ਨ ਕਰਨ ਲਈ ਹੀ ਆਇਆ ਹਾਂ। ਮਹਾਰਾਜ ਜੀ ਨੇ ਕਿਹਾ, 'ਠੀਕ ਹੈ, ਪਰ ਫਿਰ ਵੀ ਤੁਸੀਂ ਜਿਸ ਸਰੀਰਕ ਬੀਮਾਰੀ ਨੂੰ ਦੂਰ ਕਰਨ ਲਈ ਆਏ ਸੀ ਉਹ ਠੀਕ ਹੋ ਜਾਏਗੀ ਤੇ ਇਹ ਬੀਮਾਰੀ ਜ਼ਿੰਦਗੀ ਵਿਚ ਦੁਬਾਰਾ ਤੁਹਾਨੂੰ ਨਹੀਂ ਲੱਗੇਗੀ।' ਫਿਰ ਮਹਾਰਾਜ ਜੀ ਬੋਲੇ, 'ਜਾਓ! ਜ਼ਿੰਦਗੀ ਵਿਚ ਮੌਜਾਂ ਲੁੱਟੋ ਪਰ ਤੁਸੀਂ ਮੇਰੇ ਨਾਲ ਝੂਠ ਬੋਲਿਆ ਹੈ ਇਸ ਲਈ ਤੁਸੀਂ ਦੁਬਾਰਾ ਇੱਥੇ ਨਹੀਂ ਆ ਸਕੋਗੇ।'

ਉਸ ਵਪਾਰੀ ਨੇ ਸਾਨੂੰ ਦੱਸਿਆ ਕਿ ਅੱਜ ਇਸ ਗੱਲ ਨੂੰ 25 ਸਾਲ ਹੋ ਗਏ ਹਨ ਤੇ ਮੇਰੀ ਉਹ ਬੀਮਾਰੀ ਹਮੇਸ਼ਾ ਲਈ ਖ਼ਤਮ ਹੋ ਗਈ ਹੈ ਪਰ ਮਹਾਰਾਜ ਜੀ ਦੇ ਵਚਨਾਂ ਦੇ ਮੁਤਾਬਿਕ ਮੈਂ ਦੁਬਾਰਾ ਡੇਰੇ ਨਹੀਂ ਜਾ ਸਕਿਆ। ਮੈਂ ਇਕ-ਦੋ ਵਾਰ ਡੇਰੇ ਜਾਣ ਦੀ ਕੋਸ਼ਿਸ਼ ਕੀਤੀ ਪਰ ਹਮੇਸ਼ਾ ਕੋਈ ਨਾ ਕੋਈ ਰੁਕਾਵਟ ਆ ਜਾਂਦੀ ਹੈ।

ਦਾਸ ਰਾਜੀਵ
(ਬੁੱਧ ਵਿਹਾਰ, ਦਿੱਲੀ)

## ਰੁਮਾਲ ਨਾਲ ਡੈਡੀ ਦਾ ਦਰਦ ਠੀਕ ਕੀਤਾ

ਮੇਰਾ ਨਾਂ ਦਾਸ ਜਸਵਿੰਦਰ ਹੈ। ਮੈਂ ਹਰੀ ਨਗਰ, ਦਿੱਲੀ ਦਾ ਰਹਿਣ ਵਾਲਾ ਹਾਂ। ਮੇਰੇ ਪਿਤਾ ਜੀ (ਦਾਸ ਸੁਰਿੰਦਰ) ਦੀ ਲੱਤ ਵਿਚ ਦਰਦ ਰਹਿੰਦਾ ਸੀ ਤੇ ਇਸੇ ਦਰਦ ਦਾ ਇਲਾਜ ਕਰਨ ਲਈ ਉਹਨਾਂ ਦਾ ਆਪਰੇਸ਼ਨ ਵੀ ਹੋਇਆ ਸੀ ਪਰ ਫਿਰ ਵੀ ਦਰਦ ਠੀਕ ਨਹੀਂ ਹੋਇਆ। ਡਾਕਟਰਾਂ ਨੇ ਮੇਰੇ ਪਿਤਾ ਜੀ ਨੂੰ ਕਿਹਾ ਕਿ ਚੋਪੜਾ ਸਾਹਿਬ, ਤੁਹਾਡਾ ਇਹ ਦਰਦ ਠੀਕ ਨਹੀਂ ਹੋ ਸਕਦਾ। ਮੇਰੇ ਪਿਤਾ ਜੀ ਇਹ ਗੱਲ ਸੁਣ ਕੇ ਨਿਰਾਸ਼ ਹੋ ਗਏ। ਥੋੜ੍ਹੇ ਦਿਨਾਂ ਬਾਅਦ ਹੀ ਸਾਡੇ ਕਿਸੇ ਜਾਣਕਾਰ ਨੇ ਮੇਰੇ ਪਿਤਾ ਜੀ ਨੂੰ ਕਿਹਾ ਕਿ ਤੁਸੀਂ ਲੋਨੀ ਜਾਓ ਤੇ ਉਥੇ ਬਾਬਾ ਦਰਸ਼ਨ ਦਾਸ ਜੀ ਦਾ ਡੇਰਾ ਹੈ। ਬਾਬਾ ਜੀ ਆਪਣੀ ਰਹਿਮਤ ਨਾਲ ਲੋਕਾਂ ਦਾ ਦੁੱਖ-ਦਰਦ ਦੂਰ ਕਰਦੇ ਹਨ। ਜੇ ਉਹਨਾਂ ਦੀ ਕਿਰਪਾ ਹੋ ਜਾਏ ਤਾਂ ਹੋ ਸਕਦਾ ਹੈ ਕਿ ਤੁਹਾਡਾ ਵੀ ਦੁੱਖ ਦੂਰ ਹੋ ਜਾਵੇ।

ਸੰਨ 1978 ਵਿਚ ਮੇਰੇ ਮੰਮੀ-ਡੈਡੀ ਪਹਿਲੀ ਵਾਰ ਲੋਨੀ ਡੇਰੇ ਗਏ। ਜਦੋਂ ਮੰਮੀ-ਡੈਡੀ ਡੇਰੇ ਪਹੁੰਚੇ ਉਦੋਂ ਡੇਰੇ ਵਿਚ ਸੇਵਾ ਹੋ ਰਹੀ ਸੀ। ਮਹਾਰਾਜ ਜੀ ਵੀ ਸੇਵਾ ਕਰ ਰਹੇ ਸਨ। ਮੰਮੀ ਵੀ ਸੇਵਾ ਕਰਨ ਲੱਗ ਗਏ ਤੇ ਡੈਡੀ ਇਕ ਪਾਸੇ ਬੈਠ ਗਏ। ਸੇਵਾ ਕਰਦਿਆਂ ਮਹਾਰਾਜ ਜੀ ਦੀ ਨਜ਼ਰ ਮੇਰੇ ਡੈਡੀ ਤੇ ਪਈ ਤਾਂ ਮਹਾਰਾਜ ਜੀ ਮੇਰੇ ਡੈਡੀ ਦਾ ਨਾਂ ਲੈਂਦੇ ਹੋਏ ਉਹਨਾਂ ਨੂੰ ਕਹਿਣ ਲੱਗੇ, 'ਚੋਪੜਾ ਜੀ! ਡਾਕਟਰ ਕੀ ਕਹਿੰਦੇ ਹਨ ਕਿ ਤੁਹਾਡੀ ਲੱਤ ਦਾ ਦਰਦ ਠੀਕ ਨਹੀਂ ਹੋ ਸਕਦਾ?' ਡੈਡੀ ਜੀ ਨੇ ਕਿਹਾ ਕਿ ਹਾਂ ਜੀ। ਮਹਾਰਾਜ ਜੀ ਨੇ ਕਿਹਾ ਕਿ ਕੀਰਤਨ-ਸਤਸੰਗ ਤੋਂ ਬਾਅਦ ਅਸੀਂ ਤੁਹਾਡੇ ਨਾਲ ਗੱਲ ਕਰਾਂਗੇ।

ਉਹਨਾਂ ਦਿਨਾਂ ਵਿਚ ਸਤਸੰਗ ਸ਼ਾਮ ਨੂੰ ਹੁੰਦਾ ਸੀ। ਮਹਾਰਾਜ ਜੀ ਸਤਸੰਗ ਕਰਨ ਤੋਂ ਬਾਅਦ ਗੱਦੀ ਭੁਗਤਾਨ ਲੱਗੇ। ਜਦੋਂ ਮੇਰੇ ਮੰਮੀ-ਡੈਡੀ ਦੀ ਵਾਰੀ ਆਈ ਤਾਂ ਮਹਾਰਾਜ ਜੀ ਨੇ ਮੇਰੀ ਮੰਮੀ ਨੂੰ ਆਪਣੇ ਬਟੂਏ ਵਿਚੋਂ

ਰੁਮਾਲ ਕੱਢਣ ਲਈ ਕਿਹਾ। ਮੰਮੀ ਨੇ ਬਟੂਏ ਵਿਚੋਂ ਰੁਮਾਲ ਕੱਢਿਆ। ਫਿਰ ਮਹਾਰਾਜ ਜੀ ਨੇ ਮੰਮੀ ਨੂੰ ਕਿਹਾ ਕਿ ਚੋਪੜਾ ਸਾਹਿਬ ਦੇ ਜਿੱਥੇ-ਜਿੱਥੇ ਵੀ ਦਰਦ ਹੁੰਦਾ ਹੈ ਉਥੇ-ਉਥੇ ਆਪਣਾ ਰੁਮਾਲ ਫੇਰ ਦਿਓ। ਮੰਮੀ ਨੇ ਉਂਜ ਹੀ ਕੀਤਾ। ਫਿਰ ਮਹਾਰਾਜ ਜੀ ਨੇ ਡੈਡੀ ਨੂੰ ਖੜ੍ਹੇ ਹੋ ਕੇ ਚਿੱਟੇ ਨਿਸ਼ਾਨ ਸਾਹਿਬ ਤੇ ਮੱਥਾ ਟੇਕ ਕੇ ਆਉਣ ਲਈ ਕਿਹਾ। ਮੇਰੇ ਡੈਡੀ ਕੋਲੋਂ ਚੱਲਣਾ ਤਾਂ ਦੂਰ ਦੀ ਗੱਲ ਉਹਨਾਂ ਕੋਲੋਂ ਤਾਂ ਉੱਠ ਵੀ ਨਹੀਂ ਸੀ ਹੁੰਦਾ। ਪਰ ਮਹਾਰਾਜ ਜੀ ਦੀ ਕਿਰਪਾ ਨਾਲ ਡੈਡੀ ਜੀ ਬਿਨਾ ਕਿਸੇ ਸਹਾਰੇ ਦੇ ਚਿੱਟੇ ਨਿਸ਼ਾਨ ਸਾਹਿਬ ਤੇ ਗਏ ਤੇ ਮੱਥਾ ਟੇਕ ਕੇ ਵਾਪਿਸ ਆਏ। ਫਿਰ ਮਹਾਰਾਜ ਜੀ ਨੇ ਵਚਨ ਕੀਤਾ ਕਿ ਇਹ ਰੁਮਾਲ ਦਰਦ ਵਾਲੀ ਥਾਂ ਤੇ ਪੰਜ ਵਾਰ ਫੇਰ ਲੈਣਾ, ਦਰਦ ਹਮੇਸ਼ਾ ਲਈ ਠੀਕ ਹੋ ਜਾਏਗਾ। ਇੰਜ ਮਹਾਰਾਜ ਜੀ ਦੀ ਕਿਰਪਾ ਨਾਲ ਮੇਰੇ ਡੈਡੀ ਦਾ ਲਾ-ਇਲਾਜ ਦਰਦ ਠੀਕ ਹੋ ਗਿਆ ਤੇ ਉਸ ਤੋਂ ਬਾਅਦ ਉਹਨਾਂ ਨੂੰ ਦੁਬਾਰਾ ਉਹ ਦਰਦ ਨਹੀਂ ਹੋਇਆ।

ਮੇਰੇ ਮੰਮੀ-ਡੈਡੀ ਦਾ ਮਹਾਰਾਜ ਜੀ ਨਾਲ ਪਿਆਰ ਪੈ ਗਿਆ ਤੇ ਉਹ ਲੋਨੀ ਡੇਰੇ ਆ ਕੇ ਸੇਵਾ ਕਰਨ ਲੱਗੇ। ਇਕ ਦਿਨ ਮਹਾਰਾਜ ਜੀ ਨੇ ਮੇਰੀ ਮੰਮੀ ਦੀ ਝੋਲੀ ਵਿਚ ਫਲ ਪਾਉਂਦੇ ਹੋਏ ਕਿਹਾ ਕਿ ਤੁਹਾਡੇ ਘਰ ਪੁੱਤਰ ਦਾ ਜਨਮ ਹੋਏਗਾ ਤੇ ਜਿਵੇਂ-ਜਿਵੇਂ ਉਹ ਵੱਡਾ ਹੋਏਗਾ ਤੁਹਾਡੇ ਘਰ ਵਿਚੋਂ ਗਰੀਬੀ ਖਤਮ ਹੁੰਦੀ ਜਾਏਗੀ। ਇੰਜ ਮਹਾਰਾਜ ਜੀ ਦੀ ਕਿਰਪਾ ਨਾਲ ਮੇਰਾ ਜਨਮ ਹੋਇਆ। ਮਹਾਰਾਜ ਜੀ ਨੇ ਮੇਰਾ ਨਾਂ ਜਸਵਿੰਦਰ ਰੱਖਿਆ। ਮਹਾਰਾਜ ਜੀ ਨੇ ਮੰਮੀ-ਡੈਡੀ ਨੂੰ ਕਿਹਾ ਕਿ ਜਦੋਂ ਵੀ ਤੁਸੀਂ ਇਹ ਪਤਾ ਕਰਨਾ ਹੋਵੇ ਕਿ ਅਸੀਂ ਤੁਹਾਨੂੰ ਡੇਰੇ ਵਿਚ ਮਿਲਾਂਗੇ ਜਾਂ ਨਹੀਂ ਤਾਂ ਤੁਸੀਂ ਇਸ ਬੱਚੇ ਕੋਲੋਂ ਪੁੱਛ ਲਿਆ ਕਰਨਾ ਕਿ ਅਸੀਂ ਡੇਰੇ ਵਿਚ ਹਾਂ ਜਾਂ ਨਹੀਂ। ਜੇ ਇਹ 'ਹਾਂ' ਕਹੇ ਤਾਂ ਅਸੀਂ ਤੁਹਾਨੂੰ ਡੇਰੇ ਵਿਚ ਹੀ ਮਿਲਾਂਗੇ ਤੇ ਜੇ ਇਹ 'ਨਹੀਂ' ਕਹੇ ਤਾਂ ਅਸੀਂ ਡੇਰੇ ਵਿਚ ਨਹੀਂ ਮਿਲਾਂਗੇ।

ਇਕ ਵਾਰ ਡੇਰੇ ਜਾਣ ਤੋਂ ਪਹਿਲਾਂ ਮੰਮੀ ਨੇ ਮੈਨੂੰ ਪੁੱਛ ਹੀ ਲਿਆ ਕਿ ਕੀ ਅੱਜ ਬਾਬਾ ਜੀ (ਉਸ ਵੇਲੇ ਮਹਾਰਾਜ ਜੀ ਨੂੰ ਬਾਬਾ ਜੀ ਆਖਦੇ ਸਨ)

ਡੇਰੇ ਵਿਚ ਹਨ? ਤਾਂ ਮੈਂ 'ਨਹੀਂ' ਵਿਚ ਜਵਾਬ ਦਿੱਤਾ। ਮੰਮੀ-ਡੈਡੀ ਡੇਰੇ ਚਲੇ ਗਏ। ਉਥੇ ਪਹੁੰਚ ਕੇ ਉਹਨਾਂ ਨੂੰ ਮਹਾਰਾਜ ਜੀ ਦਾ ਡਰਾਈਵਰ ਦਾਸ ਬਚਨ ਦਾਸ ਮਿਲਿਆ ਤੇ ਉਸਨੇ ਮੰਮੀ-ਡੈਡੀ ਨੂੰ ਦਸਿਆ ਕਿ ਅੱਜ ਸਵੇਰੇ ਹੀ ਬਾਬਾ ਜੀ ਇੰਗਲੈਂਡ ਚਲੇ ਗਏ ਹਨ। ਥੋੜ੍ਹੇ ਦਿਨਾਂ ਬਾਅਦ ਜਦੋਂ ਮਹਾਰਾਜ ਜੀ ਵਾਪਸ ਆਏ ਤੇ ਮੰਮੀ ਨੇ ਉਹਨਾਂ ਨੂੰ ਸਾਰੀ ਗੱਲ ਦਸੀ ਤਾਂ ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਸਾਡੀ ਪਰੀਖਿਆ ਲੈ ਰਹੇ ਸੀ। ਪੁੱਤਰ! ਜੋ ਕਿਹਾ ਜਾਵੇ ਉਸ ਨੂੰ ਸੱਤ ਵਚਨ ਕਹਿ ਕੇ ਮੰਨ ਲੈਣਾ ਚਾਹੀਦਾ ਹੈ ਤੇ ਉਸ ਤੇ ਸ਼ੱਕ ਨਹੀਂ ਕਰਨਾ ਚਾਹੀਦਾ। ਮੇਰੀ ਮੰਮੀ ਨੂੰ ਆਪਣੀ ਗਲਤੀ ਤੇ ਬੜਾ ਦੁੱਖ ਹੋਇਆ ਤੇ ਉਹਨਾਂ ਨੇ ਮਹਾਰਾਜ ਜੀ ਦੇ ਚਰਣਾਂ ਤੇ ਮੱਥਾ ਟੇਕ ਕੇ ਆਪਣੀ ਗਲਤੀ ਦੀ ਮਾਫੀ ਮੰਗੀ।

ਦਾਸ ਜਸਵਿੰਦਰ
(ਹਰੀ ਨਗਰ, ਦਿੱਲੀ)

# ਘਰ ਦਾ ਸਮਾਨ ਗਿਣ ਕੇ ਦੱਸ ਦੇਣਾ

ਮੇਰਾ ਨਾਂ ਦਾਸ ਪੁਸ਼ਪਾ ਹੈ, ਮੈਂ ਲੁਧਿਆਣਾ ਦੀ ਰਹਿਣ ਵਾਲੀ ਹਾਂ। ਮੇਰੇ ਪਤੀ ਦਾ ਨਾਂ ਦਾਸ ਕ੍ਰਿਸ਼ਨ ਲਾਲ ਹੈ ਅਤੇ ਮਹਾਰਾਜ ਜੀ ਉਹਨਾਂ ਨੂੰ 'ਲਾਲ ਜੀ' ਕਹਿ ਕੇ ਬੁਲਾਉਂਦੇ ਸਨ। ਜਦੋਂ ਮੇਰੀ ਮਹਾਰਾਜ ਜੀ ਨਾਲ ਪਹਿਲੀ ਮੁਲਾਕਾਤ ਹੋਈ, ਉਦੋਂ ਮੈਂ ਆਪਣੀ ਨਨਾਣ ਤੇ ਇਕ ਹੋਰ ਔਰਤ ਜੋ ਮੇਰੀ ਦੂਰ ਦੀ ਰਿਸ਼ਤੇਦਾਰ ਸੀ, ਨਾਲ ਮਹਾਰਾਜ ਜੀ ਦੇ ਘਰ ਬਟਾਲਾ ਗਈ ਸੀ। ਉਦੋਂ ਬਟਾਲਾ ਦਾ ਡੇਰਾ ਨਹੀਂ ਸੀ ਤੇ ਮਹਾਰਾਜ ਜੀ ਘਰ ਵਿਚ ਹੀ ਸਤਸੰਗ ਕਰਦੇ ਸਨ। ਮੈਂ ਤਾਂ ਮਹਾਰਾਜ ਜੀ ਦੇ ਘਰ ਪਹਿਲੀ ਵਾਰ ਆਈ ਸੀ ਪਰ ਉਹ ਦੋਵੇਂ ਮਹਾਰਾਜ ਜੀ ਨੂੰ ਪਹਿਲਾਂ ਵੀ ਮਿਲੀਆਂ ਸਨ ਇਸ ਲਈ ਜਦੋਂ ਅਸੀਂ ਮਹਾਰਾਜ ਜੀ ਦੇ ਘਰ ਪਹੁੰਚੇ ਤਾਂ ਉਹਨਾਂ ਨੇ ਮੇਰੇ ਪੁੱਤਰ ਦੀ ਉਮਰ ਦੇ ਇਕ ਮੁੰਡੇ ਨੂੰ ਮੱਥਾ ਟੇਕਿਆ। ਇਹ ਸੋਚ ਕੇ ਕਿ ਇਹ ਤਾਂ ਮੇਰੇ ਪੁੱਤਰ ਦਾ ਹਾਣੀ ਹੈ, ਮੈਂ ਉਸਨੂੰ ਮੱਥਾ ਨਹੀਂ ਟੇਕਿਆ। ਮੈਂ ਸੋਚਿਆ ਕਿ ਇਹ ਬਾਬਾ ਜੀ ਦਾ ਪੁੱਤਰ ਹੋਣਾ ਹੈ। ਉਹਨਾਂ ਨੇ ਸਾਨੂੰ ਅੰਦਰ ਬੈਠਣ ਲਈ ਕਿਹਾ ਤੇ ਅਸੀਂ ਅੰਦਰ ਕਮਰੇ ਵਿਚ ਬੈਠ ਗਏ। ਅਸੀਂ ਕਾਫੀ ਦੇਰ ਬੈਠੇ ਰਹੇ। ਇਸੇ ਦੌਰਾਨ ਮਾਤਾ ਜੀ ਨੇ ਸਾਨੂੰ ਚਾਹ ਵੀ ਪਿਆਈ। ਜਦੋਂ ਬਹੁਤ ਦੇਰ ਹੋ ਗਈ ਤਾਂ ਮੈਂ ਆਪਣੀ ਨਨਾਣ ਨੂੰ ਕਿਹਾ ਕਿ ਬਾਬਾ ਜੀ ਕਦੋਂ ਆਉਣਗੇ? ਮੈਂ ਆਪਣੀ ਕੁੜੀ ਨੂੰ ਇਕੱਲੀ ਘਰ ਛੱਡ ਕੇ ਆਈ ਹਾਂ। ਮੈਂ ਛੇਤੀ ਮੁੜ ਕੇ ਜਾਣਾ ਹੈ। ਬਾਬਾ ਜੀ ਕਦੋਂ ਤੱਕ ਆਉਣਗੇ? ਤਾਂ ਉਹ ਕਹਿਣ ਲੱਗੀ ਕਿ ਭਾਬੀ ਜੀ! ਥੋੜੀ ਦੇਰ ਰੁੱਕ ਜਾਓ। ਬਾਬਾ ਜੀ ਨੇ ਕਿਤੇ ਬਾਹਰੋਂ ਨਹੀਂ ਆਉਣਾਂ ਸਗੋਂ ਅਸੀਂ ਜਿਸ ਨੂੰ ਮੱਥਾ ਟੇਕਿਆ ਸੀ, ਉਹ ਹੀ ਬਾਬਾ ਜੀ ਹਨ। ਮੈਂ ਕਿਹਾ ਨਹੀਂ, ਨਹੀਂ, ਉਹ ਬਾਬਾ ਜੀ ਕਿਵੇਂ ਹੋ ਸਕਦਾ ਹੈ, ਉਹ ਤਾਂ ਮੇਰੇ ਪੁੱਤਰ ਦਾ ਹਾਣੀ ਹੈ। ਉਸਨੇ ਕਿਹਾ ਕਿ ਭਾਬੀ ਜੀ ਉਹੀ ਬਾਬਾ ਜੀ ਹਨ। ਮੈਂ ਕਿਹਾ - ਤਾਂ ਹੀ ਤੁਸੀਂ ਉਹਨਾਂ ਨੂੰ ਮੱਥਾ ਟੇਕਿਆ ਸੀ, ਪਰ ਉਹ ਬਾਬਾ ਕਿਵੇਂ ਹੋ ਸਕਦਾ ਹੈ ਉਹ ਤਾਂ ਛੋਟਾ ਜਿਹਾ ਮੁੰਡਾ ਹੈ। ਇੰਨੇ ਨੂੰ ਮਹਾਰਾਜ ਜੀ ਹੱਸਦੇ ਹੋਏ ਕਮਰੇ ਵਿਚ ਆ ਕੇ ਸਾਡੇ ਕੋਲ ਬੈਠ ਗਏ।

ਮਹਾਰਾਜ ਜੀ ਨੇ ਮੈਨੂੰ ਕਿਹਾ,'ਪੁੱਤਰ! ਸਾਡੇ ਵੱਲ ਵੇਖ।' ਮੈਂ ਨੀਵੀਂ ਪਾ ਕੇ ਸੋਚਦੀ ਪਈ ਸੀ ਕਿ ਇਹ ਤਾਂ ਮੇਰੇ ਪੁੱਤਰ ਦਾ ਹਾਣੀ ਹੈ ਤੇ ਮੈਨੂੰ 'ਪੁੱਤਰ' ਆਖ ਰਿਹਾ ਹੈ। ਮਹਾਰਾਜ ਜੀ ਫਿਰ ਬੋਲੇ, 'ਚੰਗਾ ਮਾਤਾ ਜੀ! ਸਾਡੇ ਵੱਲ ਵੇਖੋ। ਹੁਣ ਤਾਂ ਅਸੀਂ ਤੁਹਾਨੂੰ ਮਾਤਾ ਜੀ ਕਿਹਾ ਹੈ।' ਮੈਂ ਅੱਗੋਂ ਜਵਾਬ ਦਿੱਤਾ ਕਿ ਹਾਂ ਪੁੱਤਰ! ਮੇਰਾ ਮੁੰਡਾ ਵੀ ਤੁਹਾਡੀ ਹੀ ਉਮਰ ਦਾ ਹੈ। ਮਹਾਰਾਜ ਜੀ ਮੇਰੇ ਪੁੱਤਰ ਦਾ ਨਾਂ ਲੈ ਕੇ ਬੋਲੇ-'ਓਮੀ'।

ਮੈਂ ਕਿਹਾ,'ਹਾਂ ਪੁੱਤਰ! ਉਸ ਦਾ ਨਾਂ ਓਮੀ ਹੈ।' ਫਿਰ ਮਹਾਰਾਜ ਜੀ ਕਹਿਣ ਲੱਗੇ, 'ਮਾਤਾ ਜੀ, ਹੁਣ ਤੁਹਾਡੇ ਘਰ ਚਲੀਏ।' ਮੈਂ ਸੋਚਿਆ ਕਿ ਸ਼ਾਇਦ ਉਹ ਸਾਡੇ ਨਾਲ ਸਾਡੇ ਘਰ ਜਾਣਗੇ ਇਸ ਲਈ ਮੈਂ 'ਹਾਂ' ਕਰ ਦਿੱਤੀ। ਫਿਰ ਮਹਾਰਾਜ ਜੀ ਨੇ ਕਿਹਾ, 'ਦੱਸੋ ਮਾਤਾ ਜੀ! ਤੁਹਾਡੇ ਘਰ ਤਿੰਨ ਮੰਜੀਆਂ ਵਿਛੀਆਂ ਹੋਈਆਂ ਹਨ।' ਮੈਂ ਹਾਂ ਵਿਚ ਹਾਮੀ ਭਰੀ। ਫਿਰ ਮਹਾਰਾਜ ਜੀ ਬੋਲੇ, 'ਇਕ ਚਾਰਪਾਈ ਹੇਠਾਂ ਮੋਟਰ ਰੱਖੀ ਹੈ ਜਿਸਦੇ ਨਾਲ ਮਸ਼ੀਨਾਂ ਨੂੰ ਰੰਗ ਕਰਦੇ ਹੋ ਤੇ ਬਾਕੀ ਦੋਹਾਂ ਮੰਜੀਆਂ ਹੇਠਾਂ ਮਸ਼ੀਨਾਂ ਪਈਆਂ ਹਨ। ਸਾਹਮਣੇ ਅਲਮਾਰੀ ਵਿਚ ਭਾਂਡੇ (ਉਹਨਾਂ ਨੇ ਸਾਰੇ ਭਾਂਡੇ ਗਿਣ ਕੇ ਦੱਸ ਦਿੱਤੇ) ਰੱਖੇ ਹਨ।' ਮੈਨੂੰ ਬੜੀ ਹੈਰਾਨੀ ਹੋਈ ਕਿ ਇੱਥੇ ਬੈਠਕੇ ਇਹਨਾਂ ਨੂੰ ਕਿਵੇਂ ਪਤਾ ਲਗ ਗਿਆ ਕਿ ਮੇਰੇ ਘਰ ਵਿਚ ਕਿੰਨੇ ਭਾਂਡੇ ਹਨ। ਫਿਰ ਮਹਾਰਾਜ ਜੀ ਨੇ ਕਿਹਾ, 'ਮਾਤਾ ਜੀ, ਤੁਹਾਡਾ ਸਾਰਾ ਪਰਿਵਾਰ ਬੀਮਾਰ ਰਹਿੰਦਾ ਹੈ ਇਸ ਲਈ ਇਹ ਜਲ ਤੇ ਪ੍ਰਸਾਦ ਲੈ ਜਾਓ ਤੇ ਘਰ ਵਿਚ ਸਾਰਿਆਂ ਨੂੰ ਦੇ ਦੇਣਾ, ਸਾਰੇ ਠੀਕ ਹੋ ਜਾਣਗੇ।' ਮੈਂ ਉਹ ਜਲ ਤੇ ਪ੍ਰਸਾਦ ਲੈਣ ਤੋਂ ਮਨ੍ਹਾ ਕਰ ਦਿੱਤਾ ਤੇ ਕਿਹਾ ਕਿ ਮੇਰੇ ਪਤੀ ਗੁਰਦੁਆਰੇ ਨੂੰ ਜ਼ਿਆਦਾ ਮੰਨਦੇ ਹਨ ਤੇ ਉਹ ਮੈਨੂੰ ਗੁੱਸੇ ਹੋਣਗੇ ਇਸ ਲਈ ਮੈਂ ਇਹ ਜਲ ਤੇ ਪ੍ਰਸਾਦ ਨਹੀਂ ਲੈ ਜਾ ਸਕਦੀ। ਪਹਿਲਾਂ ਮੈਂ ਆਪਣੇ ਘਰਵਾਲੇ ਨੂੰ ਸਾਰੀ ਗੱਲਾਂ ਦੱਸਾਂਗੀ ਤੇ ਜੇ ਉਹਨਾਂ ਨੂੰ ਭਰੋਸਾ ਹੋ ਗਿਆ ਤਾਂ ਮੈਂ ਉਹਨਾਂ ਨੂੰ ਵੀ ਨਾਲ ਲੈ ਕੇ ਆਵਾਂਗੀ। ਮੈਨੂੰ ਤਾਂ ਤੁਹਾਡੇ ਤੇ ਪੂਰਾ ਭਰੋਸਾ ਹੋ ਗਿਆ ਹੈ। ਫਿਰ ਮਹਾਰਾਜ ਜੀ ਨੇ ਸਾਨੂੰ ਘਰ ਭੇਜ ਦਿੱਤਾ।

ਘਰ ਪਹੁੰਚ ਕੇ ਮੈਂ ਆਪਣੇ ਪਤੀ ਨੂੰ ਦੱਸਿਆ ਕਿ ਅੱਜ ਮੈਂ ਬਟਾਲਾ ਗਈ ਸੀ ਤੇ ਉਥੇ ਆਪਣੇ ਓਮੀ ਦਾ ਇਕ ਹਾਣੀ ਹੈ ਜੋ ਰੱਬ ਦਾ ਰੂਪ ਹੈ ਅਤੇ ਜੋ ਸਾਰੀਆਂ ਗੱਲਾਂ ਸੱਚ ਦੱਸ ਦਿੰਦਾ ਹੈ। ਉਹਨਾਂ ਨੇ ਉਥੇ ਬੈਠੇ-ਬੈਠੇ ਹੀ ਮੈਨੂੰ ਘਰ ਦੀਆਂ ਸਾਰੀਆਂ ਚੀਜ਼ਾਂ ਗਿਣਾ ਦਿੱਤੀਆਂ। ਉਹਨਾਂ ਨੇ ਮੈਨੂੰ ਪ੍ਰਸਾਦ ਵੀ ਦਿੱਤਾ ਜਿਸ ਨਾਲ ਮੈਨੂੰ ਕੁੱਝ ਅਰਾਮ ਵੀ ਆ ਗਿਆ। ਮੇਰੇ ਪਤੀ ਨੇ ਕਿਹਾ ਕਿ ਮੇਰੇ ਵਾਸਤੇ ਵੀ ਪ੍ਰਸਾਦ ਲੈ ਆਉਣਾ ਸੀ। ਮੈਂ ਕਿਹਾ ਕਿ ਤੁਹਾਡੇ ਤੋਂ ਡਰਦੀ ਮੈਂ ਜਲ ਤੇ ਪ੍ਰਸਾਦ ਨਹੀਂ ਲਿਆਈ। ਫਿਰ ਪਤੀ ਬੋਲੇ ਕਿ ਕੋਈ ਗੱਲ ਨਹੀਂ ਅਸੀਂ ਸਵੇਰੇ ਬਟਾਲਾ ਜਾ ਕੇ ਉਹਨਾਂ ਦੇ ਦਰਸ਼ਨ ਕਰਾਂਗੇ।

ਅਸੀਂ ਰਾਤ ਬੜੀ ਔਖੀ ਲੰਘਾਈ ਤੇ ਸਵੇਰ ਹੁੰਦਿਆਂ ਹੀ ਬਟਾਲਾ ਵੱਲ ਤੁਰ ਪ੍ਰਏ ਤੇ ਸਵੇਰੇ 10.00 ਵਜੇ ਬਟਾਲਾ ਪਹੁੰਚ ਗਏ। ਜਦੋਂ ਮਹਾਰਾਜ ਜੀ ਦੇ ਘਰ ਪਹੁੰਚੇ ਤਾਂ ਉਥੇ ਸਾਨੂੰ ਮਾਤਾ ਜੀ ਮਿਲੇ। ਅਸੀਂ ਮਾਤਾ ਜੀ ਕੋਲੋਂ ਮਹਾਰਾਜ ਜੀ ਬਾਰੇ ਪੁੱਛਿਆ। ਮਾਤਾ ਜੀ ਨੇ ਦੱਸਿਆ ਕਿ ਉਹ ਕਿਤੇ ਬਾਹਰ ਗਏ ਹਨ, ਆਉਂਦੇ ਹੀ ਹੋਣਗੇ। ਮੈਂ ਆਪਣੇ ਪਤੀ ਨੂੰ ਕਿਹਾ ਕਿ ਚਲੋ ਉਨੀ ਦੇਰ ਅਸੀਂ ਬਜ਼ਾਰ ਹੋ ਆਉਂਦੇ ਹਾਂ। ਅਸੀਂ ਦੋਵੇਂ ਬਜ਼ਾਰ ਘੁੰਮ ਕੇ ਤੇ 12 ਵਜੇ ਮਹਾਰਾਜ ਜੀ ਦੇ ਘਰ ਮੁੜ ਕੇ ਆਏ ਤਾਂ ਪਤਾ ਲੱਗਿਆ ਕਿ ਬਾਬਾ ਜੀ ਅਜੇ ਤੱਕ ਨਹੀਂ ਆਏ।

ਉਥੇ ਨੇੜੇ ਹੀ ਮੇਰੇ ਭਰਾ ਦੇ ਸਹੁਰੇ ਸਨ। ਅਸੀਂ ਉਹਨਾਂ ਦੇ ਘਰ ਚਲੇ ਗਏ। ਉਥੇ ਹੀ ਅਸੀਂ ਰੋਟੀ ਖਾਧੀ ਤੇ ਮੈਂ ਉਹਨਾਂ ਨੂੰ ਕਿਹਾ ਕਿ ਅਸੀਂ ਬਾਬਾ ਜੀ ਦੇ ਦਰਸ਼ਨ ਕਰਨ ਲਈ ਆਏ ਹਾਂ ਤੇ ਹੋ ਸਕਦਾ ਹੈ ਕਿ ਮੈਨੂੰ ਇਥੇ ਰਾਤ ਰਹਿਣਾ ਪੈ ਜਾਵੇ। ਉਹਨਾਂ ਨੇ ਕਿਹਾ ਕਿ ਕੋਈ ਗੱਲ ਨਹੀਂ ਤੁਹਾਡਾ ਆਪਣਾ ਘਰ ਹੈ ਤੁਸੀਂ ਅਰਾਮ ਨਾਲ ਰਹਿ ਸਕਦੇ ਹੋ। ਅਸੀਂ ਰਾਤ ਨੂੰ ਫਿਰ ਮਹਾਰਾਜ ਜੀ ਦੇ ਘਰ ਗਏ ਤਾਂ ਮਾਤਾ ਜੀ ਤੋਂ ਪਤਾ ਲੱਗਿਆ ਕਿ ਬਾਬਾ ਜੀ ਅਜੇ ਵੀ ਨਹੀਂ ਆਏ। ਰਾਤ ਬਹੁਤ ਹੋ ਗਈ ਸੀ ਤੇ ਅਸੀਂ ਰਾਤ ਆਪਣੇ ਰਿਸ਼ਤੇਦਾਰਾਂ ਦੇ ਘਰ ਹੀ ਠਹਿਰੇ।

ਸਵੇਰੇ ਫਿਰ ਅਸੀਂ ਮਹਾਰਾਜ ਜੀ ਦੇ ਘਰ ਗਏ ਤਾਂ ਮਾਤਾ ਜੀ ਨੇ ਦੱਸਿਆ ਕਿ ਬਾਬਾ ਜੀ ਰਾਤ ਨੂੰ ਵੀ ਘਰ ਨਹੀਂ ਆਏ। ਹੋ ਸਕਦਾ ਹੈ ਕਿ ਉਹ ਰਾਤ ਨੂੰ ਸੇਵਕਾਂ ਨਾਲ ਫਿਲਮ ਵੇਖਣ ਚਲੇ ਗਏ ਹੋਣ। ਮਾਤਾ ਜੀ ਦੀ ਇਹ ਗੱਲ ਸੁਣ ਕੇ ਮੇਰੇ ਪਤੀ ਮੈਨੂੰ ਕਹਿਣ ਲੱਗੇ ਕਿ ਦੱਸੋ! ਕਿਹੋ ਜਿਹੇ ਬਾਬਾ ਜੀ ਹਨ ਜਿਹੜੇ ਫਿਲਮਾਂ ਵੇਖਦੇ ਹਨ। ਮੈਂ ਉਹਨਾਂ ਨੂੰ ਕਿਹਾ ਕਿ ਇਵੇਂ ਨਾ ਕਹੋ, ਤੁਸੀਂ ਜੋ ਕਹਿ ਰਹੇ ਹੋ ਇਹੀ ਗੱਲ ਉਹਨਾਂ ਨੇ ਤੁਹਾਨੂੰ ਕਹਿ ਦੇਣੀ ਹੈ, ਵੇਖ ਲੈਣਾ। ਉਹ ਬੋਲੇ – ਜਦੋਂ ਸਮਾਂ ਆਏਗਾ ਉਦੋਂ ਵੇਖ ਲਵਾਂਗੇ।

ਮਾਤਾ ਜੀ ਸਾਨੂੰ ਕਹਿਣ ਲੱਗੇ ਕਿ ਮੈਂ ਵੇਖ ਰਹੀ ਹਾਂ ਕਿ ਤੁਸੀਂ ਕੱਲ ਤੋਂ ਉਹਨਾਂ ਦਾ ਇੰਤਜ਼ਾਰ ਕਰ ਰਹੇ ਹੋ। ਇੱਦਾਂ ਕਰੋ ਕਿ ਬਟਾਲਾ ਬਸ ਅੱਡੇ ਕੋਲ ਤੁਲੀ ਜੀ ਦਾ ਘਰ ਹੈ, ਬਾਬਾ ਜੀ ਕਈ ਵਾਰ ਉਥੇ ਚਲੇ ਜਾਂਦੇ ਹਨ। ਤੁਸੀਂ ਉਹਨਾਂ ਦੇ ਘਰ ਜਾ ਕੇ ਪੁੱਛ ਲਓ, ਹੋ ਸਕਦਾ ਹੈ ਕਿ ਬਾਬਾ ਜੀ ਉਹਨਾਂ ਦੇ ਘਰ ਹੋਣ। ਅਸੀਂ ਦੋਵੇਂ ਪੁੱਛਦੇ-ਪੁੱਛਦੇ ਜਦੋਂ ਤੁਲੀ ਜੀ ਦੇ ਘਰ ਪਹੁੰਚੇ ਤਾਂ ਵੇਖਿਆ ਕਿ ਸਾਹਮਣੇ ਵਿਹੜੇ ਵਿਚ ਮਹਾਰਾਜ ਜੀ ਖੜੇ ਸੀ। ਅਸੀਂ ਅੰਦਰ ਗਏ ਤਾਂ ਮਹਾਰਾਜ ਜੀ ਸਾਨੂੰ ਵੇਖ ਕੇ ਮੁਸਕਰਾ ਪਏ। ਮੈਂ ਉਹਨਾਂ ਨੂੰ ਮੱਥਾ ਟੇਕਿਆ, ਜਦੋਂ ਮੇਰੇ ਪਤੀ ਉਹਨਾਂ ਨੂੰ ਮੱਥਾ ਟੇਕਣ ਲੱਗੇ ਤਾਂ ਮਹਾਰਾਜ ਜੀ ਬੋਲੇ,'ਭਾਈ! ਤੂੰ ਕਿਉਂ ਸਾਨੂੰ ਮੱਥਾ ਟੇਕ ਰਿਹਾ ਹੈਂ, ਅਸੀਂ ਕੋਈ ਬਾਬੇ ਹਾਂ? ਅਸੀਂ ਤਾਂ ਫਿਲਮਾਂ ਵੇਖਣ ਵਾਲੇ ਹਾਂ।' ਮਹਾਰਾਜ ਜੀ ਦੀ ਇੰਨੀ ਗੱਲ ਕਹਿਣ ਦੀ ਦੇਰ ਸੀ ਕਿ ਮੇਰੇ ਪਤੀ ਉਹਨਾਂ ਦੇ ਚਰਣਾਂ ਵਿਚ ਡਿੱਗ ਕੇ ਰੋਣ ਲੱਗੇ ਤੇ ਕਹਿਣ ਲੱਗੇ ਕਿ ਮੈਨੂੰ ਮੇਰਾ ਰੱਬ ਮਿਲ ਗਿਆ ਹੈ। ਮੈਂ ਆਪਣੇ ਰੱਬ ਨੂੰ ਲੱਭ ਲਿਆ ਹੈ। ਮਹਾਰਾਜ ਜੀ ਨੇ ਉਹਨਾਂ ਨੂੰ ਮੋਢੇ ਤੋਂ ਚੁਕਿਆ ਤੇ ਗਲ ਨਾਲ ਲਾ ਲਿਆ। ਫਿਰ ਉਹਨਾਂ ਨੇ ਸਾਨੂੰ ਜਲ ਤੇ ਪ੍ਰਸਾਦ ਦਿੱਤਾ ਤੇ ਕਿਹਾ ਕਿ ਇਹ ਪ੍ਰਸਾਦ ਖਾ ਲੈਣਾ ਤੇ ਘਰ ਵਿਚ ਜਲ ਦਾ ਛਿੱਟਾ ਦੇ ਦੇਣਾ ਸਭ ਠੀਕ ਹੋ ਜਾਏਗਾ। ਫਿਰ ਮਹਾਰਾਜ ਜੀ ਨੇ ਮੈਨੂੰ ਕਿਹਾ ਕਿ ਮਾਤਾ ਜੀ, ਦਸੰਬਰ ਦੀ 7 ਤਾਰੀਖ਼ ਨੂੰ ਸਾਡਾ ਜਨਮ ਦਿਹਾੜਾ ਹੈ, ਉਸ

ਦਿਨ ਤੁਸੀਂ ਜਰੂਰ ਪਹੁੰਚਣਾ। ਮੈਂ ਹਾਮੀ ਭਰੀ ਤੇ ਫਿਰ ਦੋਵੇਂ ਪਤੀ-ਪਤਨੀ ਮਹਾਰਾਜ ਜੀ ਦਾ ਪਿਆਰ ਤੇ ਆਸ਼ੀਰਵਾਦ ਲੈ ਕੇ ਘਰ ਮੁੜ ਆਏ।

ਜਦੋਂ 7 ਦਸੰਬਰ ਦਾ ਭੰਡਾਰਾ ਆਇਆ ਤਾਂ ਮੈਂ ਆਪਣੀ ਉਸੇ ਰਿਸ਼ਤੇਦਾਰ, ਜਿਸਨੂੰ ਨਾਲ ਲੈ ਕੇ ਮੈਂ ਪਹਿਲੀ ਵਾਰ ਮਹਾਰਾਜ ਜੀ ਦੇ ਘਰ ਗਈ ਸੀ, ਉਸਨੂੰ ਨਾਲ ਲੈ ਕੇ ਬਟਾਲਾ ਚਲੀ ਗਈ। ਉਸ ਦਿਨ ਪਤਾ ਨਹੀਂ ਮਹਾਰਾਜ ਜੀ ਨੇ ਸਾਡੇ ਨਾਲ ਕੀ ਕੌਤਕ ਖੇਡਿਆ ਕਿ ਅਸੀਂ ਦੋਵੇਂ ਸਵੇਰ ਦੇ 9.00 ਵਜੇ ਤੋਂ ਲੈ ਕੇ ਸ਼ਾਮ ਦੇ 5.00 ਵਜੇ ਤੱਕ ਭੁੱਖੀ-ਪਿਆਸੀਆਂ ਬਟਾਲਾ ਵਿਚ ਹੀ ਘੁੰਮਦੀਆਂ ਰਹੀਆਂ ਪਰ ਸਾਨੂੰ ਮਹਾਰਾਜ ਜੀ ਦਾ ਘਰ ਨਹੀਂ ਲੱਭਿਆ। ਥੱਕ ਹਾਰ ਕੇ ਮੈਂ ਉਸਨੂੰ ਕਿਹਾ ਕਿ ਇੰਜ ਕਰਦੇ ਹਾਂ ਕਿ ਸਾਹਮਣੇ ਖੇਤਾਂ ਵਿਚ ਟਿਊਬਵੈਲ ਚਲ ਰਿਹਾ ਹੈ ਉੱਥੇ ਮੂੰਹ-ਹੱਥ ਧੋ ਕੇ ਪਾਣੀ ਪੀਂਦੇ ਹਾਂ ਤੇ ਮੇਰੇ ਭਰਾ ਦੇ ਸਹੁਰੇ ਚਲਦੇ ਹਾਂ। ਰਾਤ ਹੋਣ ਵਾਲੀ ਹੈ ਤੇ ਹੁਣ ਅਸੀਂ ਘਰ ਵਾਪਿਸ ਨਹੀਂ ਜਾ ਸਕਦੇ। ਉਸਨੇ ਮੇਰੀ ਗੱਲ ਮੰਨ ਲਈ ਤੇ ਅਸੀਂ ਟਿਊਬਵੈਲ ਤੇ ਮੂੰਹ-ਹੱਥ ਧੋ ਕੇ ਅਤੇ ਪਾਣੀ ਪੀ ਕੇ ਅੱਗੇ ਨੂੰ ਤੁਰ ਪਈਆਂ। ਪਰ ਉਸੇ ਵੇਲੇ ਮਹਾਰਾਜ ਜੀ ਦੀ ਅਜਿਹੀ ਕਿਰਪਾ ਹੋਈ ਕਿ ਜਦੋਂ ਅਸੀਂ ਚਾਰ-ਪੰਜ ਖੇਤ ਪਾਰ ਕੀਤੇ ਤਾਂ ਸਾਹਮਣੇ ਇਕ ਮਕਾਨ ਤੇ ਨਜਰ ਪਈ ਤਾਂ ਮੈਨੂੰ ਇੰਜ ਲਗਿਆ ਜਿਵੇਂ ਇਹ ਤੁਲੀ ਸਾਹਿਬ ਦਾ ਘਰ ਹੋਵੇ। ਅਸੀਂ ਦੋਵੇਂ ਉਧੱਰ ਨੂੰ ਗਈਆਂ ਤੇ ਵੇਖਿਆ ਕਿ ਸਾਹਮਣੇ ਵਿਹੜੇ ਵਿਚ ਮਹਾਰਾਜ ਜੀ ਸੰਗਤ ਨਾਲ ਬੈਠੇ ਹੋਏ ਸੀ। ਮਹਾਰਾਜ ਜੀ ਦੇ ਦਰਸ਼ਨ ਕਰਕੇ ਅਸੀਂ ਬਹੁਤ ਖੁਸ਼ ਹੋਈਆਂ ਤੇ ਇਸ ਖੁਸ਼ੀ ਦੇ ਵਿਚ ਅਸੀਂ ਇਹ ਵੀ ਭੁੱਲ ਗਈਆਂ ਕਿ ਅਸੀਂ ਸਵੇਰ ਤੋਂ ਕੁੱਝ ਨਹੀਂ ਖਾਧਾ-ਪੀਤਾ। ਮਹਾਰਾਜ ਜੀ ਦੇ ਦਰਸ਼ਨ ਕਰਕੇ ਸਾਡੀ ਭੁੱਖ-ਪਿਆਸ ਤੇ ਥਕਾਵਟ ਮੁੱਕ ਗਈ। ਜਦੋਂ ਅਸੀਂ ਅੰਦਰ ਗਏ ਤਾਂ ਸਾਨੂੰ ਵੇਖ ਕੇ ਮਹਾਰਾਜ ਜੀ ਕਹਿਣ ਲੱਗੇ, 'ਮਾਤਾ ਜੀ! ਪਹੁੰਚ ਗਏ ਹੋ?' ਫਿਰ ਉਹਨਾਂ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਇਹਨਾਂ ਨੂੰ ਲੰਗਰ ਛਕਾਓ ਕਿਉਂਕਿ ਇਹ ਸਵੇਰ ਦੀਆਂ ਭੁੱਖੀ-ਪਿਆਸੀਆਂ ਘੁੰਮ ਰਹੀਆਂ ਹਨ। ਅਸੀਂ ਲੰਗਰ ਛਕਿਆ ਤੇ ਫਿਰ

ਮਹਾਰਾਜ ਜੀ ਸਾਨੂੰ ਆਪਣੇ ਕੋਲ ਬਿਠਾ ਕੇ ਬੋਲੇ, 'ਮਾਤਾ ਜੀ! ਤੁਸੀਂ ਅਜ ਰਾਤ ਇਥੇ ਹੀ ਰਹਿਣਾ ਹੈ ਤੇ ਰਾਤ ਨੂੰ ਮੁਸ਼ਾਇਰਾ ਸੁਣ ਕੇ ਸਵੇਰੇ ਵਾਪਿਸ ਜਾਣਾ ਹੈ।' ਅਸੀਂ ਦੋਹਾਂ ਨੇ ਉਹਨਾਂ ਦੀ ਗੱਲ ਮੰਨ ਲਈ।

ਜਦੋਂ ਮੈਂ ਮੁਸ਼ਾਇਰੇ ਵਿਚ ਮਹਾਰਾਜ ਜੀ ਦੇ ਮੂੰਹੋਂ ਇਕ-ਦੋ ਗੀਤ ਸੁਣੇ ਤਾਂ ਮੈਂ ਸੋਚਿਆ ਕਿ ਬਾਬਾ ਜੀ ਕਿਹੋ ਜਿਹੇ ਗੀਤ ਬੋਲ ਰਹੇ ਹਨ (ਕਿਉਂਕਿ ਮਹਾਰਾਜ ਜੀ ਗੀਤਾਂ ਵਿਚ ਆਪਣੇ ਰੱਬ ਨੂੰ ਸੱਜਣ, ਮਾਹੀਆ ਤੇ ਪ੍ਰੀਤਮ ਕਹਿ ਕੇ ਯਾਦ ਕਰਦੇ ਸਨ।) ਅਜਿਹੇ ਸ਼ਬਦ ਤਾਂ ਅਸੀਂ ਪਹਿਲਾਂ ਕਦੇ ਨਹੀਂ ਸੁਣੇ। ਮੈਂ ਇਹ ਗੱਲ ਅਜੇ ਆਪਣੇ ਦਿਲ ਵਿਚ ਹੀ ਸੋਚ ਰਹੀ ਸੀ ਕਿ ਉਸੇ ਵੇਲੇ ਮਹਾਰਾਜ ਜੀ ਨੇ ਮੈਨੂੰ ਆਪਣੇ ਕੋਲ ਬੁਲਾ ਲਿਆ। ਮੈਂ ਡਰਦੀ-ਡਰਦੀ ਮਹਾਰਾਜ ਜੀ ਕੋਲ ਗਈ ਤੇ ਹੱਥ ਜੋੜ ਕੇ ਖੜੀ ਹੋ ਗਈ। ਮਹਾਰਾਜ ਜੀ ਨੇ ਕਿਹਾ, 'ਹਾਂ ਮਾਤਾ! ਕੀ ਗੱਲ ਹੈ?' ਮੈਂ ਕਿਹਾ ਕਿ ਕੁੱਝ ਨਹੀਂ। ਉਹਨਾਂ ਨੇ ਕਿਹਾ, 'ਹੇਠਾਂ ਸਾਡੇ ਸਾਹਮਣੇ ਬੈਠੋ ਤੇ ਦੱਸੋ ਕਿ ਉਥੇ ਬੈਠ ਕੇ ਕੀ ਸੋਚ ਰਹੀ ਸੀ ਕਿ ਮਾਹੀਆ-ਮਾਹੀਆ ਬੋਲ ਰਹੇ ਹਨ। ਮਾਹੀਆ ਕੀ ਹੁੰਦਾ ਹੈ?' ਮੈਂ ਜਵਾਬ ਦਿੱਤਾ ਕਿ ਮੈਨੂੰ ਨਹੀਂ ਪਤਾ? ਉਹ ਬੋਲੇ,' ਜੇ ਤੈਨੂੰ ਪਤਾ ਨਹੀਂ ਤਾਂ ਕਿਉਂ ਆਖ ਰਹੀ ਸੀ ਕਿ ਕੀ ਮਾਹੀਆ-ਮਾਹੀਆ ਬੋਲ ਰਹੇ ਹਨ? ਗੁਰੂਆਂ ਦੇ ਸ਼ਬਦ ਬੋਲੋ, ਇਹ ਕੀ ਮਾਹੀਆ-ਮਾਹੀਆ ਗਾ ਰਹੇ ਸਨ? ਇਹੀ ਆਖ ਰਹੀ ਸੀ ਕਿ ਨਹੀਂ। ਮੈਂ 'ਹਾਂ' ਵਿਚ ਸਿਰ ਹਿਲਾਇਆ। ਉਹਨਾਂ ਨੇ ਮੈਨੂੰ ਫਿਰ ਪੁੱਛਿਆ ਕਿ ਦੱਸੋ ਮਾਹੀਆ ਕੌਣ ਹੁੰਦਾ ਹੈ? ਮੈਂ ਭੋਲੇ ਭਾਵ ਵਿਚ ਜਵਾਬ ਦਿੱਤਾ ਕਿ ਬਾਬਾ ਜੀ, ਪਤੀ ਨੂੰ ਮਾਹੀਆ ਆਖਦੇ ਹਨ। ਮੇਰੀ ਗੱਲ ਸੁਣ ਕੇ ਸਾਰੀ ਸੰਗਤ ਹੱਸ ਪਈ ਤੇ ਮਹਾਰਾਜ ਜੀ ਆਪ ਵੀ ਖੂਬ ਹੱਸੇ। ਮੇਰੇ ਸਿਰ ਤੇ ਹੱਥ ਰੱਖਦੇ ਹੋਏ ਬੋਲੇ, 'ਬੜੀ ਭੋਲੀ ਏਂ ਮਾਤਾ, ਪਤੀ ਮਾਹੀਆ ਹੁੰਦਾ ਹੈ? ਪਰ ਸਾਡੇ ਲਈ ਤਾਂ ਸਾਡਾ ਸਤਗੁਰੂ, ਸਾਡਾ ਰੱਬ, ਸਾਡਾ ਪੀਰ-ਮੁਰਸ਼ਦ ਹੀ ਸਾਡਾ ਮਾਹੀਆ ਹੈ।' ਮੈਂ ਕਿਹਾ-ਅੱਛਾ, ਤਾਂ ਤੁਸੀਂ ਆਪਣੇ ਸਤਗੁਰੂ ਨੂੰ ਮਾਹੀਆ ਆਖਦੇ ਹੋ। ਉਹ ਬੋਲੇ -'ਹਾਂ ਮਾਤਾ ਅਸੀਂ ਆਪਣੇ ਸਤਗੁਰੂ ਨੂੰ ਹੀ ਮਾਹੀਆ

ਆਖਦੇ ਹਾਂ। ਹੁਣ ਤੂੰ ਸਾਡੇ ਕੋਲ ਬੈਠ, ਅਸੀਂ ਤੈਨੂੰ ਜੀ-ਭਰ ਕੇ ਮਾਹੀਆ ਸੁਣਾਉਂਦੇ ਹਾਂ।' ਫਿਰ ਮਹਾਰਾਜ ਜੀ ਉਹੀ ਮਾਹੀਆ, ਸੱਜਣ ਤੇ ਪ੍ਰੀਤਮ ਵਾਲੇ ਗੀਤ ਬੋਲਣ ਲੱਗੇ ਤੇ ਵਿਚ-ਵਿਚ ਮੈਨੂੰ ਪੁੱਛਦੇ,'ਮਾਤਾ! ਸੁਣ ਰਹੀ ਹੈਂ" ਤੇ ਮੈਂ 'ਹਾਂ' ਵਿਚ ਜਵਾਬ ਦਿੰਦੀ ਰਹੀ।

ਮੁਸ਼ਾਇਰਾ ਦੇਰ ਰਾਤ ਤੱਕ ਹੁੰਦਾ ਰਿਹਾ। ਸਵੇਰੇ ਤੜਕੇ ਮੁਸ਼ਾਇਰਾ ਖਤਮ ਹੋਇਆ ਤੇ ਮਹਾਰਾਜ ਜੀ ਦੂਜੇ ਕਮਰੇ ਵਿਚ ਸੌਣ ਲਈ ਚਲੇ ਗਏ। ਨੇੜੇ ਦੀ ਸੰਗਤ ਆਪਣੇ-ਆਪਣੇ ਘਰਾਂ ਨੂੰ ਚਲੀ ਗਈ ਤੇ ਸਾਡੇ ਵਰਗੇ ਜਿਹੜੇ ਦੂਰ ਰਹਿਣ ਵਾਲੇ ਸੀ ਉਹ ਉਥੇ ਹੀ ਠਹਿਰ ਗਏ। ਸਵੇਰ ਵੇਲੇ ਘਰ ਜਾਣ ਤੋਂ ਪਹਿਲਾਂ ਅਸੀਂ ਮਹਾਰਾਜ ਜੀ ਨੂੰ ਮਿਲੇ ਤੇ ਮਹਾਰਾਜ ਜੀ ਨੇ ਮੈਨੂੰ ਪ੍ਰਸਾਦ ਦਿੱਤਾ ਤੇ ਕਿਹਾ ਕਿ, 'ਮਾਤਾ ਜੀ, ਅੱਜ ਤੋਂ ਤੁਹਾਡਾ ਕੰਮ ਚਲ ਪਏਗਾ ਤੇ ਤੁਹਾਡੇ ਬੱਚੇ ਵੀ ਠੀਕ ਹੋ ਜਾਣਗੇ। ਤੁਹਾਡੇ ਸਾਰੇ ਕੰਮ ਰਾਸ ਹੋਣਗੇ।' ਮਹਾਰਾਜ ਜੀ ਦਾ ਆਸ਼ੀਰਵਾਦ ਲੈ ਕੇ ਅਸੀਂ ਘਰ ਵਾਪਿਸ ਆ ਗਏ।

ਉਸ ਤੋਂ ਬਾਦ ਦੋ-ਤਿੰਨ ਵਾਰ ਮੈਂ ਮਹਾਰਾਜ ਜੀ ਨੂੰ ਮਿਲਣ ਗਈ। ਇਕ ਦਿਨ ਮਹਾਰਾਜ ਜੀ ਨੇ ਕਿਹਾ ਕਿ ਅਸੀਂ ਤੁਹਾਡੇ ਘਰ ਜਾਣਾ ਹੈ। ਮੈਂ ਕਿਹਾ ਕਿ ਬਾਬਾ ਜੀ, ਕੀ ਪਹਿਲਾਂ ਵਾਂਗ ਜਾਣਾ ਹੈ ਜਿਵੇਂ ਪਹਿਲਾਂ ਤੁਸੀਂ ਇਥੇ ਬੈਠੇ ਹੀ ਸਾਡੇ ਘਰ ਦੀਆਂ ਚੀਜਾਂ ਗਿਣ ਦਿੱਤੀਆਂ ਸਨ। ਮਹਾਰਾਜ ਜੀ ਬੋਲੇ-ਨਹੀਂ ਹੁਣ ਉਵੇਂ ਨਹੀਂ ਜਾਣਾ ਸਗੋਂ ਤੁਹਾਡੇ ਘਰ ਚਰਣ ਪਾਉਣੇ ਹਨ। ਮੈਂ ਪੁੱਛਿਆ ਕਿ ਕਦੋਂ ਜਾਣਾ ਹੈ? ਉਹਨਾਂ ਕਿਹਾ ਕਿ ਤੁਸੀਂ ਆਪਣੇ ਪਤੀ ਨੂੰ ਲੈ ਕੇ ਪਰਸੋਂ ਆ ਜਾਣਾ ਅਸੀਂ ਤੁਹਾਡੇ ਨਾਲ ਹੀ ਚਲਾਂਗੇ। ਮੈਂ ਘਰ ਆ ਗਈ ਤੇ ਤੀਜੇ ਦਿਨ ਆਪਣੇ ਪਤੀ ਨੂੰ ਨਾਲ ਲੈ ਕੇ ਮਹਾਰਾਜ ਜੀ ਦੇ ਘਰ ਪਹੁੰਚ ਗਈ। ਉਥੇ ਜਾ ਕੇ ਪਤਾ ਲਗਿਆ ਕਿ ਬਾਬਾ ਜੀ ਤਾਂ ਜਲੰਧਰ ਗਏ ਹੋਏ ਹਨ। ਅਸੀਂ ਜਲੰਧਰ ਦਾਸ ਕੁੰਦਨ ਲਾਲ ਦੇ ਘਰ ਗਏ ਤਾਂ ਉਥੇ ਪਤਾ ਲਗਿਆ ਕਿ ਬਾਬਾ ਜੀ ਕਪੂਰਥਲੇ ਚਲੇ ਗਏ। ਅਸੀਂ ਦੋਵੇਂ ਪੁੱਛਦੇ-ਪੁੱਛਦੇ ਕਪੂਰਥਲਾ ਦਾਸ ਓਮ ਪ੍ਰਕਾਸ਼ ਦੇ ਘਰ ਪਹੁੰਚ ਗਏ। ਮਹਾਰਾਜ ਜੀ ਉਥੇ ਹੀ

ਸਨ ਤੇ ਸਾਨੂੰ ਵੇਖ ਕੇ ਮਹਾਰਾਜ ਜੀ ਬੋਲੇ, 'ਲੁਧਿਆਣਾ ਤੋਂ ਚਲੇ ਬਟਾਲਾ, ਬਟਾਲਾ ਤੋਂ ਚਲੇ ਜਲੰਧਰ ਤੇ ਜਲੰਧਰ ਤੋਂ ਤੁਰੇ ਤਾਂ ਕਪੂਰਥਲਾ ਪਹੁੰਚੇ, ਆਖ਼ਰ ਤੁਸੀਂ ਸਾਨੂੰ ਲੱਭ ਹੀ ਲਿਆ।' ਮੈਂ ਕਿਹਾ ਕਿ ਤੁਸੀਂ ਹੀ ਤਾਂ ਸਾਨੂੰ ਬੁਲਾਇਆ ਸੀ ਅਤੇ ਸਾਡੇ ਘਰ ਆਉਣ ਲਈ ਕਿਹਾ ਸੀ। ਮੈਂ ਆਪ ਜੀ ਨੂੰ ਆਪਣੇ ਘਰ ਲਿਜਾਣ ਲਈ ਆਈ ਹਾਂ। ਮਹਾਰਾਜ ਜੀ ਨੇ ਕਿਹਾ, 'ਚੰਗਾ ਮਾਤਾ ਜੀ! ਅਸੀਂ ਤੁਹਾਡੇ ਨਾਲ ਚਲਦੇ ਹਾਂ।'

ਉਥੋਂ ਉਹਨਾਂ ਨੇ ਸਾਨੂੰ ਕਾਰ ਵਿਚ ਬਿਠਾਇਆ ਤੇ ਜਲੰਧਰ ਤੋਂ ਦਾਸ ਕੁੰਦਨ ਲਾਲ ਤੇ ਉਹਨਾਂ ਦੀ ਪਤਨੀ ਨੂੰ ਨਾਲ ਲੈ ਕੇ ਤਕਰੀਬਨ 7.00 ਵਜੇ ਸਾਡੇ ਘਰ ਪਹੁੰਚੇ। ਘਰ ਪਹੁੰਚ ਕੇ ਉਹਨਾਂ ਨੇ ਸਾਡੇ ਘਰ ਵਿਚ ਨਜਰ ਮਾਰੀ। ਸਾਡਾ ਸਾਰਾ ਮਕਾਨ ਕੱਚਾ ਸੀ ਤੇ ਸਿਰਫ਼ ਇਕ ਕਮਰਾ ਹੀ ਬਣਿਆ ਸੀ। ਮਹਾਰਾਜ ਜੀ ਕਮਰੇ ਵਿਚ ਬੈਠੇ। ਮੈਂ ਤੇ ਮੇਰੀ ਧੀ ਨੇ ਰੋਟੀ ਤਿਆਰ ਕੀਤੀ। ਮਹਾਰਾਜ ਜੀ ਦੇ ਨਾਲ ਆਏ ਸੇਵਕਾਂ ਨੂੰ ਰੋਟੀ ਖੁਆਈ ਪਰ ਮਹਾਰਾਜ ਜੀ ਨੇ ਰੋਟੀ ਨਹੀਂ ਖਾਧੀ। ਉਹਨਾਂ ਨੇ ਮੈਨੂੰ ਕਿਹਾ, 'ਅਸੀਂ ਦੁਬਾਰਾ ਤੁਹਾਡੇ ਘਰ ਆਵਾਂਗੇ ਉਦੋਂ ਅਸੀਂ ਰੋਟੀ ਜਰੂਰ ਖਾਵਾਂਗੇ। ਇਹ ਸਾਡਾ ਵਾਇਦਾ ਹੈ।' ਮਹਾਰਾਜ ਜੀ ਜਾਂਦੇ ਹੋਏ ਦੁਬਾਰਾ ਆਉਣ ਦੀ ਤਾਰੀਖ ਦੇ ਗਏ।

ਜਦੋਂ ਉਹ ਤਾਰੀਖ ਆਈ ਤਾਂ ਮਹਾਰਾਜ ਜੀ ਸਾਡੇ ਘਰ ਆਏ ਤੇ ਆ ਕੇ ਉਸੇ ਕਮਰੇ ਵਿਚ ਜਿਥੇ ਮੰਜੀ ਵਿਛੀ ਸੀ, ਉਥੇ ਲੰਮੇ ਪੈ ਗਏ। ਅੰਦਰੋਂ ਉਹਨਾਂ ਨੇ ਕੁੰਡੀ ਬੰਦ ਕਰ ਲਈ। ਮੇਰੀ ਧੀ ਨੇ ਸਬਜੀ ਸਟੋਵ ਤੇ ਬਣਨੀ ਰੱਖੀ ਹੋਈ ਸੀ। ਮੈਂ ਉਸਨੂੰ ਸਟੋਵ ਬੰਦ ਕਰਨ ਲਈ ਕਿਹਾ। ਸਬਜੀ ਦੇ ਬਣਨ ਵਿਚ ਅਜੇ ਥੋੜੀ ਕਸਰ ਰਹਿੰਦੀ ਸੀ। ਉਸਨੇ ਸਟੋਵ ਬੰਦ ਕਰ ਦਿੱਤਾ ਕਿ ਜਦੋਂ ਬਾਬਾ ਜੀ ਉਠਣਗੇ ਉਦੋਂ ਸਟੋਵ ਬਾਲ ਕੇ ਸਬਜੀ ਪਕਾ ਲਵਾਂਗੇ ਤੇ ਗਰਮ-ਗਰਮ ਪਾ ਕੇ ਦੇ ਦੇਵਾਂਗੇ।

ਲਗਭਗ ਡੇਢ ਘੰਟੇ ਬਾਅਦ ਮਹਾਰਾਜ ਜੀ ਉਠੇ ਤੇ ਕਮਰੇ ਦਾ ਦਰਵਾਜਾ ਖੋਲਿਆ ਤੇ ਮੈਨੂੰ ਕਿਹਾ, 'ਲਿਆਓ ਮਾਤਾ ਜੀ! ਸਾਡੇ ਲਈ ਰੋਟੀ

ਲੈ ਆਓ।' ਅਸੀਂ ਅਜੇ ਰੋਟੀ ਬਣਾਈ ਨਹੀਂ ਸੀ ਤੇ ਸਬਜੀ ਵੀ ਅਜੇ ਬਣੀ ਨਹੀਂ ਸੀ ਇਸ ਲਈ ਮੈਂ ਮਹਾਰਾਜ ਜੀ ਨੂੰ ਕਿਹਾ ਕਿ ਮਹਾਰਾਜ ਜੀ, ਹੁਣੇ ਬਣਾ ਕੇ ਲਿਆਂਦੀ ਹਾਂ। ਮਹਾਰਾਜ ਜੀ ਨੇ ਕਿਹਾ, 'ਮਾਤਾ ਜੀ! ਡੱਬੇ ਵਿਚ ਤਿੰਨ ਰੋਟੀਆਂ ਹਨ, ਉਹੀ ਲੈ ਆਓ।' ਮੈਂ ਕਿਹਾ ਕਿ ਅਜੇ ਸਬਜੀ ਵੀ ਨਹੀਂ ਬਣੀ ਹੈ। ਉਹਨਾਂ ਕਿਹਾ, 'ਮਾਤਾ ਜੀ! ਸਬਜੀ ਬਣ ਗਈ ਹੈ ਤੇ ਬੜੀ ਸੁਆਦ ਬਣੀ ਹੈ, ਕੌਲੀ ਵਿਚ ਪਾ ਕੇ ਲੈ ਆਓ।' ਡੱਬੇ ਵਿਚ ਸਵੇਰ ਦੇ ਤਿੰਨ ਪਰਾਂਠੇ ਪਏ ਸਨ, ਉਹਨਾਂ ਵਿਚੋਂ ਮੈਂ ਦੋ ਪਰਾਂਠੇ ਤੇ ਕੌਲੀ ਵਿਚ ਸਬਜੀ ਪਾ ਕੇ ਦੇ ਦਿੱਤੀ। ਮਹਾਰਾਜ ਜੀ ਨੇ ਦੋਵੇਂ ਪਰਾਂਠੇ ਖਾ ਕੇ ਤੀਜਾ ਪਰਾਂਠਾ ਵੀ ਮੰਗਵਾ ਲਿਆ ਤੇ ਸਬਜੀ ਵੀ ਹੋਰ ਮੰਗਵਾਈ। ਸਾਰੀ ਸਬਜੀ ਮੁੱਕ ਗਈ। ਮਹਾਰਾਜ ਜੀ ਨੇ ਆਪਣੀ ਕੌਲੀ ਵਿਚ ਥੋੜੀ ਜਿਹੀ ਸਬਜੀ ਛੱਡ ਦਿੱਤੀ ਤੇ ਸਾਨੂੰ ਕਿਹਾ ਕਿ ਇਹ ਸਬਜੀ ਥੋੜੀ-ਥੋੜੀ ਆਪਣੇ ਪਰਿਵਾਰ ਵਿਚ ਸਭ ਨੂੰ ਵੰਡ ਦਿਓ। ਅਸੀਂ ਸਾਰਿਆਂ ਨੇ ਉਹ ਸਬਜੀ ਵੰਡ ਕੇ ਖਾਧੀ। ਫਿਰ ਮਹਾਰਾਜ ਜੀ ਸਾਨੂੰ ਸਾਰਿਆਂ ਨੂੰ ਆਸ਼ੀਰਵਾਦ ਦੇ ਕੇ ਚਲੇ ਗਏ। ਉਸ ਦਿਨ ਤੋਂ ਬਾਅਦ ਮਹਾਰਾਜ ਜੀ ਦੀ ਮੇਰੇ ਪਰਿਵਾਰ ਤੇ ਅਜਿਹੀ ਕਿਰਪਾ ਹੋਈ ਕਿ ਮੇਰੇ ਪਰਿਵਾਰ ਦੀ ਸਿਹਤ ਬਿਲਕੁਲ ਠੀਕ ਹੋ ਗਈ।

ਇਕ ਵਾਰ ਮੈਂ 7 ਦਸੰਬਰ ਦੇ ਭੰਡਾਰੇ ਤੇ ਗਈ ਤਾਂ ਉਥੇ ਮਹਾਰਾਜ ਜੀ ਨੇ ਮੈਨੂੰ ਸੇਵਾ ਦੀ ਡਿਊਟੀ ਦਿੰਦਿਆਂ ਕਿਹਾ ਕਿ ਮਾਤਾ ਜੀ, ਤੁਸੀਂ ਹਫਤੇ ਵਿਚ ਇਕ ਦਿਨ ਸੇਵਾ ਕਰਨੀ ਹੈ ਤੇ ਲਗਾਤਾਰ ਛੇ ਮਹੀਨੇ ਡੇਰੇ ਆਉਣਾ ਹੈ। (ਉਸ ਸਮੇਂ ਤੱਕ ਬਟਾਲਾ ਡੇਰਾ ਬਣ ਗਿਆ ਸੀ) ਮੈਂ ਉਹਨਾਂ ਦੇ ਮੁਖਾਰਵਿੰਦ ਤੋਂ ਮਿਲੀ ਇਹ ਸੇਵਾ ਕਬੂਲ ਕਰ ਲਈ। ਭਾਵੇਂ ਮੇਰੇ ਘਰ ਵਿਚ ਪੈਸਿਆਂ ਦੀ ਤੰਗੀ ਸੀ ਤੇ ਮਹਾਰਾਜ ਜੀ ਨੂੰ ਪਤਾ ਸੀ ਕਿ ਸਾਡਾ ਕਾਰੋਬਾਰ ਬਿਲਕੁਲ ਬੰਦ ਹੈ ਤੇ ਮੇਰੇ ਕੋਲ ਲਗਾਤਾਰ ਛੇ ਮਹੀਨੇ ਤੱਕ ਹਰ ਹਫਤੇ ਡੇਰੇ ਆਉਣ ਲਈ ਪੂਰਾ ਕਿਰਾਇਆ ਵੀ ਨਹੀਂ ਹੈ। ਪਰ ਉਹਨਾਂ ਦੇ ਮੁਖਾਰਵਿੰਦ ਤੋਂ ਮਿਲੀ ਇਸ ਸੇਵਾ ਨੂੰ ਮੈਂ ਮਨ੍ਹਾ ਨਹੀਂ ਕਰ ਸਕੀ।

ਘਰ ਆ ਕੇ ਮੈਂ ਸੋਚਾਂ ਵਿਚ ਪੈ ਗਈ ਕਿ ਕੀ ਕਰਾਂ? ਕਾਫੀ ਦੇਰ ਸੋਚ

ਵਿਚਾਰ ਕਰਕੇ ਮੈਂ ਆਪਣੀ ਧੀ ਨੂੰ ਕਿਹਾ ਕਿ ਮੈਂ ਆਪਣੇ ਘਰ ਦੇ ਭਾਂਡੇ ਵੇਚ ਕੇ ਸੇਵਾ ਲਈ ਜਾਵਾਂਗੀ ਪਰ ਤੂੰ ਆਪਣੇ ਪਿਤਾ ਨੂੰ ਕੁੱਝ ਨਾ ਦਸੀਂ। ਜੇ ਉਹਨਾਂ ਨੂੰ ਪਤਾ ਲਗ ਗਿਆ ਤਾਂ ਉਹ ਮੈਨੂੰ ਘਰੋਂ ਕੱਢ ਦੇਣਗੇ। ਉਂਜ ਤਾਂ ਉਹਨਾਂ ਨੂੰ ਪਤਾ ਨਹੀਂ ਲਗੇਗਾ ਪਰ ਫਿਰ ਵੀ ਜੇ ਉਹ ਭਾਂਡਿਆਂ ਬਾਰੇ ਪੁੱਛਣ ਤਾਂ ਉਹਨਾਂ ਨੂੰ ਆਖ ਦੇਈਂ ਕਿ ਭਾਂਡੇ ਗੁਆਚ ਗਏ, ਨਿਆਣੇ ਗਲੀ ਵਿਚ ਰੋਟੀ ਖਾ ਕੇ ਉਥੇ ਹੀ ਛੱਡ ਦਿੰਦੇ ਹਨ ਤੇ ਕੋਈ ਨਾ ਕੋਈ ਚੁਕ ਕੇ ਲੈ ਜਾਂਦਾ ਹੈ। ਇੰਜ ਮੈਂ ਆਪਣੇ ਘਰ ਦੇ ਭਾਂਡੇ ਵੇਚਣੇ ਸ਼ੁਰੂ ਕਰ ਦਿੱਤੇ। ਪਹਿਲਾਂ ਮੈਂ ਕੌਲੀਆਂ ਵੇਚੀਆਂ, ਫਿਰ ਗਿਲਾਸ ਵੇਚੇ, ਉਸ ਤੋਂ ਬਾਅਦ ਥਾਲ ਵੇਚੇ। ਉਹਨਾਂ ਭਾਂਡਿਆਂ ਦੇ ਬਦਲੇ ਮੈਂ ਚੀਨੀ ਦੇ ਸਸਤੇ ਭਾਂਡੇ ਖਰੀਦ ਲਏ ਤੇ ਜਿਹੜੇ ਵਾਧੂ ਪੈਸੇ ਬਚਦੇ ਸਨ ਉਸ ਦਾ ਕਿਰਾਇਆ ਲਾ ਕੇ ਮੈਂ ਹਰ ਹਫਤੇ ਡੇਰੇ ਸੇਵਾ ਕਰਨ ਲਈ ਜਾਂਦੀ ਰਹੀ।

ਮੇਰੇ ਪਤੀ ਨੂੰ ਜਦੋਂ ਚੀਨੀ ਦੇ ਭਾਂਡਿਆਂ ਵਿਚ ਰੋਟੀ ਦਿੰਦੇ ਤੇ ਉਹ ਪਹਿਲਾਂ ਵਾਲੇ ਭਾਂਡਿਆਂ ਬਾਰੇ ਪੁੱਛਦੇ ਤਾਂ ਮੈਂ ਇਹੋ ਆਖਦੀ ਕਿ ਭਾਂਡੇ ਗੁਆਚ ਗਏ ਹਨ। ਇਸੇ ਤਰ੍ਹਾਂ ਛੇ ਮਹੀਨੇ ਲੰਘ ਗਏ। ਘਰ ਵਿਚ ਇਕ ਪਤੀਲਾ ਹੀ ਬਚਿਆ ਤਾਂ ਮੈਂ ਉਹ ਵੇਚ ਕੇ ਬਦਲੇ ਵਿਚ ਮਿੱਟੀ ਦੀ ਤੌੜੀ ਲੈ ਆਈ। ਦੂਜੇ ਦਿਨ ਮੇਰੀ ਸੇਵਾ ਦਾ ਅਖੀਰਲਾ ਹਫਤਾ ਸੀ ਤੇ ਮੈਂ ਸੇਵਾ ਲਈ ਡੇਰੇ ਗਈ। ਜਦੋਂ ਮੈਂ ਡੇਰੇ ਪਹੁੰਚੀ ਤਾਂ ਮੈਨੂੰ ਵੇਖ ਕੇ ਮਹਾਰਾਜ ਜੀ ਨੇ ਕਿਹਾ, 'ਮਾਤਾ ਜੀ! ਹੁਣ ਕੀ ਕਰੋਗੇ? ਹੁਣ ਤਾਂ ਪਤੀਲਾ ਵੀ ਵਿਕ ਗਿਆ।' ਮੈਂ ਕਿਹਾ ਕਿ ਫਿਰ ਕੀ ਹੋਇਆ ਜੇ ਪਤੀਲਾ ਵਿਕ ਗਿਆ। ਮਿੱਟੀ ਦੀ ਤੌੜੀ ਹੈ ਉਸੇ ਵਿਚ ਹੀ ਚਾਹ ਤੇ ਸਬਜੀ ਬਣਾ ਲਿਆ ਕਰਾਂਗੇ। ਮੇਰੀ ਗੱਲ ਸੁਣ ਕੇ ਉਹਨਾਂ ਨੇ ਮੈਨੂੰ ਗੱਲ ਨਾਲ ਲਾ ਲਿਆ ਤੇ ਕਿਹਾ, 'ਮਾਤਾ ਜੀ! ਆਉਣ ਵਾਲੇ ਸਮੇਂ ਵਿਚ ਤੁਹਾਡੇ ਕੋਲ ਇੰਨੇ ਭਾਂਡੇ ਹੋਣਗੇ ਕਿ ਤੁਸੀਂ ਗਿਣ ਨਹੀਂ ਸਕੋਗੇ। ਭਾਂਡੇ ਰੱਖ ਕੇ ਭੁੱਲ ਜਾਇਆ ਕਰੋਗੇ।'

ਅੱਜ ਉਹਨਾਂ ਦੀ ਕਹੀ ਇਕ-ਇਕ ਗੱਲ ਸੱਚ ਹੋ ਰਹੀ ਹੈ। ਅੱਜ ਮੇਰੇ ਘਰ ਭਾਂਡਿਆਂ ਦੇ ਟੋਕਰੇ ਭਰੇ ਪਏ ਹਨ। ਜੇ ਕੋਈ ਭਾਂਡਾ ਗੁਆਚ ਵੀ

ਜਾਂਦਾ ਹੈ ਤਾਂ ਮੈਨੂੰ ਪਤਾ ਨਹੀਂ ਲਗਦਾ। ਭਾਂਡੇ ਤਾਂ ਕੀ ਅੱਜ ਮਹਾਰਾਜ ਜੀ ਦੀ ਕਿਰਪਾ ਨਾਲ ਮੇਰੇ ਘਰ ਵਿਚ ਕਿਸੇ ਚੀਜ਼ ਦੀ ਵੀ ਕਮੀ ਨਹੀਂ ਹੈ। ਜੋ ਜੋ ਉਹਨਾਂ ਨੇ ਵਚਨ ਕੀਤੇ ਉਹ ਸਾਰੇ ਪੂਰੇ ਹੋਏ ਹਨ। ਉਹਨਾਂ ਦੀ ਕਿਰਪਾ-ਰਹਿਮਤ ਅੱਜ ਵੀ ਮੇਰੇ ਘਰ ਤੇ ਬਣੀ ਹੋਈ ਹੈ।

ਦਾਸ ਪੁਸ਼ਪਾ

(ਲੁਧਿਆਣਾ, ਪੰਜਾਬ)

## ਆਪਣੀ ਪ੍ਰਸਿੱਧੀ ਤੋਂ ਗੁਰੇਜ਼ ਕਰਨਾ

ਲੰਦਨ ਵਿਚ ਇਕ ਅਖ਼ਬਾਰ ਦਾ ਕਾਨੂੰਨੀ ਸਲਾਹਕਾਰ ਜੌਨ ਕੈਨਜ਼ਿਟ ਆਪਣੀ ਬੀਮਾਰੀ ਕਰਕੇ ਬਹੁਤ ਪਰੇਸ਼ਾਨ ਸੀ। ਡਾਕਟਰਾਂ ਨੇ ਉਸ ਨੂੰ ਦੱਸਿਆ ਸੀ ਕਿ ਉਸਦੇ ਦਿਲ ਦੀਆਂ ਤਿੰਨ ਨਸਾਂ ਬੰਦ ਹੋ ਗਈਆਂ ਹਨ ਤੇ ਇਸ ਕਰਕੇ ਉਸ ਨੂੰ ਕਿਸੇ ਵੀ ਸਮੇਂ ਦਿਲ ਦਾ ਦੌਰਾ ਪੈ ਸਕਦਾ ਹੈ। ਉਸਦੀ ਕਿਤੇ ਚੰਗੀ ਕਿਸਮਤ ਸੀ ਕਿ ਉਸਨੂੰ ਮਹਾਰਾਜ ਦਰਸ਼ਨ ਦਾਸ ਕੀ ਬਾਰੇ ਪਤਾ ਲੱਗਿਆ ਕਿ ਬਰਮਿੰਘਮ ਵਿਚ ਇਕ ਸੰਤ ਹਨ ਜੋ ਆਪਣੀ ਰੱਬੀ ਤਾਕਤ ਨਾਲ ਦੁਨੀਆ ਦੀਆਂ ਦੁੱਖ-ਤਕਲੀਫਾਂ ਦੂਰ ਕਰਦੇ ਹਨ।

ਆਪਣੇ ਠੀਕ ਹੋਣ ਦੀ ਉੱਮੀਦ ਲੈ ਕੇ ਜੌਨ ਕੈਨਜ਼ਿਟ ਲੰਦਨ ਤੋਂ ਬਰਮਿੰਘਮ ਪਹੁੰਚਿਆ। ਉਸ ਦਿਨ ਵੀਰਵਾਰ ਸੀ ਅਤੇ ਵੀਰਵਾਰ ਵਾਲੇ ਦਿਨ ਡੇਰੇ ਵਿਚ ਛੁੱਟੀ ਹੁੰਦੀ ਸੀ। ਉਸ ਦਿਨ ਮਹਾਰਾਜ ਜੀ ਜਾਂ ਤਾਂ ਸੰਗਤ ਦੇ ਕਿਸੇ ਜੀਵ ਦੇ ਘਰ ਜਾਂਦੇ ਸੀ ਜਾਂ ਫਿਰ ਆਪਣੇ ਜਰੂਰੀ ਕੰਮ ਕਰਦੇ ਸੀ। ਉਸ ਦਿਨ ਡੇਰੇ ਵਿਚ ਨਾ ਤਾਂ ਸਤਸੰਗ-ਕੀਰਤਨ ਹੁੰਦਾ ਦੇ ਨਾ ਹੀ ਸੰਗਤ ਨਾਲ ਗੱਲਬਾਤ ਹੁੰਦੀ। ਜੌਨ ਕੈਨਜ਼ਿਟ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਵੀਰਵਾਰ ਨੂੰ ਮਹਾਰਾਜ ਜੀ ਸੰਗਤ ਦੇ ਕਿਸੇ ਜੀਵ ਨਾਲ ਗੱਲਬਾਤ ਨਹੀਂ ਕਰਦੇ। ਉਹ ਵੀਰਵਾਰ ਵਾਲੇ ਦਿਨ ਬਰਮਿੰਘਮ ਡੇਰੇ ਪਹੁੰਚਿਆ ਤੇ ਡੇਰੇ ਵਿਚ ਪੁੱਛਤਾਛ ਦੇ ਦਫ਼ਤਰ ਜਾ ਕੇ ਉਥੇ ਬੈਠੇ ਸੇਵਕ ਨੂੰ ਕਿਹਾ ਕਿ ਮੈਂ ਮਹਾਰਾਜ ਜੀ ਨੂੰ ਮਿਲਣਾ ਹੈ। ਪੁੱਛਤਾਛ ਦਫ਼ਤਰ 'ਚ ਬੈਠੇ ਸੇਵਕ ਨੇ ਉਸ ਨੂੰ ਪੁੱਛਿਆ ਕਿ ਕੀ ਤੁਸੀਂ ਮਹਾਰਾਜ ਜੀ ਨੂੰ ਮਿਲਣ ਦਾ ਸਮਾਂ ਲਿਆ ਹੈ? ਉਸਨੇ ਕਿਹਾ ਕਿ ਨਹੀਂ। ਸੇਵਕ ਨੇ ਉਸਨੂੰ ਕਿਹਾ ਕਿ ਫਿਰ ਅੱਜ ਤੁਹਾਡੀ ਮਹਾਰਾਜ ਜੀ ਨਾਲ ਮੁਲਾਕਾਤ ਨਹੀਂ ਹੋ ਸਕਦੀ। ਤੁਸੀਂ ਇਹ ਫੋਨ ਨੰਬਰ ਲੈ ਲਓ ਤੇ ਇਸ ਨੰਬਰ ਤੇ ਮਹਾਰਾਜ ਜੀ ਦੇ ਸਕੱਤਰ ਨਾਲ ਗੱਲ ਕਰਕੇ ਤੇ ਸਮਾਂ ਲੈ ਕੇ ਫਿਰ ਕਿਸੇ ਦਿਨ ਆਉਣਾ। ਜੌਨ ਨੇ ਕਿਹਾ ਕਿ ਮੈਂ ਤੁਹਾਡੀ ਗੱਲ ਸਮਝਦਾ ਹਾਂ ਪਰ ਮੈਂ ਬੜੀ ਦੂਰੋਂ ਆਇਆ ਹਾਂ। ਜੇ ਤੁਸੀਂ ਮਹਾਰਾਜ

ਜੀ ਨੂੰ ਸੁਨੇਹਾ ਦੇ ਦਓ ਤਾਂ ਮੈਨੂੰ ਕੁੱਝ ਤਸੱਲੀ ਹੋ ਜਾਏਗੀ। ਜੇ ਉਹ ਮਿਲਣ ਲਈ ਮਨ੍ਹਾ ਕਰ ਦੇਣ ਤਾਂ ਮੈਂ ਫਿਰ ਕਿਸੇ ਦਿਨ ਆ ਜਾਵਾਂਗਾ।

ਪੁੱਛਤਾਛ ਦਫ਼ਤਰ ਵਿਚ ਬੈਠੇ ਸੇਵਕ ਨੇ ਇੰਟਰਕਾਮ ਨਾਲ ਮਹਾਰਾਜ ਜੀ ਦੇ ਦਫ਼ਤਰ ਵਿਚ ਫੋਨ ਕੀਤਾ ਤੇ ਉਹਨਾਂ ਨੂੰ ਜੌਨ ਬਾਰੇ ਦੱਸਿਆ। ਮਹਾਰਾਜ ਜੀ ਨੇ ਸੇਵਕ ਨੂੰ ਕਿਹਾ ਕਿ ਜੌਨ ਨੂੰ ਸਾਡੇ ਦਫ਼ਤਰ ਵਿਚ ਭੇਜ ਦਿਓ। ਜਦੋਂ ਜੌਨ ਮਹਾਰਾਜ ਜੀ ਦੇ ਦਫ਼ਤਰ ਪੁਜਿਆ ਤਾਂ ਮਹਾਰਾਜ ਜੀ ਨੇ ਹੱਸ ਕੇ ਉਹਦੇ ਵੱਲ ਤੱਕਿਆ ਤੇ ਆਪਣੇ ਸਕੱਤਰ ਨੂੰ ਕਿਹਾ ਕਿ ਇਹਦੇ ਨਾਲ ਗੱਲ ਕਰਕੇ ਦੱਸੋ ਕਿ ਇਹ ਕੀ ਚਾਹੁੰਦਾ ਹੈ? ਭਾਵੇਂ ਮਹਾਰਾਜ ਜੀ ਲਈ ਕਿਸੇ ਵੀ ਬੋਲੀ ਨੂੰ ਸਮਝਣਾ ਜਾਂ ਬੋਲਣਾ ਕੋਈ ਔਖਾ ਨਹੀਂ ਸੀ ਪਰ ਸੰਤ-ਮਹਾਤਮਾ ਦੂਜਿਆਂ ਨੂੰ ਵਡਿਆਈ ਦਿੰਦੇ ਹਨ। ਸਕੱਤਰ ਦੇ ਪੁੱਛਣ ਤੇ ਉਸਨੇ ਕਿਹਾ ਕਿ ਹੋਲੀ ਮਾਸਟਰ (ਮਹਾਰਾਜ ਜੀ), ਡਾਕਟਰਾਂ ਦਾ ਕਹਿਣਾ ਹੈ ਕਿ ਮੇਰੇ ਦਿਲ ਦੀਆਂ ਤਿੰਨ ਨਸਾਂ ਬੰਦ ਹੋ ਗਈਆਂ ਹਨ ਤੇ ਮੈਨੂੰ ਕਿਸੇ ਵੀ ਸਮੇਂ ਦਿਲ ਦਾ ਦੌਰਾ ਪੈ ਸਕਦਾ ਹੈ। ਇਸ ਲਈ ਡਾਕਟਰਾਂ ਨੇ ਮੈਨੂੰ ਆਪਰੇਸ਼ਨ ਕਰਵਾਉਣ ਲਈ ਕਿਹਾ ਹੈ ਪਰ ਮੈਂ ਆਪਰੇਸ਼ਨ ਕਰਵਾਉਣ ਤੋਂ ਡਰਦਾ ਹਾਂ ਕਿਉਂਕਿ ਇਸ ਨਾਲ ਮੇਰੀ ਮੌਤ ਹੋਣ ਦਾ ਵੀ ਡਰ ਹੈ। ਮੈਂ ਆਪ ਜੀ ਦੀ ਸੋਭਾ ਸੁਣ ਕੇ ਆਇਆ ਹਾਂ। ਮੈਨੂੰ ਪੂਰਾ ਭਰੋਸਾ ਹੈ ਕਿ ਜੇ ਤੁਸੀਂ ਇਕ ਵਾਰ ਆਪਣੇ ਮੂੰਹੋਂ ਕਹਿ ਦਿਓਗੇ ਤਾਂ ਮੈਂ ਠੀਕ ਹੋ ਜਾਵਾਂਗਾ ਤੇ ਮੈਨੂੰ ਆਪਰੇਸ਼ਨ ਦੀ ਲੋੜ ਨਹੀਂ ਪੈਣੀ।

ਮਹਾਰਾਜ ਜੀ ਨੇ ਕਿਹਾ ਕਿ ਅਸੀਂ ਸਾਰੀ ਗੱਲ ਸਮਝ ਗਏ ਫਿਰ ਮਹਾਰਾਜ ਜੀ ਉਹਦੇ ਨਾਲ ਅੰਗਰੇਜੀ ਵਿਚ ਹੀ ਗੱਲ ਕਰਨ ਲੱਗੇ ਮਹਾਰਾਜ ਜੀ ਨੇ ਪੁੱਛਿਆ ਕਿ ਜੌਨ ਕੀ ਤੈਨੂੰ ਪੱਕਾ ਯਕੀਨ ਹੈ ਕਿ ਮੈਂ ਤੈਨੂੰ ਠੀਕ ਕਰ ਸਕਦਾ ਹਾਂ? ਜੌਨ ਨੇ ਹੱਥ ਜੋੜ ਕੇ ਕਿਹਾ ਕਿ ਹਜ਼ੂਰ, ਮੈਂ ਸੁਣਿਆ ਸੀ ਕਿ ਆਪ ਜੀ ਦੁਨੀਆ ਦੇ ਦੁੱਖ ਦੂਰ ਕਰਦੇ ਹੋ ਪਰ ਅੱਜ ਤੁਹਾਨੂੰ ਮਿਲ ਕੇ ਤੇ ਤੁਹਾਡਾ ਰੂਪ ਵੇਖ ਕੇ ਮੈਨੂੰ ਪੱਕਾ ਯਕੀਨ ਹੋ ਗਿਆ ਹੈ ਕਿ ਜੇ ਤੁਸੀਂ ਕਹਿ ਦਿਓਗੇ ਕਿ ਮੈਂ ਠੀਕ ਹੋ ਜਾਵਾਂਗਾ ਤਾਂ ਮੈਂ ਪੱਕਾ ਠੀਕ ਹੋ ਜਾਣਾ ਹੈ ਮਹਾਰਾਜ

ਜੀ ਨੇ ਮੁਸਕੁਰਾ ਕੇ ਉਸ ਨੂੰ ਕਿਹਾ ਕਿ ਜੌਨ ਜੇ ਤੈਨੂੰ ਮੇਰੇ ਤੇ ਇੰਨਾ ਭਰੋਸਾ ਹੈ ਤਾਂ ਤੂੰ ਅੱਜ ਤੋਂ ਹੀ ਠੀਕ ਹੋਣਾ ਸ਼ੁਰੂ ਹੋ ਜਾਏਂਗਾ। ਫਿਰ ਮਹਾਰਾਜ ਜੀ ਨੇ ਇਕ ਬਦਾਮ ਤੇ ਦੋ ਮਿਸਰੀ ਦੇ ਦਾਣੇ ਉਸ ਦੇ ਹੱਥ ਤੇ ਰੱਖੇ ਤੇ ਕਿਹਾ ਕਿ ਇਹ ਖਾ ਲਓ ਤੇ ਕੱਲ੍ਹ ਸਵੇਰੇ ਜਾ ਦੇ ਚੈਕ ਕਰਵਾ ਲੈਣਾ ਤੇ ਰਿਪੋਰਟ ਲੈ ਕੇ ਮੇਰੇ ਕੋਲ ਆਉਣਾ। ਮੇਰਾ ਦਾਵਾ ਹੈ ਕਿ ਟੈਸਟ ਵਿਚ ਤੁਹਾਡੀਆਂ ਨਸਾਂ ਖੁੱਲੀਆਂ ਮਿਲਣਗੀਆਂ। ਅੱਜ ਤੋਂ ਮੈਂ ਤੁਹਾਡੀ ਬੀਮਾਰੀ ਖ਼ਤਮ ਕਰ ਦਿੱਤੀ ਹੈ। ਭਵਿੱਖ ਵਿਚ ਮੀਟ ਤੇ ਅੰਡਾ ਨਹੀਂ ਖਾਣਾ ਤੇ ਨਾ ਹੀ ਸ਼ਰਾਬ ਪੀਣਾ ਅਤੇ ਹਰ ਵੇਲੇ ਰੱਬ ਨੂੰ ਚੇਤੇ ਰੱਖਣਾ।

ਪ੍ਰਸਾਦ ਖਾਂਦੇ ਹੀ ਜੌਨ ਨੂੰ ਮਹਿਸੂਸ ਹੋਇਆ ਜਿਵੇਂ ਉਸ ਨੂੰ ਅਰਾਮ ਆ ਰਿਹਾ ਹੈ। ਦੂਜੇ ਦਿਨ ਉਸਨੇ ਟੈਸਟ ਕਰਵਾਏ ਤਾਂ ਡਾਕਟਰ ਵੀ ਹੈਰਾਨ ਹੋ ਗਏ ਕਿ ਅਜਿਹੀ ਬੀਮਾਰੀ ਜਿਸਦਾ ਇਲਾਜ ਸਿਰਫ਼ ਆਪਰੇਸ਼ਨ ਹੈ, ਉਹ ਇਕ ਦਿਨ ਵਿਚ ਕਿਵੇਂ ਠੀਕ ਹੋ ਸਕਦੀ ਹੈ।

ਜਿਸ ਅਖ਼ਬਾਰ ਵਿਚ ਜੌਨ ਕੰਮ ਕਰਦਾ ਸੀ, ਉਸਨੇ ਉਸ ਵਿਚ ਮਹਾਰਾਜ ਜੀ ਬਾਰੇ ਇਕ ਲੇਖ ਛਾਪਿਆ। ਜਦੋਂ ਮਹਾਰਾਜ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਉਸਨੂੰ ਬਹੁਤ ਗੁੱਸਾ ਕੀਤਾ ਤੇ ਕਿਹਾ ਕਿ ਤੈਨੂੰ ਅਖ਼ਬਾਰ ਵਿਚ ਸਾਡਾ ਪਰਚਾਰ ਨਹੀਂ ਕਰਨਾ ਚਾਹੀਦਾ ਸੀ। ਅਸੀਂ ਕੋਈ ਦੁਕਾਨ ਖੋਲ੍ਹ ਕੇ ਨਹੀਂ ਬੈਠੇ। ਤੂੰ ਤਾਂ ਰੱਬ ਦੀ ਕਿਰਪਾ ਨਾਲ ਅਤੇ ਆਪਣੇ ਪੱਕੇ ਯਕੀਨ ਨਾਲ ਠੀਕ ਹੋਇਆ ਹੈਂ। ਧਿਆਨ ਰਹੇ ਕਿ ਅੱਗੇ ਤੋਂ ਅਜਿਹਾ ਕੰਮ ਨਹੀਂ ਕਰਨਾ ਕਿਉਂਕਿ ਅਸੀਂ ਲੋਕਾਂ ਦੀਆਂ ਬੀਮਾਰੀਆਂ ਠੀਕ ਕਰਨ ਲਈ ਨਹੀਂ ਆਏ ਸਗੋਂ ਅਸੀਂ ਤਾਂ ਰੱਬ ਦੇ ਨਾਮ ਨਾਲ ਲੋਕਾਂ ਨੂੰ ਜੋੜਨਾ ਹੈ। ਪੂਰਨ-ਸੰਤ ਦੁਨੀਆ ਨੂੰ ਦੇਣ ਲਈ ਆਉਂਦੇ ਹਨ ਆਪਣੀ ਪ੍ਰਸਿੱਧੀ ਕਰਵਾਉਣ ਲਈ ਨਹੀਂ।

ਹਜ਼ੂਰੀ ਚਾਲਕ, ਦਾਸ ਪ੍ਰੀਤਮ
(ਇੰਗਲੈਂਡ)

ਸਚਖੰਡ ਨਾਨਕ ਧਾਮ

ਇੰਦਰਾ ਪੂਰੀ, ਲੋਨੀ

ਜ਼ਿਲ੍ਹਾ ਗਾਜ਼ੀਆਬਾਦ, ਉਤਰ ਪ੍ਰਦੇਸ਼